Space for Available for Advertising

WWW.PREETNEWS.COM
WWW.PREETNAMA.COM

preetnamausa@gmail.com

ਨਿਊਯਾਰਕ
ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ
ਖਰਾ ਸੱਚ
Online and Print Media +1 201-312-4180 +1 917-328-8436

ਇਸ ਦੁਨੀਆ ਵਿਚ ਜੇਕਰ ਕਿਸੇ ਦਾ ਵਿਸ਼ਵਾਸ ਕਰਨਾ ਹੈ ਤਾਂ ਆਪਣੇ ਮਾਂ ਬਾਪ ਦਾ ਕਰੋ, ਜੋ ਤੁਹਾਨੂੰ ਕਦੇ ਵੀ ਧੋਖਾ ਨਹੀਂ ਦਿੰਦੇ

ਪ੍ਰਿਤਪਾਲ ਕੌਰ ਪ੍ਰੀਤ
Preetnamausa@gmail.com

ਸਾਲ 4, ਅੰਕ 230, ਮਿਤੀ : 08 ਤੋਂ 14 ਦਸੰਬਰ 2023 ਵੈਬਸਾਈਟ : www.preetnama.com, www.preetnews.com ਈਮੇਲ preetnamausa@gmail.com

# ਗੁਰਪਤਵੰਤ ਪੰਨੂ ਦੇ ਕਤਲ ਦੀ ਸਾਜ਼ਿਸ਼ ਦੇ ਮਾਮਲੇ 'ਚ ਹੁਣ ਅਮਰੀਕਾ ਨੂੰ ਇਸ ਗੱਲ ਦਾ ਇੰਤਜ਼ਾਰ ਹੈ



# ਜੈਸ਼ੰਕਰ ਅਤੇ ਫ਼ਾਈਨਰ ਵਿਚਾਲੇ ਕੀ ਗੱਲ ਹੋਈ

ਐੱਸ ਜੈਸ਼ੰਕਰ ਨੇ ਸੋਸ਼ਲ ਮੀਡੀਆ ਪਲੈਟਫਾਰਮ ਐਕਸ ਉੱਤੇ ਲਿਖਿਆ, ਅਮਰੀਕਾ ਦੇ ਪ੍ਰਿੰਸੀਪਲ ਡਿਪਟੀ ਐਨਐੱਸਏ ਨਾਲ ਮਿਲਕੇ ਚੰਗਾ ਲੱਗਾ, ਵਿਸ਼ਵ ਪੱਧਰ ਉੱਤੇ ਸਥਿਤੀ ਉੱਤੇ ਅਹਿਮ ਵਿਚਾਰ ਸਾਂਝੇ ਕੀਤੇ। ਦੋਵਾਂ ਦੇ ਵਿੱਚ ਸਹਿਯੋਗ ਵਧਾਉਣ 'ਤੇ ਵੀ ਚਰਚਾ ਹੋਈ।

ਹਿੰਦੁਸਤਾਨ ਟਾਈਮਜ਼ ਦੀ ਇੱਕ ਖ਼ਬਰ ਦੇ ਮੁਤਾਬਕ ਜੋਨਾਥਨ ਫ਼ਾਈਨਰ ਨੇ ਦੋਵਾਂ ਦੇਸਾਂ ਦੇ ਵਿੱਚ ਵਿਵਾਦ ਦਾ ਜ਼ਿਕਰ ਕੀਤੇ ਬਗੈਰ ਇਹ ਮੰਨਿਆ ਕਿ ਪਹਿਲਾਂ ਦੋਵਾਂ ਦੇਸਾਂ ਦੇ ਰਿਸ਼ਤਿਆਂ ਵਿੱਚ ਉਲਝਣਾਂ ਆਈਆਂ ਹਨ ਪਰ ਦੋਵੇਂ ਦੇਸ ਕਈ ਮੁੱਦਿਆਂ ਉੱਤੇ ਸਹਿਮਤ ਵੀ ਹੋਏ ਹਨ।

ਫ਼ਾਈਨਰ ਨੇ ਕਿਹਾ ਕਿ ਦੋਵਾਂ ਦੇਸਾਂ ਦੀ ਸਾਰੇ ਮੁੱਦਿਆਂ ਉੱਤੇ ਇੱਕੋ ਰਾਇ ਨਹੀਂ ਹੋ ਸਕਦੀ, ਮੌਜੂਦਾ ਸਮੇਂ ਤੱਕ ਕਈ ਮਸਲੇ ਬਣੇ ਹੋਏ ਹਨ। ਪਰ ਦੋਵੇਂ ਦੇਸ ਇਨ੍ਹਾਂ ਅਸਹਿਮਤੀਆਂ 'ਤੇ ਇਸ ਤਰੀਕੇ ਕੰਮ ਕਰਾਂਗੇ ਤਾਂ ਜੋ ਸਹਿਯੋਗ ਪ੍ਰਭਾਵਿਤ ਨਾ ਹੋਵੇ।

ਭਾਰਤ ਨੇ 30 ਨਵੰਬਰ ਨੂੰ ਇੱਕ ਭਾਰਤੀ ਅਧਿਕਾਰੀ ਨੂੰ ਸਿੱਖ ਆਗੂ ਗੁਰਪਤਵੰਤ ਸਿੰਘ ਪੰਨੂ ਦੇ ਕਤਲ ਦੀ ਸਾਜਿਸ਼ ਕਰਨ ਵਾਲੇ ਮੁਲਜ਼ਮ ਨਾਲ ਜੋੜਨ ਨੂੰ ਚਿੰਤਾ ਦਾ ਵਿਸ਼ਾ ਦੱਸਿਆ ਸੀ।

ਭਾਰਤ ਨੇ ਇਨ੍ਹਾਂ ਇਲਜ਼ਾਮਾਂ ਦੀ ਜਾਂਚ ਦੇ ਲਈ ਇੱਕ ਕਮੇਟੀ ਦਾ ਗਠਨ ਕੀਤਾ ਹੈ ਅਤੇ ਇਹ ਵੀ ਕਿਹਾ ਹੈ ਕਿ ਅੱਗੇ ਦੀ ਕਾਰਵਾਈ ਇਲਜ਼ਾਮਾਂ ਦੀ ਜਾਂਚ ਕਰ ਰਹੀ ਟੀਮ ਦੇ ਵੱਲੋਂ ਕੱਢੇ ਗਏ ਸਿੱਟਿਆਂ ਦੇ ਅਧਾਰ 'ਤੇ ਕੀਤੀ ਜਾਵੇਗੀ।

ਭਾਰਤ ਦੌਰੇ 'ਤੇ ਆਏ ਅਮਰੀਕਾ ਦੇ ਡਿਪਟੀ ਰਾਸ਼ਟਰੀ ਸੁਰੱਖਿਆ ਸਲਾਹਕਾਰ ਜੋਨਾਥਨ ਫਾਈਨਰ ਨੇ ਭਾਰਤੀ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਅਤੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਨਾਲ ਮੁਲਾਕਾਤ ਕੀਤੀ।

ਦੋਵੇਂ ਦੇਸਾਂ ਦੇ ਉੱਚ ਅਧਿਕਾਰੀਆਂ ਦੀ ਇਹ ਮੁਲਾਕਾਤ ਉਸ ਸਮੇਂ ਹੋਈ ਹੈ ਜਦੋਂ ਅਮਰੀਕਾ ਨੇ ਇੱਕ ਸਿੱਖ ਵੱਖਵਾਦੀ ਨੂੰ ਮਾਰਨ ਦੀ ਸਾਜਿਸ਼ ਨੂੰ ਨਾਕਾਮ ਕਰਨ ਦਾ ਦਾਅਵਾ ਕੀਤਾ ਹੈ।

ਅਮਰੀਕਾ ਨੇ ਇਸ ਮਾਮਲੇ ਵਿੱਚ ਨਿਖਿਲ ਗੁਪਤਾ ਨਾਂ ਦੇ ਇੱਕ ਭਾਰਤੀ ਨਾਗਰਿਕ ਨੂੰ ਗ੍ਰਿਫ਼ਤਾਰ ਵੀ ਕੀਤਾ ਹੈ।

ਅਮਰੀਕਾ ਨੇ ਇਹ ਵੀ ਇਲਜ਼ਾਮ ਲਾਏ ਸਨ ਕਿ ਨਿਖਿਲ ਗੁਪਤਾ ਭਾਰਤ ਸਰਕਾਰ ਦੇ ਇੱਕ ਅਫ਼ਸਰ ਦੇ ਹੁਕਮਾਂ 'ਤੇ ਕੰਮ ਕਰ ਰਿਹਾ ਸੀ।

ਭਾਰਤ ਨੇ ਅਮਰੀਕਾ ਤੋਂ ਇਸ ਮਾਮਲੇ ਬਾਰੇ ਜਾਣਕਾਰੀ ਮਿਲਣ ਦੀ ਗੱਲ ਪ੍ਰਵਾਨ ਕੀਤੀ ਸੀ।

ਭਾਰਤ ਨੇ ਇਸ ਦੀ ਜਾਂਚ ਦੇ ਲਈ ਇੱਕ ਉੱਚ ਪੱਧਰੀ ਜਾਂਚ ਕਮੇਟੀ ਵੀ ਗਠਿਤ ਕੀਤੀ ਹੈ।

ਵਿਦੇਸ਼ ਮੰਤਰਾਲੇ ਨੇ ਕਿਹਾ, ਗੱਲਬਾਤ ਦੇ ਦੌਰਾਨ ਦੋਵਾਂ ਦੇਸਾਂ ਦੇ ਰਾਸ਼ਟਰੀ ਸੁਰੱਖਿਆ ਉੱਪ ਸਲਾਹਕਾਰਾਂ ਨੇ ਮੁੱਖ ਦੁਵੱਲੇ ਮੁੱਦਿਆਂ ਦੀ ਸਮੀਖਿਆ ਕੀਤੀ, ਇਸ ਮੌਕੇ ਦੋਵਾਂ ਨੇ ਖ਼ੇਤਰੀ ਅਤੇ ਸੰਸਾਰ ਪੱਧਰ ਦੇ ਘਟਨਾਕ੍ਰਮਾਂ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ।

ਵਿਦੇਸ਼ ਮੰਤਰਾਲੇ ਨੇ ਵੀ ਇਹ ਜਾਣਕਾਰੀ ਦਿੱਤੀ ਹੈ ਕਿ ਫਾਈਨਰ ਹੁਣ ਵਿਦੇਸ਼ ਸਕੱਤਰ ਵਿਨੈ ਕਵਾਤਰਾ ਨਾਲ ਵੀ ਮੁਲਾਕਾਤ ਕਰਨਗੇ।ਫਾਈਨਰ ਦੀਆਂ ਜੈਸ਼ੰਕਰ ਅਤੇ ਡੋਵਾਲ ਦੇ ਨਾਲ ਹੋਈਆਂ ਵੱਖ-ਵੱਖ ਮੁਲਾਕਾਤਾਂ ਦੇ ਦੌਰਾਨ ਸਿੱਖ ਵੱਖਵਾਦੀ ਆਗੂ ਨਾਲ ਜੁੜਿਆ ਮੁੱਦਾ ਵੀ ਉੱਠਿਆ।

ਵ੍ਹਾਈਟ ਹਾਊਸ ਦੇ ਵੱਲੋਂ ਜਾਰੀ ਕੀਤੇ ਗਏ ਬਿਆਨ ਵਿੱਚ ਵੀ ਇਸਦੀ ਪੁਸ਼ਟੀ ਕੀਤੀ ਗਈ ਹੈ ਕਿ ਦੋਵਾਂ ਦੇਸਾਂ ਦੇ ਆਗੂਆਂ ਦੇ ਵਿੱਚ ਸਿੱਖ ਵੱਖਵਾਦੀ ਆਗੂ ਦੇ ਕਤਲ ਦੇ ਮੁੱਦੇ ਉੱਤੇ ਗੱਲਬਾਤ ਹੋਈ।

ਭਾਰਤ ਨੇ ਅਮਰੀਕੀ ਅਧਿਕਾਰੀ ਨੂੰ ਦੱਸਿਆ ਕਿ ਮਾਮਲੇ ਦੀ ਜਾਂਚ ਉੱਚੇ ਪੱਧਰ 'ਤੇ ਹੋ ਰਹੀ ਹੈ।

ਇਸ ਬਾਰੇ ਅਮਰੀਕਾ ਦੇ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਭਾਰਤ ਮਾਮਲੇ ਦੀ ਜਾਂਚ ਕਰ ਰਿਹਾ ਹੈ ਅਤੇ ਸਾਨੂੰ ਜਲਦੀ ਇਸ ਦੇ ਨਤੀਜੇ ਆਉਣ ਦੀ ਉਮੀਦ ਹੈ।

ਅਮਰੀਕੀ ਵਿਦੇਸ਼ ਮੰਤਰਾਲੇ ਦੇ ਬੁਲਾਰੇ, ਮੈਥਿਊ ਮਿਲਰ ਨੇ ਕਿਹਾ, ਅਸੀਂ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਅਸੀਂ ਸਰਹੱਦ ਪਾਰ ਜਾ ਕੇ ਅਜਿਹਾ ਜਬਰ ਕੀਤੇ ਜਾਣ ਦੇ ਖ਼ਿਲਾਫ਼ ਹਾਂ, ਚਾਹੇ ਇਹ ਕਿਸੇ ਵੀ ਹਿੱਸੇ ਵਿੱਚ ਹੋਵੇ ਜਾਂ ਕੋਈ ਵੀ ਕਰੇ। ਇਹ ਸਿਰਫ਼ ਭਾਰਤ ਨਾਲ ਜੁੜਿਆ ਨਹੀਂ ਹੈ, ਬਲਕਿ ਦੁਨੀਆਂ ਦੇ ਕਿਸੇ ਵੀ ਦੇਸ ਦੇ ਲਈ ਇਹੀ ਨੀਤੀ ਹੈ।

ਹਾਲਾਂਕਿ ਇਸ ਮਾਮਲੇ ਵਿੱਚ ਹੋਰ ਜਾਣਕਾਰੀ ਦੇਣ ਤੋਂ ਉਨ੍ਹਾਂ ਨੇ ਇਨਕਾਰ ਕਰ ਦਿੱਤਾ।

ਮਿਲਰ ਨੇ ਕਿਹਾ, ਮੈਂ ਬੱਸ ਇਹੀ ਕਹਾਂਗਾ ਕਿ ਜਦੋਂ ਇਹ ਕਥਿਤ ਮਾਮਲੇ ਸਾਡੇ ਧਿਆਨ ਵਿੱਚ ਲਿਆਂਦਾ ਗਿਆ ਤਾਂ ਸਾਡੇ ਉੱਘੇ ਅਧਿਕਾਰੀਆਂ ਨੇ ਭਾਰਤ ਸਰਕਾਰ ਦੇ ਉੱਘੇ ਅਧਿਕਾਰੀਆਂ ਨੂੰ ਇਹ ਸਪੱਸ਼ਟ ਕਰ ਦਿੱਤਾ ਸੀ ਕਿ ਅਸੀਂ ਅਜਿਹੇ ਮਾਮਲਿਆਂ ਨੂੰ ਕਿੰਨੀ ਗੰਭੀਰਤਾ ਨਾਲ ਲੈਂਦੇ ਹਨ, ਉਨ੍ਹਾਂ ਨੇ ਇਸ ਮਾਮਲੇ ਵਿੱਚ ਜਾਂਚ ਸ਼ੁਰੂ ਕਰ ਦਿੱਤੀ ਹੈ ਅਤੇ ਅਸੀਂ ਇਸਦੇ ਨਤੀਜੇ ਦੇ ਇੰਤਜ਼ਾਰ ਵਿੱਚ ਹਾਂ।

**ਅਮਰੀਕਾ ਨੇ ਕੀ ਇਲਜ਼ਾਮ ਲਾਏ ਸਨ**

ਅਮਰੀਕਾ ਨੇ ਅਮਰੀਕੀ ਧਰਤੀ ਤੇ ਇਕ ਸਿੱਖ ਵੱਖਵਾਦੀ ਨੇਤਾ ਅਤੇ ਇੱਕ ਅਮਰੀਕੀ ਨਾਗਰਿਕ ਦੇ ਕਤਲ ਦੀ ਸਾਜ਼ਿਸ਼ ਦਾ ਪਰਦਾਫਾਸ਼ ਕਰਨ ਦਾ ਦਾਅਵਾ ਕੀਤਾ ਸੀ।

ਨਿਖਿਲ ਗੁਪਤਾ ਨਾਮ ਦੇ ਇੱਕ ਭਾਰਤੀ ਨਾਗਰਿਕ ਤੇ ਇੱਕ ਲੱਖ ਡਾਲਰ ਦੀ ਨਕਦੀ ਦੇ ਬਦਲੇ ਇੱਕ ਵੱਖਵਾਦੀ ਨੇਤਾ ਨੂੰ ਮਾਰਨ ਲਈ ਫਿਰੌਤੀ ਦੇਣ ਦਾ ਇਲਜ਼ਾਮ ਹੈ।

ਇਲਜ਼ਾਮ ਅਨੁਸਾਰ, ਜਿਸ ਵਿਅਕਤੀ ਨੂੰ ਕਤਲ ਨਿਖਿਲ ਗੁਪਤਾ ਨੇ ਕਤਲ ਦਾ ਠੇਕਾ ਦਿੱਤਾ, ਉਹ ਅਸਲ ਵਿੱਚ ਅਮਰੀਕੀ ਖੁਫੀਆ ਏਜੰਸੀ ਦਾ ਇੱਕ ਅੰਡਰਕਵਰ ਏਜੰਟ ਸੀ।

ਨਿਖਿਲ ਗੁਪਤਾ ਇਸ ਸਮੇਂ ਚੈੱਕ ਰਿਪਬਲਿਕ ਦੀ ਜੇਲ੍ਹ ਵਿੱਚ ਹੈ। ਜੇਕਰ ਨਿਖਿਲ ਗੁਪਤਾ ਤੇ ਲੱਗੇ ਇਲਜ਼ਾਮ ਸਾਬਿਤ ਹੁੰਦੇ ਹਨ ਤਾਂ ਉਸ ਨੂੰ 20 ਸਾਲ ਤੱਕ ਦੀ ਕੈਦ ਦੀ ਸਜ਼ਾ ਹੋ ਸਕਦੀ ਹੈ।

ਅਮਰੀਕਾ ਦੇ ਦਾਅਵੇ ਮੁਤਾਬਕ ਨਿਖਿਲ ਗੁਪਤਾ ਇੱਕ ਭਾਰਤੀ **ਬਾਕੀ ਸਫਾ 2 ਤੇ**

# ਕੌਣ ਸੀ ਲਖਵੀਰ ਸਿੰਘ ਰੋਡੇ ਜੋ ਭਾਰਤ 'ਚ ਸੀ 'ਵਾਂਟੇਡ' ਤੇ ਹੁਣ ਆਈ ਮੌਤ ਦੀ ਖ਼ਬਰ



ਭਾਰਤ ਸਰਕਾਰ ਵੱਲੋਂ ਦੇਸ਼ ਵਿਰੋਧੀ ਗਤੀਵਿਧੀਆਂ ਦੇ ਵੱਖ-ਵੱਖ ਮਾਮਲਿਆਂ ਵਿੱਚ ਨਾਮਜ਼ਦ ਕੀਤੇ ਗਏ @ਵੱਖਵਾਦੀ@ ਸਿੱਖ ਆਗੂ ਲਖਵੀਰ ਸਿੰਘ ਰੋਡੇ ਦੀ ਪਾਕਿਸਤਾਨ ਵਿਚ ਮੌਤ ਹੋਣ ਦੀ ਖ਼ਬਰ ਸਾਹਮਣੇ ਆਈ ਹੈ। ਉਹ ਪੰਜਾਬ ਦੇ ਜ਼ਿਲ੍ਹਾ ਮੋਗਾ ਅਧੀਨ ਪੈਂਦੇ ਪਿੰਡ ਗੁਰੂਪੁਰਾ ਕੋਠੇ ਰੋਡੇ ਦੇ ਵਸਨੀਕ ਸਨ ਪਰ 1984 ਤੋਂ ਬਾਅਦ ਉਹ ਕਦੇ ਵੀ ਆਪਣੇ ਜੱਦੀ ਘਰ ਵਿਚ ਨਹੀਂ ਆਏ ਸਨ।ਇਹ ਪਿੰਡ ਦਮਦਮੀ ਟਕਸਾਲ ਦੇ 14ਵੇਂ ਮੁਖੀ ਰਹੇ ਜਰਨੈਲ ਸਿੰਘ ਭਿੰਡਰਾਵਾਲਾ ਦਾ ਵੀ ਜੱਦੀ ਪਿੰਡ ਹੈ। ਉਨਾਂ ਦੀ ਮੌਤ ਦੀ ਪੁਸ਼ਟੀ ਕਰਦਿਆਂ ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਅਤੇ ਲਖਵੀਰ ਸਿੰਘ ਰੋਡੇ ਦੇ ਭਰਾ, ਭਾਈ ਜਸਵੀਰ ਸਿੰਘ ਰੋਡੇ ਨੇ ਦੱਸਿਆ ਕਿ ਲਖਵੀਰ ਸਿੰਘ ਰੋਡੇ ਦੀ ਮੌਤ ਪਾਕਿਸਤਾਨ ਵਿੱਚ 2 ਦਸੰਬਰ ਨੂੰ ਹੋਈ ਸੀ। ਉਨ੍ਹਾਂ ਦੀ ਉਮਰ 72 ਸਾਲ ਸੀ। ਭਾਰਤ ਸਰਕਾਰ ਵੱਲੋਂ ਲਖਵੀਰ ਸਿੰਘ ਰੋਡੇ ਦਾ ਨਾਂ ਉਸ @ਮੋਸਟ ਵਾਂਟਿਡ@ ਸੂਚੀ ਵਿੱਚਸ਼ਾਮਲ ਕੀਤਾ ਗਿਆ ਸੀ, ਜਿਨ੍ਹਾਂ ਖਿਲਾਫ਼ ਸੰਗੀਨ ਅਪਰਾਧਿਕ ਮਾਮਲੇ ਦਰਜ ਹਨ। ਭਾਈ ਜਸਵੀਰ ਸਿੰਘ ਰੋਡੇ ਨੇ ਕਿਹਾ ਹੈ ਕਿ ਲਖਵੀਰ ਸਿੰਘ ਰੋਡੇ ਭਾਰਤ ਤੋਂ ਬਾਹਰ ਜਲਾਵਤਨੀ ਸਿੱਖ ਵਾਲੀ ਜ਼ਿੰਦਗੀ ਬਤੀਤ ਕਰ ਰਹੇ ਸਨ। ਉਨਾਂ ਦਾਅਵਾ ਕੀਤਾ ਕਿ ਉਨਾਂ ਦੇ ਭਰਾ ਨੇ ਭਾਰਤ ਰਹਿੰਦਿਆਂ ਕਿਸੇ ਵੀ ਤਰ੍ਹਾਂ ਦੇ ਜੁਰਮ ਵਿਚ ਹਿੱਸਾ ਨਹੀਂ ਲਿਆ ਸੀ। ਭਾਈ ਜਸਵੀਰ ਸਿੰਘ ਰੋਡੇ ਕਹਿੰਦੇ ਹਨ, ਮੈਨੂੰ ਲਖਵੀਰ ਸਿੰਘ ਰੋਡੇ ਦੇ ਬੇਟੇ ਭਗਤ ਸਿੰਘ ਦਾ ਕੈਨੇਡਾ ਤੋਂ ਟੈਲੀਫੋਨ ਆਇਆ ਸੀ, ਜਿਸ ਰਾਹੀਂ ਮੈਨੂੰ ਮੇਰੇ ਭਰਾ ਦੀ ਪਾਕਿਸਤਾਨ ਵਿਚ ਮੌਤ ਹੋਣ ਬਾਰੇ ਪਤਾ ਲੱਗਿਆ। ਸਾਨੂੰ ਮੁੱਢਲੇ ਤੌਰ ਤੇ ਦੱਸਿਆ ਗਿਆ ਹੈ ਕਿ ਲਖਵੀਰ ਸਿੰਘ ਰੋਡੇ ਦੀ ਮੌਤ ਦਿਲ ਦਾ ਦੌਰਾ ਪੈਣ ਕਾਰਨ ਹੋਈ ਹੈ।



**ਕੌਣ ਸਨ ਲਖਵੀਰ ਸਿੰਘ ਰੋਡੇ**

ਲਖਵੀਰ ਸਿੰਘ ਰੋਡੇ ਦਮਦਮੀ ਟਕਸਾਲ ਦੇ 14ਵੇਂ ਮੁਖੀ ਰਹੇ ਜਰਨੈਲ ਸਿੰਘ ਭਿੰਡਰਾਂਵਾਲਾ ਦੇ ਭਤੀਜੇ ਸਨ ਤੇ ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਜਸਵੀਰ ਸਿੰਘ ਰੋਡੇ ਦੇ ਭਰਾ ਸਨ।ਭਾਈ ਜਸਵੀਰ ਸਿੰਘ ਰੋਡੇ ਨੇ ਦੱਸਿਆ, ਅਸੀਂ ਤਿੰਨ ਭਰਾ ਅਤੇ ਸਾਡੇ ਦੋ ਹੋਰ ਪਰਿਵਾਰਕ ਮੈਂਬਰ 1984 ਤੋਂ ਪਹਿਲਾਂ ਦੁਬਈ ਵਿਚ ਆਪਣਾ ਕਾਰੋਬਾਰ ਕਰਦੇ ਸੀ ਤੇ ਭਾਰਤ ਵਿਚ ਸਾਡੀ ਕੋਈ ਵੀ ਦੇਸ਼ ਵਿਰੋਧੀ ਗਤੀਵਿਧੀ ਨਹੀਂ ਸੀ।ਅਸਲ ਵਿਚ ਲਖਵੀਰ ਸਿੰਘ ਰੋਡੇ ਦਾ ਨਾਂ ਉਸ ਵੇਲੇ ਚਰਚਾ ਵਿਚ ਆਇਆ ਸੀ, ਜਦੋਂ ਸਾਲ 1984 ਵਿਚ ਉਨਾਂ ਨੇ ਆਪਣੀ ਜਥੇਬੰਦੀ ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ@ ਦਾ ਗਠਨ ਕੀਤਾ ਸੀ।

ਜਸਵੀਰ ਸਿੰਘ ਰੋਡੇ ਨੇ ਦੱਸਿਆ ਕਿ ਲਖਵੀਰ ਸਿੰਘ ਰੋਡੇ ਇਸ ਜਥੇਬੰਦੀ ਦੇ ਕਨਵੀਨਰ ਸਨ ਤੇ ਇਹ ਜਥੇਬੰਦੀ ਇੰਗਲੈਂਡ ਤੇ ਕੈਨੇਡਾ ਤੋਂ ਇਲਾਵਾ ਹੋਰ ਕਈ ਪੱਛਮੀ ਮੁਲਕਾਂ ਵਿਚ ਸਰਗਰਮ ਹੋ ਗਈ ਸੀ।

ਪਰਿਵਾਰ ਵਾਲਿਆਂ ਮੁਤਾਬਿਕ ਲਖਵੀਰ ਸਿੰਘ ਰੋਡੇ ਦਾ ਸਮੁੱਚਾ ਪਰਿਵਾਰ ਇਸ ਵੇਲੇ ਕੈਨੇਡਾ ਵਿਚ ਰਹਿ ਰਿਹਾ ਹੈ ਪਰ ਲਖਵੀਰ ਸਿੰਘ ਰੋਡੇ ਨੇ ਆਪਣਾ ਪੱਕਾ ਟਿਕਾਣਾ ਪਾਕਿਸਤਾਨ ਵਿਚ ਹੀ ਬਣਾ ਲਿਆ ਸੀ।

**ਦੇਸ਼ ਤੋੜਨ ਦੀਆਂ ਸਾਜਿਸ਼ਾਂ ਰਚਣ ਵਿੱਚ ਭੂਮਿਕਾ**

ਾਰਤ ਸਰਕਾਰ ਦੀਆਂ ਖੁਫੀਆ ਏਜੰਸੀਆਂ ਮੁਤਾਬਕ ਉਨਾਂ ਦੀ ਕਥਿਤ ਤੌਰ ਤੇ ਦੇਸ਼ ਨੂੰ ਤੋੜਨ ਲਈ ਸਾਜ਼ਿਸ਼ਾਂ ਰਚਣ ਵਿਚ ਅਹਿਮ ਭੂਮਿਕਾ ਸੀ।

ਭਾਰਤ ਸਰਕਾਰ ਨੇ ਉਨਾਂ ਦੀ ਜਥੇਬੰਦੀ ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਨੂੰ ਅੱਤਵਾਦੀ ਸੰਗਠਨ ਐਲਾਨਦਿਆਂ ਉਸ ਦੀਆਂ ਗਤੀਵਿਧੀਆਂ ਉੱਪਰ ਮੁਕੰਮਲ ਤੌਰ ਤੇ ਪਾਬੰਦੀ ਲਗਾਈ ਹੋਈ ਹੈ। ਭਾਰਤ ਦੇ ਗ੍ਰਹਿ ਮੰਤਰਾਲੇ ਦੀ ਸਿਫਾਰਸ਼ ਤੋਂ ਬਾਅਦ ਸਾਲ 2001 ਵਿਚ ਯੂਕੇ ਦੀ ਸਰਕਾਰ ਨੇ ਵੀ ਲਖਵੀਰ ਸਿੰਘ ਰੋਡੇ ਦੀਆਂ ਸਰਗਰਮੀਆਂ ਉੱਪਰ ਪਾਬੰਦੀ ਲਗਾ ਦਿੱਤੀ ਸੀ। ਭਾਰਤੀ ਸੁਰੱਖਿਆ ਏਜੰਸੀਆਂ ਨੇ ਸਾਲ 1998 ਵਿਚ ਕਿਹਾ ਸੀ ਕਿ ਲਖਵੀਰ ਸਿੰਘ ਰੋਡੇ ਹਥਿਆਰਾਂ ਦੀ ਕਥਿਤ ਤਸਕਰੀ ਵਿਚ ਵਾਂਟਿਡ ਸੀ।

**ਬਾਕੀ ਸਫਾ 2 ਤੇ**

# 43ਵੀਂਆਂ ਜਰਖੜ ਸਟੇਡੀਅਮ ਵਿਖੇ ਰਾਜ ਪੱਧਰੀ ਪ੍ਰਾਇਮਰੀ ਸਕੂਲ ਖੇਡਾਂ

## ਮੁੰਡਿਆਂ ਦੇ ਵਰਗ ਵਿੱਚ ਲੁਧਿਆਣਾ ਅਤੇ ਕਪੂਰਥਲਾ ਕੁੜੀਆਂ ਵਿੱਚ ਬਠਿੰਡਾ ਅਤੇ ਲੁਧਿਆਣਾ ਫਾਈਨਲ ਵਿੱਚ ਪੁੱਜੇ
## ਉਲੰਪੀਅਨ ਸ਼ਰਨਜੀਤ ਕੌਰ, ਉਲੰਪੀਅਨ ਹਰਦੀਪ ਸਿੰਘ ਅਤੇ ਸ. ਬਲਦੇਵ ਸਿੰਘ ਦਰੋਣਾਚਾਰੀਆ ਅਵਾਰਡੀ ਮੁੱਖ ਮਹਿਮਾਨ ਵਜੋਂ ਪੁੱਜੇ



ਲੁਧਿਆਣਾ : ਮਾਤਾ ਸਾਹਿਬ ਕੌਰ ਖੇਡ ਸਟੇਡੀਅਮ ਜਰਖੜ ਵਿਖੇ ਨੀਲੇ ਰੰਗ ਦੀ ਐਸਟ੍ਰੋਟਰਫ ਤੇ ਹੋ ਰਹੀਆਂ 43ਵੀਂਆ ਰਾਜ ਪੱਧਰੀ ਪ੍ਰਾਇਮਰੀ ਸਕੂਲ ਖੇਡਾਂ ਦੇ ਦੂਸਰੇ ਦਿਨ ਮੁੰਡੇ ਤੇ ਕੁੜੀਆਂ ਦੇ ਹਾਕੀ ਦੇ ਬਹੁਤ ਹੀ ਰੋਮਾਂਚਿਕ ਅਤੇ ਸੰਘਰਸ਼ ਪੂਰਨ ਮੁਕਾਬਲੇ ਹੋਏ ।ਇਸ ਸਬੰਧ ਵਿਚ ਜਾਣਕਾਰੀ ਦਿੰਦਿਆਂ ਹੋਇਆਂ ਰਾਜ ਪਧਰੀ ਪ੍ਰਾਈਮਰੀ ਸਕੂਲ ਖੇਡਾਂ ਦੇ ਮੀਡੀਆ ਕੋਆਰਡੀਨੇਟਰ ਮਨਮੀਤ ਸਿੰਘ ਨੇ ਵੇਰਵਾ ਦਿੱਤਾ ਕਿ ਮੁੰਡਿਆਂ ਦੇ ਵਰਗ ਵਿੱਚ ਲੁਧਿਆਣਾ ਅਤੇ ਕਪੂਰਥਲਾ ਦੀਆਂ ਟੀਮਾਂ ਨੇ ਫਾਈਨਲ ਵਿੱਚ ਪ੍ਰਵੇਸ਼ ਕੀਤਾ। ਕੁੜੀਆਂ ਦੇ ਵਰਗ ਵਿੱਚ ਫਾਈਨਲ ਮੁਕਾਬਲਾ ਲੁਧਿਆਣਾ ਅਤੇ ਬਠਿੰਡਾ ਵਿਚਕਾਰ ਖੇਡਿਆ ਜਾਵੇਗਾ॥ ਅੱਜ ਦੂਸਰੇ ਦਿਨ 1982 ਏਸ਼ੀਅਨ ਖੇਡਾਂ ਦੀ ਜੇਤੂ ਸਟਾਰ ਉਲੰਪੀਅਨ ਸ਼ਰਨਜੀਤ ਕੌਰ, ਉਲੰਪੀਅਨ ਹਰਦੀਪ ਸਿੰਘ ਅਤੇ ਸ. ਬਲਦੇਵ ਸਿੰਘ ਦਰੋਣਾਚਾਰੀਆ ਅਵਾਰਡੀ ਨੇ ਮੁੱਖ ਮਾਨ ਵਜੋਂ ਸਿਰ ਕਰਦਿਆਂ ਵੱਖ ਵੱਖ ਟੀਮਾਂ ਨਾਲ ਜਾਣ ਪਹਿਚਾਣ ਕੀਤੀ ਅਤੇ ਜੇਤੂ ਬੱਚਿਆਂ ਨੂੰ ਆਸ਼ੀਰਵਾਦ ਦਿੱਤਾ ਅਤੇ ਪ੍ਰਬੰਧਕੀ ਕਮੇਟੀ ਨੂੰ ਸਿੱਖਿਆ ਵਿਭਾਗ ਵੱਲੋਂ ਕਰਵਾਈਆਂ ਜਾ ਰਹੀਆਂ ਸ਼ਾਨਦਾਰ ਖੇਡਾਂ ਲਈ ਵਧਾਈ ਸੰਦੇਸ਼ ਦਿੱਤਾ। ਇਸ ਮੌਕੇ ਜ਼ਿਲ ?ਾ ਸਿੱਖਿਆ ਅਫਸਰ ਸ: ਬਲਦੇਵ ਸਿੰਘ ਜੋਧਾ ,ਜਰਖੜ ਅਕੈਡਮੀ ਦੇ ਡਾਇਰੈਕਟਰ ਜਗਰੂਪ ਸਿੰਘ ਜਰਖੜ ਅਤੇ ਉਪ ਜ਼ਿਲ੍ਹਾ ਸਿੱਖਿਆ ਅਫਸਰ ਜਸਵਿੰਦਰ ਸਿੰਘ ਵਿਰਕ ਨੇ ਆਏ ਮਹਿਮਾਨਾਂ ਨੂੰ ਜੀ ਆਇਆ ਆਖਿਆ। ਅੱਜ ਦੂਸਰੇ ਦਿਨ ਖੇਡੇ ਗਏ ਵੱਖ ਵੱਖ ਮੈਚਾਂ ਵਿੱਚ ਹਾਕੀ ਲੜਕਿਆ ਦੇ ਕੁਆਰਟਰ ਫਾਈਨਲ ਵਿੱਚ ਕਪੂਰਥਲਾ ਨੇ ਮਾਨਸਾ ਨੂੰ 3-2 ਨਾਲ, ਮੋਗਾ ਨੇ ਰੂਪਨਗਰ ਨੂੰ 3-1 ਨਾਲ, ਲੁਧਿਆਣਾ ਨੇ ਪਟਿਆਲਾ ਨੂੰ 7-1 ਨਾਲ ਅਤੇ ਬਠਿੰਡਾ ਨੇ ਜਲੰਧਰ ਨੂੰ 3-1 ਨਾਲ ਹਰਾ ਕੇ ਸੈਮੀਫਾਈਨਲ ਵਿੱਚ ਪ੍ਰਵੇਸ਼ ਕੀਤਾ। ਪਹਿਲਾ ਸੈਮੀਫਾਈਨਲ ਵਿੱਚ ਕਪੂਰਥਲਾ ਨੇ ਮੋਗਾ ਨੂੰ 5-2 ਨਾਲ ਅਤੇ ਲੁਧਿਆਣਾ ਨੇ ਜਲੰਧਰ ਨੂੰ 6-0 ਨਾਲ ਹਰਾ ਕੇ ਫਾਈਨਲ ਵਿੱਚ ਪ੍ਰਵੇਸ਼ ਕੀਤਾ। ਲੁਧਿਆਣਾ ਦਾ ਅੰਕਿਸ਼ ਕੁਮਾਰ ਆਪਣੀ ਵਧੀਆ ਕਾਰਗੁਜ਼ਾਰੀ ਸਦਕਾ ਪੂਰੇ ਟੂਰਨਾਮੈਂਟ ਦੇ ਸਰਵੋਤਮ ਖਿਡਾਰੀ ਬਣਨ ਵੱਲ ਵਧ ਰਿਹਾ ਹੈ। ਲੜਕੀਆਂ ਵਰਗ ਵਿੱਚ ਬਠਿੰਡਾ ਨੇ ਮੋਗਾ ਨੂੰ 5-0 ਨਾਲ, ਸੰਗਰੂਰ ਨੇ ਮੁਕਤਸਰ ਨੂੰ 2-0 ਨਾਲ, ਲੁਧਿਆਣਾ ਨੇ ਹੁਸ਼ਿਆਰਪੁਰ ਨੂੰ 4-0 ਨਾਲ, ਮਾਨਸਾ ਨੇ ਅਮ੍ਰਿਤਸਰ ਨੂੰ 6-0 ਨਾਲ ਹਰਾਇਆ। ਬਠਿੰਡਾ ਨੇ ਸੰਗਰੂਰ ਨੂੰ 1-0 ਨਾਲ ਹਰਾ ਕੇ ਫਾਈਨਲ ਵਿੱਚ ਪ੍ਰਵੇਸ਼ ਕੀਤਾ। ਦੂਜੇ ਸੈਮੀ ਫਾਈਨਲ ਮੁਕਾਬਲੇ ਵਿੱਚ ਲੁਧਿਆਣਾ ਨੇ ਮਾਨਸਾ ਨੂੰ 4-0 ਨਾਲ ਹਰਾ ਕੇ ਫਾਈਨਲ ਵਿੱਚ ਪ੍ਰਵੇਸ਼ ਪਾਇਆ। ਇਸ ਦੌਰਾਨ ਸਟੇਜ ਸਕੱਤਰ ਦੀ ਜ਼ਿੰਮੇਵਾਰੀ ਸ੍ਰੀ ਰਵਿੰਦਰ ਸਿੰਘ ਅਤੇ ਸ੍ਰੀ ਹਰਦੇਵ ਸਿੰਘ (ਜਿਲਾ ਕਮੇਟੀ ਮੈਂਬਰ) ਵੱਲੋਂ ਬਾਖੂਬੀ ਨਿਭਾਈ ਗਈ। ਵੱਖ-ਵੱਖ ਜਿਲਿਆਂ ਤੋਂ ਆਈਆਂ ਸਾਰੀਆਂ ਟੀਮਾਂ ਦੀ ਰਿਹਾਇਸ਼ ਅਤੇ ਖਾਣ-ਪੀਣ ਦਾ ਪ੍ਰਬੰਧ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਗੁਰਪ੍ਰੀਤ ਸਿੰਘ ਸੰਧੂ ਦੀ ਅਗਵਾਈ ਹੇਠ ਬਹੁਤ ਹੀ ਸੁਚੱਜੇ ਢੰਗ ਨਾਲ ਚੱਲ ਰਿਹਾ ਹੈ ।ਸਾਰੀਆਂ ਟੀਮਾਂ ਨੂੰ ਹਰ ਪੱਖੋਂ ਵਧੀਆ ਸਹੂਲਤਾਂ ਮੁਹੱਈਆ ਕੀਤੀਆਂ ਜਾ ਰਹੀਆਂ ਹਨ। ਇਹਨਾਂ ਰਾਜ ਪੱਧਰੀ ਖੇਡਾਂ ਵਿੱਚ ਹਾਕੀ ਦੇ ਫਾਈਨਲ ਮੁਕਾਬਲੇ 7 ਦਸੰਬਰ ਨੂੰ ਹੋਣਗੇ ।

# ਰਾਜੋਆਣਾ ਦੀ ਭੁੱਖ ਹੜਤਾਲ ਬਾਰੇ ਸਿੰਘ ਸਾਹਿਬਾਨ ਵੱਲੋਂ ਅਹਿਮ ਫੈਸਲੇ, ਸਰਕਾਰ ਨੂੰ ਚੇਤਾਵਨੀ

ਅੰਮ੍ਰਿਤਸਰ : ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਵਿਖੇ ਅੱਜ ਪੰਜ ਸਿੰਘ ਸਾਹਿਬਾਨ ਦੀ ਜ਼ਰੂਰੀ ਇਕੱਤਰਤਾ ਵਿੱਚ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਭੁੱਖ ਹੜਤਾਲ ਬਾਰੇ ਅਹਿਮ ਫੈਸਲੇ ਲਏ ਗਏ। ਇਸ ਦੌਰਾਨ ਕੇਂਦਰ ਸਰਕਾਰ ਨਾਲ ਗੱਲਬਾਤ ਕਰਨ ਲਈ ਉੱਚ ਪੱਧਰੀ ਵਫਦ ਦਾ ਗਠਨ ਕੀਤਾ ਗਿਆ ਹੈ। ਇਸ ਵਫਦ ਵਿੱਚ ਹਰਜਿੰਦਰ ਸਿੰਘ, ਹਰਮੀਤ ਸਿੰਘ ਕਾਲਕਾ, ਬਰਜਿੰਦਰ ਸਿੰਘ ਹਮਦਰਦ, ਬੀਬੀ ਕਮਲਦੀਪ ਕੌਰ ਰਾਜੋਆਣਾ ਤੇ ਵਿਰਸਾ ਸਿੰਘ ਵਲਟੋਹਾ ਸ਼ਾਮਲ ਹਨ।

ਇਸ ਬਾਰੇ ਜਾਰੀ ਪ੍ਰੈਸ ਨੋਟ ਅਨੁਸਾਰ ਮੁਤਾਬਕ ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਵਿਖੇ ਅੱਜ ਪੰਜ ਸਿੰਘ ਸਾਹਿਬਾਨ ਦੀ ਜ਼ਰੂਰੀ ਇਕੱਤਰਤਾ ਹੋਈ। ਇਸ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ, ਤਖ਼ਤ ਸ੍ਰੀ ਪਟਨਾ ਸਾਹਿਬ ਦੇ ਵਧੀਕ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਗੁਰਦਿਆਲ ਸਿੰਘ ਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਬਲਜੀਤ ਸਿੰਘ ਸ਼ਾਮਲ ਹੋਏ।

ਇਸ ਇਕੱਤਰਤਾ ਦੌਰਾਨ ਸਿੱਖ ਕੌਮ ਦੇ ਜ਼ਿੰਦਾ ਸ਼ਹੀਦ ਭਾਈ ਬਲਵੰਤ ਸਿੰਘ ਰਾਜੋਆਣਾ ਵੱਲੋਂ ਭੇਜੀਆਂ ਪੱਤ੍ਰਿਕਾਵਾਂ ਉੱਤੇ ਗੰਭੀਰ ਵਿਚਾਰ-ਵਟਾਂਦਰਾ ਕਰਨ ਉਪਰੰਤ ਹੇਠ ਲਿਖੇ ਅਨੁਸਾਰ ਆਦੇਸ਼ ਜਾਰੀ ਕੀਤੇ ਗਏ-

ਕੌਮ ਦੇ ਜ਼ਿੰਦਾ ਸ਼ਹੀਦ ਭਾਈ ਬਲਵੰਤ ਸਿੰਘ ਜੀ ਰਾਜੋਆਣਾ ਅਤੇ ਹੋਰ ਬੰਦੀ ਸਿੰਘਾਂ ਦੀ ਰਿਹਾਈ ਬਾਰੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਸ਼ਤਾਬਦੀ ਮੌਕੇ ਦੇਸ਼ ਦੇ ਪ੍ਰਧਾਨ ਮੰਤਰੀ ਵੱਲੋਂ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਸੀ, ਜਿਸ ਨੂੰ ਲਾਗੂ ਕਰਵਾਉਣ ਲਈ ਤੇ ਇਨ੍ਹਾਂ ਦੀ ਰਿਹਾਈ ਲਈ ਕੇਂਦਰ ਸਰਕਾਰ ਨਾਲ ਗੱਲਬਾਤ ਕਰਨ ਲਈ ਉੱਚ ਪੱਧਰੀ ਵਫਦ ਦਾ ਗਠਨ ਕੀਤਾ ਹੈ, ਜੋ ਤੁਰੰਤ ਹੀ ਆਪਣੀ ਕਾਰਵਾਈ ਆਰੰਭ ਕਰੇ। ਜਿਸ ਵਿਚ ਹੇਠ ਲਿਖੇ ਅਨੁਸਾਰ ਮੈਂਬਰ ਸ਼ਾਮਲ ਕੀਤੇ ਗਏ ਹਨ:

ਹਰਜਿੰਦਰ ਸਿੰਘ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

ਹਰਮੀਤ ਸਿੰਘ ਕਾਲਕਾ ਪ੍ਰਧਾਨ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਨਵੀਂ ਦਿੱਲੀ। ਬਰਜਿੰਦਰ ਸਿੰਘ ਹਮਦਰਦ। ਬੀਬੀ ਕਮਲਦੀਪ ਕੌਰ ਰਾਜੋਆਣਾ। ਵਿਰਸਾ ਸਿੰਘ ਵਲਟੋਹਾ। ਇਸ ਕਮੇਟੀ ਦੇ ਕੋਆਰਡੀਨੇਟਰ ਵੀ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਹੋਣਗੇ। ਜੇਕਰ ਕੇਂਦਰ ਸਰਕਾਰ ਭਾਈ ਬਲਵੰਤ ਸਿੰਘ ਜੀ ਰਾਜੋਆਣਾ ਦੀ ਫਾਂਸੀ ਦੀ ਸਜਾ ਨੂੰ 31 ਦਸੰਬਰ 2023 ਤੀਕ ਰੱਦ ਨਹੀਂ ਕਰਦੀ ਤਾਂ ਭਾਈ ਬਲਵੰਤ ਸਿੰਘ ਜੀ ਰਾਜੋਆਣਾ ਦੀਆਂ ਸ੍ਰੀ ਅਕਾਲ ਤਖ਼ਤ ਸਾਹਿਬ ’ਤੇ ਵਾਰ-ਵਾਰ ਪੁੱਜੀਆਂ ਪੱਤ੍ਰਿਕਾਵਾਂ ਦੇ ਮੱਦੇਨਜ਼ਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਆਪਣੀ ਪਾਈ ਹੋਈ ਅਪੀਲ ’ਤੇ ਵਿਚਾਰ ਕਰੇ। ਭਾਈ ਬਲਵੰਤ ਸਿੰਘ ਜੀ ਰਾਜੋਆਣਾ ਕੌਮ ਦੇ ਜ਼ਿੰਦਾ ਸ਼ਹੀਦ ਹਨ, ਜਿਨ੍ਹਾਂ ਨੇ ਬਹਾਦਰੀ, ਦ੍ਰਿੜਤਾ, ਸੂਰਬੀਰਤਾ ਤੇ ਨਿਡਰਤਾ ਨਾਲ ਸਰਕਾਰਾਂ ਵੱਲੋਂ ਸਿੱਖਾਂ ਨਾਲ ਕੀਤੇ ਜਬਰ-ਜ਼ੁਲਮ ਤੇ ਅੱਤਿਆਚਾਰ ਨੂੰ ਝੱਲਦਿਆਂ ਬਹੁਤ ਵੱਡੀ ਕੁਰਬਾਨੀ ਕੀਤੀ ਹੈ, ਕੌਮ ਨੂੰ ਇਨ੍ਹਾਂ ’ਤੇ ਮਾਣ ਹੈ। ਪੂਰੀ ਸਿੱਖ ਕੌਮ ਇਨ੍ਹਾਂ ਦੀ ਚੜ੍ਹਦੀ ਕਲਾ ਲਈ ਅਰਦਾਸ ਕਰਦੀ ਹੈ। ਇਨ੍ਹਾਂ ਦਾ ਜੀਵਨ ਸਿੱਖ ਕੌਮ ਲਈ ਬਹੁਤ ਕੀਮਤੀ ਹੈ ਤੇ ਸਿੱਖ ਕੌਮ ਦੀ ਅਮਾਨਤ ਹੈ, ਇਸ ਲਈ ਭਾਈ ਬਲਵੰਤ ਸਿੰਘ ਜੀ ਰਾਜੋਆਣਾ ਨੂੰ ਪੰਜ ਸਿੰਘ ਸਾਹਿਬਾਨ ਵੱਲੋਂ ਆਦੇਸ਼ ਕੀਤਾ ਜਾਂਦਾ ਹੈ ਕਿ ਉਹ ਕਿਸੇ ਵੀ ਢੰਗ ਨਾਲ ਆਪਣੀ ਸਿਹਤ ਦਾ ਨੁਕਸਾਨ ਨਾ ਕਰਨ, ਤੁਰੰਤ ਆਪਣੀ ਭੁੱਖ ਹੜਤਾਲ ਵਾਪਸ ਲੈ ਕੇ ਆਪਣੀ ਸਿਹਤ ਦਾ ਖਿਆਲ ਰੱਖਣ।

# ਮਾਨ ਸਰਕਾਰ ਨੇ ਮੁੜ ਚੁੱਕਿਆ 941 ਕਰੋੜ ਦਾ ਕਰਜ਼ਾ, 20 ਮਹੀਨਿਆਂ ’ਚ 60 ਹਜ਼ਾਰ ਕਰੋੜ ਦਾ ਲੈ ਚੁੱਕੀ ਲੋਨ



ਚੰਡੀਗੜ੍ਹ : ਪੰਜਾਬ ਸਿਰ ਕਰਜ਼ੇ ਦੀ ਪੰਡ ਘਟੀ ਨਹੀਂ ਸਗੋਂ ਹੋ ਵੱਧਦੀ ਜਾ ਰਹੀ ਹੈ। ਮਾਨ ਸਰਕਾਰ ਇੱਕ ਵਾਰ ਮੁੜ ਆਰਬੀਆਈ ਤੋਂ 941 ਕਰੋੜ ਰੁਪਏ ਦਾ ਕਰਜ਼ਾ ਲਿਆ ਹੈ। ਇਸ ਦਾ ਖੁਲਾਸ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕੀਤਾ ਹੈ। ਬਾਦਲ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਆਏ ਦਿਨ ਪੰਜਾਬ ਨੂੰ ਕਰਜ਼ੇ ਹੇਠ ਡੋਬ ਰਹੀ ਹੈ। ਸਰਕਾਰ ਵੱਲੋਂ ਕੱਲ੍ਹ ਹੀ 941 ਕਰੋੜ ਰੁਪਏ ਦਾ ਨਵਾਂ ਕਰਜ਼ਾ ਲਿਆ ਗਿਆ ਹੈ ਇਸ ਹਿਸਾਬ ਨਾਲ ਆਮ ਆਦਮੀ ਪਾਰਟੀ ਵੱਲੋਂ ਨਵੰਬਰ ਦੇ ਮਹੀਨੇ ਵਿੱਚ ਹੀ ਲਿਆ ਗਿਆ ਕਰਜ਼ਾ 4,450 ਕਰੋੜ ਰੁਪਏ ਦਾ ਹੋ ਜਾਵੇਗਾ। ਇਨ੍ਹਾਂ ਨੇ ਆਪਣੇ 20 ਮਹੀਨਿਆਂ ਦੇ ਕਾਰਜਕਾਲ ਵਿੱਚ ਹੁਣ ਤੱਕ 60,000 ਕਰੋੜ ਰੁਪਏ ਦਾ ਕਰਜ਼ਾ ਲੈ ਲਿਆ ਹੈ।

ਮੌਜੂਦਾ ਸਰਕਾਰ ਨੇ ਪ੍ਰਕਾਸ਼ ਸਿੰਘ ਜੀ ਬਾਦਲ ਦੀ ਸਰਕਾਰ ਵੱਲੋਂ ਸ਼ੁਰੂ ਕੀਤੀਆਂ ਸਾਰੀਆਂ ਲੋਕ ਪੱਖੀ ਸਕੀਮਾਂ ਬੰਦ ਕਰ ਦਿੱਤੀਆ ਹਨ। ਇਹ ਚਿੰਤਾਜਨਕ ਹੈ ਕਿ ਇਸ ਸਰਕਾਰ ਨੇ ਨਾ ਹੀ ਕੋਈ ਨਵਾਂ ਵਿਕਾਸ ਪ੍ਰੋਜੈਕਟ ਲਿਆਂਦਾ ਹੈ ਤਾਂ ਫਿਰ ਪੰਜਾਬ ਪੁੱਛ ਰਿਹਾ ਹੈ ਕਿ ਇਹ ਸਾਰਾ ਉਧਾਰ ਲਿਆ ਗਿਆ ਪੈਸਾ ਖ਼ਰਚ ਕਿੱਥੇ ਹੋ ਰਿਹਾ ਹੈ ? ਕਠਪੁਤਲੀ ਮੁੱਖ ਮੰਤਰੀ ਭਗਵੰਤ ਮਾਨ ਨੂੰ ਅਰਵਿੰਦ ਕੇਜਰੀਵਾਲ ਦੇ ਸੁਪਨਿਆਂ ਨੂੰ ਪੂਰਾ ਕਰਨ ਲਈ ਪੰਜਾਬ ਦੇ ਸਰਕਾਰੀ ਜਹਾਜ਼ਾਂ ਦੀ ਦੁਰਵਰਤੋਂ ਅਤੇ ਝੂਠੀਆਂ ਮਸ਼ਹੂਰੀਆਂ ਨੂੰ ਬੰਦ ਕਰਕੇ ਪੰਜਾਬ ਦੇ ਖਜ਼ਾਨੇ ਦੀ ਲੁੱਟ ਨੂੰ ਤੁਰੰਤ ਬੰਦ ਕਰਨਾ ਚਾਹੀਦਾ ਹੈ। ਸ਼੍ਰੋਮਣੀ ਅਕਾਲੀ ਦਲ ਦੀ ਆਪਣੀ ਸਰਕਾਰ ਬਣਨ ‘ਤੇ @ਆਪ@ ਵੱਲੋਂ ਖ਼ਰਚੇ ਇਸ ਸਾਰੇ ਪੈਸੇ ਦੀ ਵਸੂਲੀ ਕਰਨ ਅਤੇ ਇਸ ਨੂੰ ਸਰਕਾਰੀ ਖਜ਼ਾਨੇ ਵਿੱਚ ਜਮ੍ਹਾ ਕਰਨ ਲਈ ਅਸੀਂ ਵਚਨਬੱਧ ਹਾਂ। ਇਸ ਤੋਂ ਇਲਾਵਾ ਅਕਾਲੀ ਦਲ ਦੇ ਬਿਕਰਮ ਸਿੰਘ ਮਜੀਠੀਆ ਨੇ ਸਵਾਲ ਖੜ੍ਹੇ ਕੀਤੇ ਹਨ। ਮਜੀਠੀਆ ਨੇ ਕਿਹਾ ਕਿ - ਇੱਕ ਪੰਜਾਬ ਅਖ਼ਬਾਰ ਦਾ ਹਵਾਲਾ ਦਿੰਦਿਆ ਹੋਇਆ ਮਜੀਠੀਆ ਨੇ ਕਿਹਾ ਕਿ ਪੰਜਾਬ ਸਿਰ ਕਰਜ਼ਾ ਚੜ੍ਹਾਉਣ ਦੀ ਥਾਂ ਜਿਹੜੀਆਂ ਤੁਹਾਡੇ ਆਕਾ ਲਾਲਾ ਜੀ ਅਰਵਿੰਦ ਕੇਜਰੀਵਾਲ ਨੂੰ ਮੱਧ ਪ੍ਰਦੇਸ਼, ਛਤੀਸਗੜ੍ਹ ਤੇ ਰਾਜਸਥਾਨ ’ਚ ਨੋਟਾ ਨਾਲੋਂ ਘੱਟ ਵੋਟਾਂ ਮਿਲੀਆਂ ਹਨ, ਉਹਨਾਂ ਤੋਂ ਮੰਗੋ ਸਪੈਸ਼ਲ ਜੈਟ ਦੇ ਕਿਰਾਏ ਦਾ ਪੈਸਾ ਤੇ ਇਸ਼ਤਿਹਾਰਬਾਜ਼ੀ ’ਤੇ ਖਰਚ ਹੋਏ ਪੰਜਾਬ ਦੇ ਸੈਂਕੜੇ ਕਰੋੜਾਂ ਰੁਪਏ....ਪੰਜਾਬ ਨੂੰ ਕੀ ਮਿਲਿਆ ਸੈਂਕੜੇ ਕਰੋੜਾਂ ਰੁਪਏ ਫੋਕੀ ਇਸ਼ਤਿਹਾਰਬਾਜ਼ੀ ਅਤੇ ਪ੍ਰਚਾਰ ’ਤੇ ਫੂਕ ਕੇ... ਕੇਜਰੀਵਾਲ ਤਾਂ ਕਹਿੰਦੇ ਸੀ 20 ਹਜ਼ਾਰ ਕਰੋੜ ਰੁਪਏ ਮਾਇਨਿੰਗ ਤੋਂ ਆ ਜਾਣਗੇ...ਆ ਗਏ ? 34 ਹਜ਼ਾਰ ਕਰੋੜ ਭ੍ਰਿਸ਼ਟਾਚਾਰ ਖਤਮ ਕਰਕੇ ਆਉਣੇ ਸੀ ਉਹ ਕਿੱਥੇ ?? ਆਏ ਦਿਨ ਫਜ਼ੂਲ ਖਰਚਾ ਕਰਕੇ ਪੰਜਾਬ ਤੇ ਕਰਜ਼ਾ ਦਾ ਬੋਝ ਵਧਾ ਰਹੇ ਹੋ।

# ਗੁਰਪ੍ਰੀਤ ਸਿੰਘ ਸਹੋਤਾ ਪੰਜਾਬੀ ਪ੍ਰੈੱਸ ਕਲੱਬ ਆਫ ਬੀਸੀ ਦੇ ਨਵੇਂ ਪ੍ਰਧਾਨ ਚੁਣੇ ਗਏ

ਵੈਨਕੂਵਰ :-(ਬਰਾੜ-ਭਗਤਾ ਭਾਈ ਕਾ) ਚੜ੍ਹਦੀ ਕਲਾ ਨਿਊਜ਼ ਦੇ ਸੰਪਾਦਕ ਅਤੇ ਚੈਨਲ ਪੰਜਾਬੀ ਟੀ ਵੀ ਦੇ ‘ਸਹੋਤਾ ਸ਼ੋਅ’ ਦੇ ਸੰਚਾਲਕ ਗੁਰਪ੍ਰੀਤ ਸਿੰਘ ਸਹੋਤਾ ਜਿਹੜੇ ਕਿ ਲੱਕੀ ਸਹੋਤਾ ਦੇ ਨਾਂ ਨਾਲ ਜਾਣੇ ਜਾਂਦੇ ਹਨ, ਨੂੰ ਪੰਜਾਬੀ ਪ੍ਰੈੱਸ ਕਲੱਬ ਆਫ ਬੀਸੀ ਦੇ ਨਵੇਂ ਪ੍ਰਧਾਨ ਵਜੋਂ ਚੁਣਿਆ ਲਿਆ ਗਿਆ ਹੈ। ਉਹ ਪੰਜਾਬੀ ਪ੍ਰੈੱਸ ਕਲੱਬ ਦੇ ਮੁਢਲੇ ਮੈਂਬਰਾਂ ਵਿੱਚੋਂ ਇੱਕ ਹਨ। ਬ੍ਰਿਟਿਸ਼ ਕੋਲੰਬੀਆਂ ਸੂਬੇ ਦੇ ਪੰਜਾਬੀਆਂ ਦੀ ਸੰਘਣੀ ਵੱਸੋਂ ਵਾਲੇ ਸ਼ਹਿਰ ਸਰੀ ਵਿਖੇ ਹੋਈ ਚੋਣ ਮੌਕੇ ਡਾ. ਗੁਰਵਿੰਦਰ ਸਿੰਘ ਧਾਲੀਵਾਲ ਨੇ ਗੁਰਪ੍ਰੀਤ ਸਿੰਘ ਸਹੋਤਾ ਦਾ ਨਾਂ ਪ੍ਰੈੱਸ ਕਲੱਬ ਦੇ ਪ੍ਰਧਾਨ ਲਈ ਪੇਸ਼ ਕੀਤਾ, ਜਿਸ ਨੂੰ ਆਮ ਸਹਿਮਤੀ ਨਾਲ ਸਮੂਹ ਮੈਂਬਰਾਂ ਵੱਲੋਂ ਪ੍ਰਵਾਨ ਕਰ ਲਿਆ ਗਿਆ। ਇਸ ਤੋਂ ਪਹਿਲਾਂ ਉਹ ਪ੍ਰੈੱਸ ਕਲੱਬ ਦੇ ਜਨਰਲ ਸਕੱਤਰ ਵੀ ਰਹਿ ਚੁੱਕੇ ਹਨ ਅਤੇ ਕਲੱਬ ਦੀ ਤਰੱਕੀ ਲਈ ਸੁਹਿਰਦਤਾ ਨਾਲ ਭੂਮਿਕਾ ਨਿਭਾਉਣ ‘ਚ ਤੱਤਪਰ ਹਨ। ਪੰਜਾਬੀ ਪ੍ਰੈੱਸ ਕਲੱਬ ਆਫ ਬੀਸੀ ਜੀ ਨਵੀਂ ਐਗਜੈਕਟਿਵ ਵਿੱਚ ਪ੍ਰੈੱਸ ਕਲੱਬ ਦੇ ਜਨਰਲ ਸਕੱਤਰ ਜਰਨੈਲ ਸਿੰਘ ਆਰਟਿਸਟ ਨੂੰ ਚੁਣਿਆ ਗਿਆ ਹੈ ਜੋ ਕਿ ਪ੍ਰੈੱਸ ਕਲੱਬ ਦੇ ਪ੍ਰਧਾਨ ਵੀ ਰਹਿ ਚੁੱਕੇ ਹਨ ਅਤੇ ਮੋਢੀ ਮੈਂਬਰਾਂ ਵਿੱਚੋਂ ਹਨ।



ਐਗਜ਼ੈਕਟਿਵ ਦੇ ਹੋਰਨਾਂ ਮੈਂਬਰਾਂ ਵਿੱਚ ਮੀਤ ਪ੍ਰਧਾਨ ਬਲਜਿੰਦਰ ਕੌਰ, ਖਜ਼ਾਨਚੀ ਬਲਦੇਵ ਸਿੰਘ ਮਾਨ, ਸਹਾਇਕ ਸਕੱਤਰ ਰਸ਼ਪਾਲ ਸਿੰਘ ਗਿੱਲ, ਸਹਾਇਕ ਖਜ਼ਾਨਚੀ ਸੁੱਖੀ ਰੰਧਾਵਾ ਅਤੇ ਮੈਂਬਰ ਬਲਵੀਰ ਕੌਰ ਢਿੱਲੋਂ ਸ਼ਾਮਲ ਹਨ। ਸੰਨ 2008 ਤੋਂ ਸਥਾਪਿਤ ਪੰਜਾਬੀ ਪ੍ਰੈੱਸ ਕਲੱਬ ਆਫ ਬੀਸੀ ਬ੍ਰਿਟਿਸ਼ ਕੋਲੰਬੀਆ ਦੇ ਪੰਜਾਬੀ ਮੀਡੀਆ ਦੀ ਸਾਂਝੀ ਸੰਸਥਾ ਹੈ। ਰਵਾਇਤ ਅਨੁਸਾਰ ਪੰਜਾਬੀ ਪ੍ਰੈੱਸ ਕਲੱਬ ਆਫ ਬੀਸੀ ਵੱਲੋਂ ਚੋਣ ਦੀ ਥਾਂ @ਤੇ ਆਮ ਸਹਿਮਤੀ ਨਾਲ ਐਗਜ਼ੈਕਟਿਵ ਚੁਣੀ ਜਾਂਦੀ ਹੈ ਅਤੇ ਇਸ ਵਾਰ ਵੀ ਇਸ ਰਵਾਇਤ ਨੂੰ ਬਕਾਇਦਾ ਕਾਇਮ ਰੱਖਿਆ ਗਿਆ ਹੈ। ਪ੍ਰੈੱਸ ਕਲੱਬ ਵਿੱਚ ਅਫਾਰਾ ਰੇਡੀਓ ਟੈਲੀਵਿਜ਼ਨ ਆਦਿ ਅਦਾਰਿਆਂ ਨਾਲ ਸਬੰਧਿਤ 35 ਮੈਂਬਰ ਸ਼ਾਮਿਲ ਹਨ। ਪੰਜਾਬੀ ਪ੍ਰੈੱਸ ਕਲੱਬ ਦੀ ਇਹ ਨਵੀਂ ਐਗਜ਼ੈਕਟਿਵ, ਪ੍ਰਧਾਨ ਗੁਰਪ੍ਰੀਤ ਸਿੰਘ ਸਹੋਤਾ ਦੀ ਅਗਵਾਈ ਵਿੱਚ ਸੰਨ 2024-25 ਲਈ ਤਨ-ਮਨ ਨਾਲ ਸੇਵਾਵਾਂ ਨਿਭਾਏਗੀ।

# ਕੈਨੇਡਾ ਦੇ ਗੁਰੂਘਰਾਂ 'ਚ ਗੁਰਪੁਰਬ ਦਿਵਸ ਸ਼ਰਧਾ ਨਾਲ ਮਨਾਇਆ ਗਿਆ





ਓਂਟਾਰੀਓ : ( ਸੁਰਜੀਤ ਸਿੰਘ ਫਲੋਰਾ) ਜਿਥੇ ਸੋਮਵਾਰ ਨੂੰ ਵਿਸ਼ਵ ਭਰ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ 554ਵਾਂ ਪ੍ਰਕਾਸ਼ ਦਿਹਾੜਾ ਸ਼ਰਧਾ ਤੇ ਧੂਮ-ਧਾਮ ਨਾਲ ਮਨਾਇਆ ਗਿਆ। ਉਥੇ ਨਿਰੰਕਾਰੀ ਜੋਤ, ਕਲਯੁੱਗ ਦੇ ਤਾਰਨਹਾਰ, ਸਿੱਖ ਧਰਮ ਦੇ ਮੋਢੀ, ਬਾਬਰ ਨੂੰ ਜਾਬਰ ਕਹਿਣ ਤੇ ਜ਼ੁਲਮ ਦੇ ਖ਼ਿਲਾਫ਼ ਹੱਕ-ਸੱਚ ਦੀ ਆਵਾਜ਼ ਨੂੰ ਬੁਲੰਦ ਕਰਨ ਵਾਲੇ ਜਗਤ ਗੁਰੂ ਧੰਨ-ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਪਾਵਨ ਪ੍ਰਕਾਸ਼ ਦਿਵਸ ਗੁਰਦੁਆਰਾ ਨਾਨਕਸਰ ਟਿੰਬਰਲੇਨ ਬਰੈਂਪਟਨ ਤੇ ਕੈਨੇਡਾ ਭਰ ਦੇ ਗੁਰਦੁਆਰਾ ਸਾਹਿਬ , ਉਨਟੈਰੀਓ ਖਾਲਸਾ ਦਰਬਾਰ , ਡਿਕਸੀ ਗੁਰੂਘਰ, ਨਾਨਕਸਰ ਸਿੱਖ ਸੈਂਟਰ ਤੇ ਹੋਰ ਵੈਨਕੂਵਰ ਦੇ ਵੱਖ-ਵੱਖ ਗੁਰੂਘਰਾਂ ਵਿਚ ਸ਼ਰਧਾਪੂਰਵਕ ਮਨਾਇਆ ਗਿਆ, ਜਿੱਥੇ ਸਵੇਰ ਤੇ ਸ਼ਾਮ ਦੋਵੇਂ ਸਮੇਂ ਗੁਰਮਤਿ ਦੀਵਾਨ ਸਜਾਏ ਗਏ। ਸਜੇ ਦੀਵਾਨਾਂ ਵਿਚ ਪੰਥ ਪ੍ਰਸਿੱਧ ਕੀਰਤਨੀਆਂ ਅਤੇ ਪ੍ਰਚਾਰਕਾਂ ਨੇ ਨਾਨਕ ਨਾਮਲੇਵਾ ਸੰਗਤਾਂ ਨੂੰ ਇਲਾਹੀ ਗੁਰਬਾਣੀ ਤੇ ਗੁਰਮਤਿ ਵਿਚਾਰਾਂ ਸਰਵਣ ਕਰਵਾਈਆਂ। ਕਥਾਂ ਅਤੇ ਕਵੀ ਸੱਜਣਾ ਵਲੋਂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਉਹਨਾਂ ਦੇ ਅਮਨ - ਅਮਾਨ , ਉਚ ਨੀਚ , ਅਮੀਰ - ਗਰੀਬ ਵਾਲੇ ਸੰਦੇਸ਼ ਨੂੰ ਸਾਂਝਿਆ ਕੀਤਾ।ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ 'ਚ ਗੁਰਦੁਆਰਿਆ ਨੂੰ ਅੰਦਰੋਂ ਅਤੇ ਬਾਹਰੋ ਬਹੁਤ ਹੀ ਖੂਬਸੂਰਤੀ ਨਾਲ ਲਾਇਟਾਂ ਅਤੇ ਫੁੱਲਾਂ ਨਾਲ ਸਜਾਇਆ ਗਿਆ ਸੀ। ਇਸੇ ਤਰਹਾਂ ਕੈਂਨੇਡਾ ਸਰਕਾਰ ਦੇ ਲੀਡਰਾਂ ਵਲੋਂ ਵੱਖ ਵੱਖ ਗੁਰਦੁਆਰਿਆ ਵਿਚ ਪਹੁੰਚ ਕੇ ਗੁਰੂ ਸਾਹਿਬ ਦੇ ਗੁਰਪੁਰਬ ਦੀਆਂ ਮੁਬਾਰਕਾ ਸਾਰੇ ਸਿੱਖ ਜਗਤ ਨੂੰ ਦਿੱਤੀਆਂ। ਇਸੇ ਤਰਹਾਂ ਕੈਨੇਡਾ ਦੇ ਪ੍ਰਧਾਂਨ ਮੰਤਰੀ ਟਰੂਡੋ ਵਲੋਂ ਵੀ ਸੰਦੇਸ ਜਾਰੀ ਕਰਦੇ ਹੋਏ ਕਿਹਾ ਕਿ, ÷ਇਸ ਮਹੱਤਵਪੂਰਨ ਮੌਕੇ @ਤੇ, ਪਰਿਵਾਰ ਅਤੇ ਦੋਸਤ ਗੁਰੂ ਨਾਨਕ ਦੇਵ ਜੀ ਦੀਆਂ ਸਮਾਨਤਾ ਦੀਆਂ ਸਿੱਖਿਆਵਾਂ, ਅਤੇ ਏਕਤਾ, ਨਿਰਸਵਾਰਥਤਾ ਅਤੇ ਹਮਦਰਦੀ ਦੀਆਂ ਕਦਰਾਂ-ਕੀਮਤਾਂ @ਤੇ ਵਿਚਾਰ ਕਰਨ ਲਈ ਇਕੱਠੇ ਹੋਣਗੇ ਜਿਨ੍ਹਾਂ ਨੂੰ ਉਨ੍ਹਾਂ ਨੇ ਬਰਕਰਾਰ ਰੱਖਿਆ। ਇਹ ਮਹੱਤਵਪੂਰਨ ਕਦਰਾਂ-ਕੀਮਤਾਂ ਅੱਜ ਵੀ ਸਿੱਖ ਕੈਨੇਡੀਅਨਾਂ ਦਾ ਮਾਰਗਦਰਸ਼ਨ ਕਰਦੀਆਂ ਰਹਿੰਦੀਆਂ ਹਨ, ਅਤੇ ਸਾਰੇ ਕੈਨੇਡੀਅਨਾਂ ਲਈ ਪ੍ਰੇਰਨਾ ਬਣ ਸਕਦੀਆਂ ਹਨ ਕਿਉਂਕਿ ਅਸੀਂ ਸਾਰਿਆਂ ਲਈ ਬਿਹਤਰ ਭਵਿੱਖ ਬਣਾਉਣ ਦੀ ਕੋਸ਼ਿਸ਼ ਕਰਦੇ ਹਾਂ। ਕੈਨੇਡਾ ਦੁਨੀਆ ਭਰ ਦੇ ਸਭ ਤੋਂ ਵੱਡੇ ਸਿੱਖ ਭਾਈਚਾਰੇ ਦਾ ਘਰ ਹੈ। ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਸਾਡੇ ਸਾਰਿਆਂ ਲਈ ਕੈਨੇਡਾ ਦੇ ਸੱਭਿਆਚਾਰ, ਭਾਈਚਾਰੇ ਅਤੇ ਆਰਥਿਕਤਾ ਵਿੱਚ ਸਿੱਖ ਕੈਨੇਡੀਅਨਾਂ ਦੇ ਬਹੁਤ ਸਾਰੇ ਯੋਗਦਾਨ ਨੂੰ ਮਾਨਤਾ ਦੇਣ ਦਾ ਇੱਕ ਮੌਕਾ ਹੈ, ਜਿਸ ਨਾਲ ਸਾਡੇ ਦੇਸ਼ ਨੂੰ ਮਜ਼ਬੂਤ ਅਤੇ ਵਧੇਰੇ ਜੀਵੰਤ ਬਣਾਇਆ ਜਾ ਰਿਹਾ ਹੈ।ਦੀਵਾਨਾਂ ਦੀ ਸਮਾਪਤੀ ਉਪਰੰਤ ਗੁਰੂ ਕੇ ਲੰਗਰ ਤੇ ਮਠਿਆਈਆਂ ਦੇ ਲੰਗਰ ਅਤੁੱਟ ਵਰਤਾਏ ਗਏ। ਆਖਿਰ ਤੇ ਸਮਾਪਤੀ ਦੀ ਅਰਦਾਸ ਭਾਈ ਸੇਵਾ ਸਿੰਘ ਹੋਰਾ ਵਲੋਂ ਕੀਤੀ ਗਈ ਤੇ ਸੰਗਤਾਂ ਦਾ ਗੁਰੂਘਰ ਪਹੁੰਚਣ ਤੇ ਧੰਨਵਾਦ ਕੀਤਾ।

# ਖ਼ਾਲਿਸਤਾਨੀਆਂ ਤੋਂ ਡਰ ਰਹੇ ਨੇ ਕੈਨੇਡਾ 'ਚ ਰਹਿੰਦੇ ਹਿੰਦੂ, ਕਿਹਾ-ਸਾਡੀ ਜਾਨ ਨੂੰ ਹੈ ਖ਼ਤਰਾ

ਸਰੀ : ਕੈਨੇਡਾ ਦੇ ਸਰੀ ਦਾ ਲਕਸ਼ਮੀ ਨਰਾਇਣ ਮੰਦਰ ਖਾਲਿਸਤਾਨੀਆਂ ਅਤੇ ਹਿੰਦੂ ਭਾਈਚਾਰੇ ਵਿਚਾਲੇ ਤਣਾਅ ਦਾ ਕੇਂਦਰ ਬਣਿਆ ਹੋਇਆ ਹੈ। ਸਥਾਨਕ ਮੀਡੀਆ ਰਿਪੋਰਟਾਂ ਮੁਤਾਬਕ ਹਿੰਦੂ ਸ਼ਰਧਾਲੂਆਂ ਨੂੰ ਉਥੇ ਕਥਿਤ ਤੌਰ 'ਤੇ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਇਸ ਦੇ ਨਾਲ ਹੀ ਖਾਲਿਸਤਾਨੀ ਧੜੇ ਹਿੰਦੂ ਭਾਈਚਾਰੇ ਦੇ ਲੋਕਾਂ ਨੂੰ ਨਿਸ਼ਾਨਾ ਬਣਾਉਣ ਦੀਆਂ ਧਮਕੀਆਂ ਦੇ ਰਹੇ ਹਨ। ਇੰਨਾ ਹੀ ਨਹੀਂ ਹਿੰਦੂ ਭਾਈਚਾਰੇ ਦੇ ਲੋਕਾਂ ਨੂੰ ਉਸ ਇਲਾਕੇ ਤੋਂ ਦੂਰ ਜਾਣ ਲਈ ਮਜਬੂਰ ਕੀਤਾ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਕੈਨੇਡਾ 'ਚ ਭਾਰਤੀ ਮੂਲ ਦੇ ਸੰਸਦ ਮੈਂਬਰ ਚੰਦਰ ਆਰੀਆ ਨੇ ਦਾਅਵਾ ਕੀਤਾ ਸੀ ਕਿ ਸਰੀ ਦੇ ਲਕਸ਼ਮੀ ਨਰਾਇਣ ਮੰਦਰ ਨੂੰ ਲਗਾਤਾਰ ਨਿਸ਼ਾਨਾ ਬਣਾਏ ਜਾਣ ਦੀ ਧਮਕੀ ਦਿੱਤੀ ਜਾ ਰਹੀ ਹੈ। ਨਿਊਜ਼18 ਦੀ ਰਿਪੋਰਟ ਮੁਤਾਬਕ ਹਿੰਦੂ ਭਾਈਚਾਰੇ ਦੇ ਇੱਕ ਨੌਜਵਾਨ ਨੇ ਦੱਸਿਆ ਕਿ ਖਾਲਿਸਤਾਨੀ ਅਕਸਰ ਆ ਕੇ ਵਿਰੋਧ ਕਰਦੇ ਹਨ। ਉਨ੍ਹਾਂ ਦੇ ਕਾਰਨ ਸਾਨੂੰ ਆਪਣੀ ਜਾਨ ਦਾ ਡਰ ਹੈ। ਚਿੰਤਾ ਵਾਲੀ ਗੱਲ ਇਹ ਹੈ ਕਿ ਕੈਨੇਡੀਅਨ ਸਰਕਾਰ ਕੋਈ ਦਿਲਚਸਪੀ ਨਹੀਂ ਦਿਖਾ ਰਹੀ ਹੈ ਅਤੇ ਸਾਡੀਆਂ ਵਾਰ-ਵਾਰ ਸ਼ਿਕਾਇਤਾਂ ਕਰਨ ਦੇ ਬਾਵਜੂਦ ਉਨ੍ਹਾਂ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ ਹੈ।



**ਕਾਲੀਬਾੜੀ ਮੰਦਿਰ ਵਿੱਚ ਕੀਤਾ ਗਿਆ ਪ੍ਰਦਰਸ਼ਨ**

ਹਾਲ ਹੀ ਵਿੱਚ ਕੈਨੇਡਾ ਦੇ ਮਿਸੀਸਾਗਾ ਵਿੱਚ ਖਾਲਿਸਤਾਨੀ ਵੱਖਵਾਦੀ-ਅੱਤਵਾਦੀ ਲਹਿਰ ਨਾਲ ਜੁੜੇ ਲੋਕਾਂ ਨੇ ਕਾਲੀਬਾੜੀ ਮੰਦਰ ਦੇ ਬਾਹਰ ਇੱਕ ਅਖੌਤੀ ਵਿਰੋਧ ਪ੍ਰਦਰਸ਼ਨ ਕੀਤਾ। ਅਖੌਤੀ ਪ੍ਰਦਰਸ਼ਨਕਾਰੀਆਂ ਨੇ ਅੱਤਵਾਦੀ ਹਰਦੀਪ ਸਿੰਘ ਨਿੱਝਰ ਲਈ ਵੀ ਇਨਸਾਫ ਦੀ ਮੰਗ ਕੀਤੀ, ਜਿਸ ਨੂੰ ਜੂਨ ਮਹੀਨੇ ਕੈਨੇਡਾ ਦੇ ਸਰੀ ਵਿਖੇ ਗੋਲੀ ਮਾਰ ਕੇ ਮਾਰ ਦਿੱਤਾ ਗਿਆ ਸੀ। ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਨਿੱਝਰ ਦੇ ਕਤਲ ਲਈ ਭਾਰਤ ਨੂੰ ਜ਼ਿੰਮੇਵਾਰ ਠਹਿਰਾਇਆ ਹੈ, ਜਿਸ ਤੋਂ ਬਾਅਦ ਦੋਵਾਂ ਦੇਸ਼ਾਂ ਦੇ ਸਬੰਧਾਂ ਵਿੱਚ ਖਟਾਸ ਆ ਗਈ ਹੈ।

**ਮੰਦਰ ਪ੍ਰਸ਼ਾਸਨ ਕਾਫੀ ਚਿੰਤਤ**

ਇਸ ਤੋਂ ਪਹਿਲਾਂ ਅਪ੍ਰੈਲ ਵਿੱਚ, ਕਾਲੀਬਾੜੀ ਮੰਦਿਰ ਦੇ ਅਧਿਕਾਰੀਆਂ ਨੇ ਮੰਦਰ ਵਿੱਚ ਹੋਈਆਂ ਚੋਰੀਆਂ ਬਾਰੇ ਚਿੰਤਾ ਜ਼ਾਹਰ ਕੀਤੀ ਸੀ, ਪਰ ਉਨ੍ਹਾਂ ਦਾ ਕਹਿਣਾ ਸੀ ਕਿ ਮੰਦਰ ਨੂੰ ਨਿਸ਼ਾਨਾ ਬਣਾਉਣ ਦਾ ਮੂਲ ਉਦੇਸ਼ ਉੱਥੇ ਰਹਿੰਦੇ ਹਿੰਦੂ ਭਾਈਚਾਰੇ ਦੇ ਲੋਕਾਂ ਵਿੱਚ ਡਰ ਪੈਦਾ ਕਰਨਾ ਸੀ। ਇਸ ਤੋਂ ਪਹਿਲਾਂ ਵੀ ਕੈਨੇਡਾ ਵਿੱਚ ਮੰਦਰਾਂ ਨੂੰ ਨਿਸ਼ਾਨਾ ਬਣਾਉਣ ਦੀਆਂ ਕਈ ਹੋਰ ਘਟਨਾਵਾਂ ਸਾਹਮਣੇ ਆ ਚੁੱਕੀਆਂ ਹਨ। ਕੈਨੇਡਾ ਸਥਿਤ ਭਾਰਤੀ ਦੂਤਘਰ ਨੇ ਇਨ੍ਹਾਂ ਘਟਨਾਵਾਂ 'ਤੇ ਤਿੱਖੀ ਪ੍ਰਤੀਕਿਰਿਆ ਪ੍ਰਗਟਾਈ ਹੈ।

# ਪਾਕਿਸਤਾਨ 'ਚ ਆਮ ਲੋਕਾਂ ਲਈ ਖਾਣਾ ਵੀ ਔਖਾ, ਮਹਿੰਗਾਈ ਨੇ ਚਾਰੇ ਪਾਸੇ ਮਚਾਈ ਹਾਹਾਕਾਰ

ਗੁਆਂਢੀ ਦੇਸ਼ ਪਾਕਿਸਤਾਨ ਲੰਬੇ ਸਮੇਂ ਤੋਂ ਆਰਥਿਕ ਸੰਕਟ ਨਾਲ ਜੂਝ ਰਿਹਾ ਹੈ। ਦੇਸ਼ ਦੇ ਹਾਲਾਤ ਸਮੇਂ ਦੇ ਨਾਲ ਵਿਗੜਦੇ ਜਾ ਰਹੇ ਹਨ। ਮਹਿੰਗਾਈ ਨੇ ਆਮ ਲੋਕਾਂ ਦਾ ਲੱਕ ਤੋੜ ਕੇ ਰੱਖ ਦਿੱਤਾ ਹੈ। ਲਗਾਤਾਰ ਦੂਜੇ ਹਫਤੇ ਦੇਸ਼ ਦੀ ਮਹਿੰਗਾਈ ਦਰ 40 ਫੀਸਦੀ ਤੋਂ ਉਪਰ ਬਣੀ ਹੋਈ ਹੈ। ਪਾਕਿਸਤਾਨੀ ਅਖਬਾਰ ਡਾਨ 'ਚ ਛਪੀ ਖਬਰ ਮੁਤਾਬਕ ਪਾਕਿਸਤਾਨ 'ਚ ਗੈਸ ਦੀਆਂ ਵਧਦੀਆਂ ਕੀਮਤਾਂ ਕਾਰਨ ਦੇਸ਼ 'ਚ ਮਹਿੰਗਾਈ 'ਚ ਭਾਰੀ ਵਾਧਾ ਦਰਜ ਕੀਤਾ ਗਿਆ ਹੈ। ਪਾਕਿਸਤਾਨ ਬਿਊਰੋ ਆਫ ਸਟੈਟਿਸਟਿਕਸ ਵੱਲੋਂ ਜਾਰੀ ਅੰਕੜਿਆਂ ਮੁਤਾਬਕ 23 ਨਵੰਬਰ ਨੂੰ ਖਤਮ ਹੋਏ ਹਫਤੇ 'ਚ ਦੇਸ਼ ਦੀ ਮਹਿੰਗਾਈ ਦਰ 41.13 ਫੀਸਦੀ ਦਰਜ ਕੀਤੀ ਗਈ। ਦੇਸ਼ 'ਚ ਪਿਛਲੇ ਇਕ ਸਾਲ 'ਚ ਗੈਸ ਦੀਆਂ ਕੀਮਤਾਂ 'ਚ 1100 ਰੁਪਏ ਤੋਂ ਜ਼ਿਆਦਾ ਦਾ ਵਾਧਾ ਹੋਇਆ ਹੈ।

**ਖਾਣ-ਪੀਣ ਤੋਂ ਲੈ ਕੇ ਇਹ ਸਾਰੀਆਂ ਚੀਜ਼ਾਂ ਮਹਿੰਗੀਆਂ ਹੋ ਗਈਆਂ**

ਗੈਸ ਤੋਂ ਇਲਾਵਾ ਪਾਕਿਸਤਾਨ 'ਚ ਖਾਣ-ਪੀਣ ਦੀਆਂ ਵਸਤੂਆਂ ਦੀਆਂ ਕੀਮਤਾਂ 'ਚ ਜ਼ਬਰਦਸਤ ਵਾਧਾ ਹੋਇਆ ਹੈ। ਦੇਸ਼ 'ਚ ਆਟੇ ਦੀਆਂ ਕੀਮਤਾਂ 'ਚ 88.2 ਫੀਸਦੀ ਦਾ ਭਾਰੀ ਵਾਧਾ ਹੋਇਆ ਹੈ। ਇਸ ਤੋਂ ਇਲਾਵਾ ਬਾਸਮਤੀ ਚੌਲ 76.6 ਫੀਸਦੀ, ਚਾਵਲ 62.3 ਫੀਸਦੀ, ਚਾਹ ਪੱਤੀ 53 ਫੀਸਦੀ, ਲਾਲ ਮਿਰਚ ਪਾਊਡਰ 81.70 ਫੀਸਦੀ, ਗੁੜ 50.8 ਫੀਸਦੀ ਅਤੇ ਆਲੂ 47.9 ਫੀਸਦੀ ਮਹਿੰਗਾ ਹੋਇਆ ਹੈ। ਪਿਛਲੇ ਇਕ ਸਾਲ ਵਿਚ ਦੇਸ਼ ਵਿਚ ਪਿਆਜ਼ ਦੀਆਂ ਕੀਮਤਾਂ ਵਿਚ 36.2 ਫੀਸਦੀ, ਟਮਾਟਰ ਦੀਆਂ ਕੀਮਤਾਂ ਵਿਚ 18.1 ਫੀਸਦੀ, ਸਰ੍ਹੋਂ ਦੇ ਤੇਲ ਦੀਆਂ ਕੀਮਤਾਂ ਵਿਚ 4 ਫੀਸਦੀ ਅਤੇ ਬਨਸਪਤੀ ਤੇਲ ਦੀਆਂ ਕੀਮਤਾਂ ਵਿਚ 2.90 ਫੀਸਦੀ ਦੀ ਕਮੀ ਆਈ ਹੈ। ਦੇਸ਼ ਦੀ ਥੋੜ੍ਹੇ ਸਮੇਂ ਦੀ ਮੁਦਰਾਸਫੀਤੀ, ਜਿਸ ਨੂੰ ਸੰਵੇਦਨਸ਼ੀਲ ਮੁੱਲ ਸੂਚਕ (ਐਸਪੀਆਈ) ਕਿਹਾ ਜਾਂਦਾ ਹੈ, ਵਿੱਚ ਪਿਛਲੇ ਇੱਕ ਹਫ਼ਤੇ ਵਿੱਚ 10 ਪ੍ਰਤੀਸ਼ਤ ਦੀ ਛਾਲ ਦੇਖਣ ਨੂੰ ਮਿਲੀ ਹੈ ਅਤੇ ਇਹ 308.90 ਦੇ ਮੁਕਾਬਲੇ 309.09 ਪ੍ਰਤੀਸ਼ਤ ਤੱਕ ਪਹੁੰਚ ਗਈ ਹੈ।

# ਨਿਤਨੇਮ ਕਰ ਰਹੇ ਨਿਹੰਗ ਸਿੰਘਾਂ 'ਤੇ ਗੋਲੀ ਚਲਵਾਉਣ ਲਈ ਮੁੱਖ ਮੰਤਰੀ ਭਗਵੰਤ ਮਾਨ 'ਤੇ ਤੁਰੰਤ ਮੁਕੱਦਮਾ ਦਰਜ ਹੋਣਾ ਚਾਹੀਦਾ ਹੈ : ਭਾਈ ਸੁਖਵਿੰਦਰ ਸਿੰਘ ਅਗਵਾਨ

ਅਮ੍ਰਿਤਸਰ : ਸ਼ਹੀਦ ਭਾਈ ਸਤਵੰਤ ਸਿੰਘ ਅਗਵਾਨ ਦੇ ਭਤੀਜੇ ਭਾਈ ਸੁਖਵਿੰਦਰ ਸਿੰਘ ਅਗਵਾਨ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਦਿੱਤੇ ਹੁਕਮਾਂ ਕਾਰਣ ਪੰਜਾਬ ਪੁਲਿਸ ਵੱਲੋਂ ਬੂਟਾਂ ਸਮੇਤ ਇਤਿਹਾਸਕ ਗੁਰਦਵਾਰਾ ਸ਼੍ਰੀ ਅਕਾਲ ਬੁੰਗਾ ਸੁਲਤਾਨਪੁਰ ਲੋਧੀ ਵਿਖੇ ਦਾਖਲ ਹੋਈ ਅਤੇ ਨਿਤਨੇਮ ਕਰ ਰਹੇ ਨਿਹੰਗ ਸਿੰਘਾਂ 'ਤੇ ਗੋਲੀ ਚਲਾਉਣ ਲਈ ਮੁੱਖ ਮੰਤਰੀ ਭਗਵੰਤ ਮਾਨ 'ਤੇ ਤੁਰੰਤ ਮੁਕੱਦਮਾ ਦਰਜ ਹੋਣਾ ਚਾਹੀਦਾ ਹੈ। ਉਨਾਂ ਕਿਹਾਕਿ 27 ਨਵੰਬਰ ਨੂੰ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਅਵਤਾਰ ਗੁਰਪੁਰਬ ਹੈ।ਇਸ ਮੌਕੇ ਭਗਵੰਤ ਮਾਨ ਤੇ ਪੁਲਿਸ ਵੱਲੋਂ ਅਜਿਹਾ ਕਾਰਾ ਕਰਨਾ ਵੀ ਵੱਡਾ ਗੁਨਾਹ ਹੈ। ਭਾਈ ਅਗਵਾਨ ਨੇ ਕਿਹਾ ਕਿ ਇਹ ਰਿਵਾਇਤ ਹੈ ਕਿ ਨਿਹੰਗ ਸਿੰਘ ਦਲਾਂ ਵਿੱਚ ਪੈਦਾ ਹੋਏ ਵਿਵਾਦਾਂ ਨੂੰ ਹਮੇਸ਼ਾਂ ਦਲ ਪੰਥਾਂ ਦੇ ਮੁੱਖੀ ਹੀ ਹਲ ਕਰਦੇ ਹਨ। ਉਨਾਂ ਹੋਮ ਗਾਰਡ ਦੇ ਜਵਾਨ ਜਸਪਾਲ ਸਿੰਘ ਦੀ ਮੌਤ @ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਪਰ ਉਸਦੀ ਮੌਤ ਦਾ ਜਿੰਮੇਵਾਰ ਵੀ ਭਗਵੰਤ ਮਾਨ ਹੀ ਹੈ। ਉਨਾਂ ਸੰਬੰਧਿਤ ਪੁਲਿਸ ਅਧਿਕਾਰੀਆਂ ਨੂੰ ਤੁਰੰਤ ਮੁਅੱਤਲ ਕਰਨ ਦੀ ਵੀ ਮੰਗ ਕੀਤੀ। ਉਨਾਂ ਸਵਾਲ ਕੀਤੀ ਕਿ ਭਗਵੰਤ ਮਾਨ ਇਹ ਵੀ ਦੱਸੇ ਕਿ ਉਸਦੀ ਕੀ ਮਜ਼ਬੂਰੀ ਸੀ ਕਿ ਉਸਨੇ ਗੁਰਦਵਾਰਾ ਸ਼੍ਰੀ ਅਕਾਲ ਬੁੰਗਾ 'ਤੇ ਅੰਨੇਵਾਹ ਗੋਲੀ ਚਲਾਉਣ ਦੇ ਹੁਕਮ ਦਿੱਤੇ। ਕੀ ਭਗਵੰਤ ਮਾਨ ਨੇ ਗੋਲੀ ਚਲਾਉਣ ਦੇ ਹੁਕਮ ਬਾਬਾ ਬਲਬੀਰ ਸਿੰਘ ਬੁੱਢਾ ਦਲ ਦੇ ਨਾਲ ਆਪਣੇ ਨੇੜਲੇ ਸੰਬੰਧਾਂ ਕਾਰਣ ਦੂਜੇ ਧੜੇ ਦੇ ਨਿਹੰਗ ਸਿੰਘਾਂ ਤੋਂ ਕਬਜ਼ਾ ਹਰ ਹਾਲਤ ਖਾਲੀ ਕਰਵਾਉਣ ਲਈ ਦਿੱਤੇ ਸਨ। ਭਗਵੰਤ ਮਾਨ, ਉਨਾਂ ਦੀ ਪਤਨੀ ਡਾਕਟਰ ਗੁਰਪ੍ਰੀਤ ਕੌਰ ਅਤੇ ਭੈਣ ਮਨਪ੍ਰੀਤ ਕੌਰ ਦੀ ਨਿਹੰਗ ਮੁੱਖੀ ਬਾਬਾ ਬਲਬੀਰ ਸਿੰਘ ਨਾਲ ਨੇੜਲੀ ਸਾਂਝ ਨੂੰ ਸਾਬਤ ਕਰਦੀਆਂ ਕਈ ਵੀਡੀਓਜ ਤੇ ਫੋਟੋਆਂ ਵੀ ਜਨਤਕ ਤੌਰ @ਤੇ ਮੌਜੂਦ ਹਨ। ਭਗਵੰਤ ਮਾਨ ਦੇ ਦੂਜੇ ਵਿਆਹ ਦੀਆਂ ਧਾਰਮਿਕ ਰਸਮਾਂ ਵੀ ਬਾਬਾ ਬਲਬੀਰ ਸਿੰਘ ਦੇ ਦਲ ਪੰਥ ਨੇ ਕੀਤੀਆਂ। ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਵਾਲੀ ਪਾਲਕੀ ਸਾਹਿਬ ਵੀ ਬਾਬਾ ਬਲਬੀਰ ਸਿੰਘ ਦੇ



ਸਿੰਘ ਹੀ ਭਗਵੰਤ ਮਾਨ ਦੇ ਵਿਆਹ @ਤੇ ਲੈਕੇ ਆਏ ਸੀ।ਜਿਸ ਸਰੂਪ ਦੀ ਪੁਲਿਸ ਵੱਲੋਂ ਮੁੱਖ ਮੰਤਰੀ ਨਿਵਾਸ ਦੇ ਗੇਟ @ਤੇ ਤਲਾਸ਼ੀ ਵੀ ਲਈ ਗਈ ਸੀ ਤੇ ਘੋਰ ਨਿਰਾਦਰ ਵੀ ਕੀਤਾ ਗਿਆ ਸੀ। ਭਗਵੰਤ ਮਾਨ ਖੁਦ ਹੀ ਲੰਬੇ ਸਮੇਂ ਤੋਂ ਦਾਅਵਾ ਕਰਦਾ ਆਇਆ ਹੈ ਕਿ ਸੂਬੇ ਅੰਦਰ ਲੋਕਾਂ ਉੱਤੇ ਪੁਲਿਸ ਨੂੰ ਗੋਲੀ ਚਲਾਉਣ ਦੇ ਹੁਕਮ ਹਮੇਸ਼ਾਂ ਮੁੱਖ ਮੰਤਰੀ ਜਾਂ ਗ੍ਰਹਿ ਮੰਤਰੀ ਵੱਲੋਂ ਹੀ ਦਿੱਤੇ ਜਾਂਦੇ ਹਨ। ਉਨਾਂ ਕਿਹਾਕਿ ਭਗਵੰਤ ਮਾਨ @ਤੇ ਧਾਰਾ 302 @ਤੇ ਧਾਰਮਿਕ ਭਾਵਨਾਵਾਂ ਨੂੰ ਸੱਟ ਮਾਰਣ ਦਾ ਕੇਸ ਦਰਜ ਕਰਨਾ ਬਣਦਾ ਹੈ।ਉਥੇ ਕਿਸੇ ਵੀ ਤਰਾਂ ਦੇ ਲਾਅ ਐਂਡ ਆਰਡਰ ਦੀ ਸਥਿਤੀ ਨਹੀਂ ਸੀ।ਨਿਹੰਗ ਸਿੰਘ ਪਿਛਲੇ ਤਿੰਨ ਦਿਨ ਤੋਂ ਗੁਰਦਵਾਰਾ ਸ਼੍ਰੀ ਅਕਾਲ ਬੁੰਗਾ ਸਾਹਿਬ ਵਿੱਚ ਮੌਜੂਦ ਸਨ। ਜਿਸ ਸਮੇਂ ਪੁਲਿਸ ਵੱਲੋਂ ਨਿਹੰਗ ਸਿੰਘਾਂ @ਤੇ ਗੋਲੀ ਚਲਾਈ ਗਈ ਉਸ ਸਮੇਂ ਪ੍ਰਸਾਸ਼ਨ ਵੱਲੋਂ ਉਥੇ ਕੋਈ ਵੀ ਮੈਜਿਸਟ੍ਰੇਟ ਤਾਇਨਾਤ ਨਹੀਂ ਸੀ ਅਤੇ ਨਾਂ ਹੀ ਉਸ ਸਮੇਂ ਉਥੇ ਕੋਈ ਮੈਜਿਸਟ੍ਰੇਟ ਹਾਜ਼ਰ ਹੀ ਸੀ ਅਤੇ ਨਾਂ ਹੀ ਪੁਲਿਸ ਵੱਲੋਂ ਕਾਰਵਾਈ ਕਰਨ ਤੋਂ ਪਹਿਲਾਂ ਕੋਈ ਅਨਾਊਂਸਮੈਂਟ ਹੀ ਕੀਤੀ ਗਈ। ਕਪੂਰਥਲਾ ਦੇ ਸਿਵਲ ਅਫਸਰਾਂ ਨੂੰ ਚੇਤਾਵਨੀ ਦੇਂਦਿਆਂ ਕਿ ਉਹ ਕਿਸੇ ਵੀ ਦਬਾਅ ਹੇਠ ਪ੍ਰਸਾਸ਼ਨ ਦੇ ਪਰਦਾ ਪਾਉਣ ਦੇ ਯਤਨਾਂ ਦਾ ਹਿੱਸਾ ਨਾਂ ਬਨਣ।

# Preetnama

Khara Sach

ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREET NEWS.COM

Cheif Editor
Pritpal Kaur
+1 201-312-4180

Vol 4, Issue 230 | Website: www.preetnama.com Email preetnamausa@gmail.com | 08 DEC TO 14 DEC, 2023

**Long Island NY - Dr. Bobby K Kalotee organized a Victory Party to congratulate to all candidates of 2023 election in Antuns by Minar Hicksville Long- Island NY on December 4th , 2023. Mr. Vimal Goel , Deepal Bansal , Jasbir Jay Singh and all community leaders , guests were there . More than 400 people attended this victory party . All winners were honored with silk shawl,Turbans and few with big framed citations. Guests enjoyed yummy food too.**











Photos By : Thakur Photography

















# Preetnama

ਪ੍ਰੀਤਨਾਮਾ
ਖ਼ਰਾ ਸੱਚ

Khara Sach

On our English language New Website
WWW.PREET NEWS.COM

Cheif Editor
Pritpal Kaur
+1 201-312-4180

Vol 4, Issue 230

Website: www.preetnama.com Email preetnamausa@gmail.com

08 DEC TO 14 DEC, 2023









Photos By : Thakur Photography










# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREET NEWS.COM

Cheif Editor
Pritpal Kaur
+1 201-312-4180

Vol 4, Issue 230

Website: www.preetnama.com Email preetnamausa@gmail.com

08 DEC TO 14 DEC, 2023














Photos By : Thakur Photography













# ਚੀਨ ਦੇ ਬੱਚਿਆਂ 'ਚ ਫੈਲੀ ਬਿਮਾਰੀ ਕੀ ਹੈ, ਭਾਰਤ ਨੂੰ ਕਿੰਨਾ ਖ਼ਤਰਾ ਤੇ ਕੀ ਕੋਵਿਡ ਨਾਲ ਕੋਈ ਲਿੰਕ ਹੈ



ਚਾਰ ਸਾਲ ਪਹਿਲਾਂ ਚੀਨ ਤੋਂ ਸ਼ੁਰੂ ਹੋਏ ਕੋਵਿਡ ਲਾਗ ਦੇ ਮਾਮਲੇ ਹੌਲੀ-ਹੌਲੀ ਦੁਨੀਆ 'ਚ ਫੈਲ ਗਏ ਸਨ ਅਤੇ ਲੱਖਾਂ ਦੀ ਗਿਣਤੀ 'ਚ ਲੋਕ ਇਸ ਨਾਮੁਰਾਦ ਬਿਮਾਰੀ ਦਾ ਸ਼ਿਕਾਰ ਹੋਏ ਸਨ। ਹੁਣ ਚੀਨ ਦੇ ਉੱਤਰੀ ਇਲਾਕੇ 'ਚ ਬੱਚਿਆਂ 'ਚ ਨਿਮੋਨੀਆ ਦੀਆਂ ਖ਼ਬਰਾਂ ਚਿੰਤਾ ਦਾ ਵਿਸ਼ਾ ਬਣ ਗਈਆਂ ਹਨ।ਕਈ ਰਿਪੋਰਟਾਂ 'ਚ ਤਾਂ ਇਹ ਵੀ ਦਾਅਵਾ ਕੀਤਾ ਜਾ ਰਿਹਾ ਹੈ ਕਿ ਚੀਨ ਦੇ ਉੱਤਰੀ ਇਲਾਕੇ ਦੇ ਹਸਪਤਾਲਾਂ 'ਚ ਵੱਡੀ ਗਿਣਤੀ 'ਚ ਬਿਮਾਰ ਬੱਚੇ ਇਲਾਜ ਲਈ ਭਰਤੀ ਹੋ ਰਹੇ ਹਨ।ਚੀਨ 'ਚ ਕੋਵਿਡ ਸਬੰਧੀ ਹਟਾਈਆਂ ਗਈਆਂ ਪਾਬੰਦੀਆਂ ਅਤੇ ਸਰਦੀ ਦੇ ਮੌਸਮ ਨੂੰ ਵੀ ਇਸ ਸਾਹ ਦੀ ਬਿਮਾਰੀ ਨਾਲ ਜੋੜ ਕੇ ਵੇਖਿਆ ਜਾ ਰਿਹਾ ਹੈ।ਖ਼ਬਰ ਏਜੰਸੀ ਰਾਇਟਰਜ਼ ਦੇ ਹਵਾਲੇ ਤੋਂ ਵਿਸ਼ਵ ਸਿਹਤ ਸੰਗਠਨ ਦੀ ਇੱਕ ਅਧਿਕਾਰੀ ਨੇ ਕਿਹਾ ਹੈ ਕਿ ਚੀਨ 'ਚ ਸਾਹ ਦੀ ਬਿਮਾਰੀ ਦੇ ਜੋ ਮਾਮਲੇ ਸਾਹਮਣੇ ਆ ਰਹੇ ਹਨ, ਉਹ ਕੋਵਿਡ ਜਿੰਨੇ ਨਹੀਂ ਹਨ ਅਤੇ ਨਾਲ ਹੀ ਉਨ੍ਹਾਂ ਇਸ ਗੱਲ ਨੂੰ ਦੁਹਰਾਇਆ ਕਿ ਹਾਲ ਦੇ ਮਾਮਲਿਆਂ 'ਚ ਕੋਈ ਨਵਾਂ ਜਾਂ ਅਸਾਧਾਰਨ ਪੈਥੋਜਨ ਯਾਨੀ ਜਰਾਸੀਮ ਨਹੀਂ ਪਾਇਆ ਗਿਆ ਹੈ।ਵਿਸ਼ਵ ਸਿਹਤ ਸੰਗਠਨ ਦੀ ਕਾਰਜਕਾਰੀ ਨਿਰਦੇਸ਼ਕ ਮਾਰੀਆ ਵੇਨ ਨੇ ਕਿਹਾ ਕਿ ਚੀਨ ਦੇ ਬੱਚਿਆਂ 'ਚ ਇਨ੍ਹਾਂ ਮਾਮਲਿਆਂ ਦੇ ਵਧਣ ਦਾ ਕਾਰਨ ਕੋਵਿਡ ਸਬੰਧੀ ਦੋ ਸਾਲ ਤੱਕ ਲੱਗੀ ਪਾਬੰਦੀ ਜਾਪਦੀ ਹੈ, ਜਿਸ ਨੇ ਬੱਚਿਆਂ ਨੂੰ ਇਸ ਜਰਾਸੀਮ ਤੋਂ ਦੂਰ ਰੱਖਿਆ ਹੈ।ਉਨ੍ਹਾਂ ਦਾ ਕਹਿਣਾ ਸੀ , ਅਸੀਂ ਮਹਾਂਮਾਰੀ ਤੋਂ ਪਹਿਲਾਂ ਦੀ ਸਥਿਤੀ ਦੀ ਤੁਲਨਾ ਕਰਨ ਲਈ ਕਿਹਾ ਹੈ ਅਤੇ ਜੋ ਲਹਿਰ ਮੌਜੂਦਾ ਸਮੇਂ ਦੇਖੀ ਜਾ ਰਹੀ ਹੈ ਉਹ ਉਸ ਪੱਧਰ ਦੀ ਨਹੀਂ ਹੈ, ਜੋ ਕਿ ਸਾਲ 2018-19 'ਚ ਆਈ ਕੋਰੋਨਾ ਦੀ ਲਹਿਰ ਦੀ ਸੀ। ਚੀਨ ਦੇ ਰਾਸ਼ਟਰੀ ਸਿਹਤ ਕਮਿਸ਼ਨ ਦੇ ਬੁਲਾਰੇ ਮੀ ਫੇਂਗ ਨੇ ਐਤਵਾਰ ਨੂੰ ਕਿਹਾ ਕਿ ਸਾਹ ਦੀ ਬਿਮਾਰੀ ਦੇ ਵਾਧੇ ਦਾ ਕਾਰਨ ਕਈ ਤਰ੍ਹਾਂ ਦੇ ਰੋਗਾਣੂਆਂ ਦੀ ਮੌਜੂਦਗੀ ਹੈ, ਜਿਨ੍ਹਾਂ 'ਚ ਇਨਫਲੂਐਂਜ਼ਾ ਮੁੱਖ ਤੌਰ 'ਤੇ ਹੈ।ਚੀਨ ਭਾਰਤ ਦਾ ਗੁਆਂਢੀ ਮੁਲਕ ਹੈ। ਅਜਿਹੇ 'ਚ ਭਾਰਤ ਸਰਕਾਰ ਨੇ ਵੀ ਇਸ ਬਿਮਾਰੀ ਤੋਂ ਬਚਾਅ ਲਈ ਸਾਰੀ ਸਥਿਤੀ ਦਾ ਜਾਇਜ਼ਾ ਲਿਆ ਹੈ।

**ਭਾਰਤ ਸਰਕਾਰ ਦੀ ਤਿਆਰੀ**

ਕੇਂਦਰੀ ਸਿਹਤ ਮੰਤਰਾਲੇ ਨੇ ਹਾਲ ਹੀ 'ਚ ਸਾਹ ਸਬੰਧੀ ਬਿਮਾਰੀਆਂ ਨਾਲ ਨਜਿੱਠਣ ਲਈ ਤਿਆਰੀਆਂ ਅਤੇ ਉਪਾਵਾਂ ਬਾਰੇ ਇੱਕ ਵਿਸਤ੍ਰਿਤ ਸਮੀਖਿਆ ਬੈਠਕ ਕੀਤੀ।ਪ੍ਰੈੱਸ ਸੂਚਨਾ ਬਿਊਰੋ ਵੱਲੋਂ ਦਿੱਤੀ ਗਈ ਜਾਣਕਾਰੀ ਮੁਤਾਬਕ ਸਿਹਤ ਸਕੱਤਰ ਨੇ ਸਾਰੇ ਸੂਬਿਆਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਪੱਤਰ ਲਿਖ ਕੇ ਜਨਤਕ ਸਿਹਤ ਕੇਂਦਰਾਂ ਅਤੇ ਹਸਪਤਾਲਾਂ ਨੂੰ ਇਸ ਬੀਮਾਰੀ ਅਤੇ ਸਥਿਤੀ ਸਬੰਧੀ ਤਿਆਰੀਆਂ ਕਰਨ ਅਤੇ ਸਮੀਖਿਆ ਕਰਨ ਦੀ ਸਲਾਹ ਦਿੱਤੀ ਹੈ।ਇਸ ਪੱਤਰ 'ਚ ਕਿਹਾ ਗਿਆ ਹੈ ਕਿ ਹਸਪਤਾਲ 'ਚ ਫਲੂ ਲਈ ਦਵਾਈਆਂ, ਟੀਕੇ, ਮੈਡੀਕਲ ਆਕਸੀਜਨ, ਐਂਟੀਬਾਇਓਟਿਕ ਦਵਾਈਆਂ, ਨਿੱਜੀ ਸੁਰੱਖਿਆ ਦੇ ਉਪਕਰਨ, ਟੈਸਟਿੰਗ ਕਿੱਟਾਂ, ਆਕਸੀਜਨ ਪਲਾਂਟ ਅਤੇ ਵੈਂਟੀਲੇਟਰਾਂ ਦੀ ਲੋੜੀਂਦੀ ਉਪਲਬਧਤਾ ਅਤੇ ਹੋਰ ਜ਼ਰੂਰੀ ਉਪਾਵਾਂ ਦਾ ਪ੍ਰਬੰਧ ਹੋਣਾ ਚਾਹੀਦਾ ਹੈ।ਇਸ ਦੇ ਨਾਲ ਹੀ ਸਾਰੇ ਸੂਬਿਆਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ 'ਕੋਵਿਡ-19 'ਚ ਸੋਧੀ ਨਿਗਰਾਨੀ ਰਣਨੀਤੀ' ਲਈ ਦਿਸ਼ਾ-ਨਿਰਦੇਸ਼ ਵੀ ਲਾਗੂ ਕਰਨ ਦੀ ਸਲਾਹ ਦਿੱਤੀ ਗਈ ਹੈ।ਇਸ ਨੀਤੀ ਨੂੰ ਇਸੇ ਸਾਲ ਦੇ ਸ਼ੁਰੂ 'ਚ ਇਸ ਨੂੰ ਜਾਰੀ ਕੀਤਾ ਗਿਆ ਸੀ।ਇਸ 'ਚ ਇਨਫਲੂਐਂਜ਼ਾ ਵਰਗੀ ਬਿਮਾਰੀ (ਆਈਐਲਆਈ) ਅਤੇ ਤੀਬਰ ਸਾਹ ਦੀ ਬਿਮਾਰੀ (ਐੱਸਆਰਆਈ) ਦੀ ਨਿਗਰਾਨੀ ਰੱਖਣ ਦੀ ਸਲਾਹ ਦਿੱਤੀ ਗਈ ਹੈ।ਦਿੱਲੀ ਸਥਿਤ ਆਲ ਇੰਡੀਆ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਿਜ਼, ਏਮਜ਼ 'ਚ ਪਲਮਨਰੀ ਅਤੇ ਕ੍ਰਿਟੀਕਲ ਕੇਅਰ (ਗੰਭੀਰ ਹਾਲਾਤ 'ਚ ਦੇਖਭਾਲ) ਅਤੇ ਸਲੀਪ ਮੈਡੀਸਨ ਦੇ ਮੁਖੀ ਡਾਕਟਰ ਅਨੰਤ ਮੋਹਨ ਦਾ ਕਹਿਣਾ ਹੈ ਕਿ ਵਿਸ਼ਵ ਸਿਹਤ ਸੰਗਠਨ ਨੂੰ ਜੋ ਜਾਣਕਾਰੀ ਚੀਨ ਤੋਂ ਹਾਸਲ ਹੋਈ ਹੈ, ਉਸ ਤੋਂ ਇਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਜੋ ਆਮ ਕੀਟਾਣੂ ਖੰਘ ਅਤੇ ਜ਼ੁਕਾਮ ਦਾ ਕਾਰਨ ਬਣਦੇ ਹਨ, ਉਹ ਕੀਟਾਣੂ ਉਹ ਹੀ ਹਨ।ਉਹ ਕਹਿੰਦੇ ਹਨ, ਅਜਿਹੇ ਮਾਮਲਿਆਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ ਅਤੇ ਇਸ ਦਾ ਇੱਕ ਮੁੱਖ ਕਾਰਨ ਜ਼ਿਆਦਾ ਟੈਸਟਿੰਗ ਹੋ ਸਕਦਾ ਹੈ, ਪਰ ਇਹ ਕੋਈ ਨਵਾਂ ਕੀਟਾਣੂ ਨਹੀਂ ਹੈ।

**ਕੀ ਚੀਨ ਦੇ ਬੱਚਿਆਂ 'ਚ ਫੈਲੀ ਬਿਮਾਰੀ ਛੂਤ ਵਾਲੀ ਹੈ ?**

ਡਾਕਟਰਾਂ ਮੁਤਾਬਕ ਇਹ ਕਮਿਊਨੀਕੇਬਲ ਜਾਂ ਛੂਤ ਦੀ ਬਿਮਾਰੀ ਹੈ।ਜੇਕਰ ਸਰਲ ਭਾਸ਼ਾ 'ਚ ਗੱਲ ਕੀਤੀ ਜਾਵੇ ਤਾਂ ਸਾਹ ਲੈਣ ਨਾਲ ਸਬੰਧਤ ਬਿਮਾਰੀਆਂ ਛੂਤ ਵਾਲੀਆਂ ਬਿਮਾਰੀਆਂ ਹੁੰਦੀਆਂ ਹਨ।ਇਸ ਬਿਮਾਰੀ ਦੇ ਵਾਇਰਸ ਜਾਂ ਬੈਕਟੀਰੀਆ ਦੀਆਂ ਬੂੰਦਾਂ ਖੰਘਣ, ਹੱਸਣ, ਛਿੱਕਣ ਜਾਂ ਬੋਲਣ ਨਾਲ ਫੈਲਦੇ ਹਨ।ਡਾਕਟਰ ਵੇਦ ਪ੍ਰਕਾਸ਼ ਲਖਨਊ 'ਚ ਕਿੰਗ ਜਾਰਜ ਮੈਡੀਕਲ ਯੂਨੀਵਰਸਿਟੀ 'ਚ ਪਲਮਨਰੀ ਅਤੇ ਕ੍ਰਿਟੀਕਲ ਕੇਅਰ ਮੈਡੀਸਨ ਦੇ ਮੁਖੀ ਹਨ।ਉਨ੍ਹਾਂ ਦਾ ਕਹਿਣਾ ਹੈ ਕਿ ਕੋਵਿਡ ਦੌਰਾਨ ਲੱਗੀਆਂ ਪਾਬੰਦੀਆਂ ਹੱਟਣ ਤੋਂ ਬਾਅਦ ਚੀਨ 'ਚ ਇਹ ਪਹਿਲੀ ਸਰਦੀ ਹੈ ਅਤੇ ਇਸ ਕਰਕੇ ਉੱਥੋਂ ਦੇ ਲੋਕਾਂ ਦੀ ਪ੍ਰਤੀਰੋਧਕ ਸਮਰੱਥਾ ਘੱਟ ਹੋਵੇਗੀ।ਇਸ ਦੇ ਨਾਲ ਹੀ ਉਨ੍ਹਾਂ ਇਹ ਵੀ ਕਿਹਾ ਕਿ ਚੀਨ 'ਚ ਕੋਈ ਨਵਾਂ ਵਾਇਰਸ , ਬੈਕਟੀਰੀਆ ਦਾ ਰੋਗਾਣੂ ਨਹੀਂ ਪਾਇਆ ਗਿਆ ਹੈ।

**ਮਾਈਕੋਪਲਾਜ਼ਮਾ, ਆਰਐੱਸਵੀ ਹੈ ਕੀ ?**

ਡਾਕਟਰਾਂ ਦਾ ਕਹਿਣਾ ਹੈ ਕਿ ਵਾਇਰਸ ਅਤੇ ਬੈਕਟੀਰੀਆ, ਇਹ ਸਾਰੇ ਅਜਿਹੇ ਸੂਖਮ ਰੋਗਾਣੂ ਹੁੰਦੇ ਹਨ , ਜਿਨ੍ਹਾਂ ਨਾਲ ਅਜਿਹੀ ਬਿਮਾਰੀ ਫੈਲ ਸਕਦੀ ਹੈ। ਡਾਕਟਰ ਵੇਦ ਪ੍ਰਕਾਸ਼ ਸਮਝਾਉਂਦੇ ਹੋਏ ਦੱਸਦੇ ਹਨ ਕਿ ਮਾਈਕੋਪਲਾਜ਼ਮਾ ਇੱਕ ਕੀਟਾਣੂ ਹੈ ਅਤੇ ਇਹ ਜ਼ਿਆਦਾਤਰ ਬੱਚਿਆਂ 'ਤੇ ਹੀ ਹਮਲਾ ਕਰਦਾ ਹੈ।ਇਹ ਗਲੇ ਅਤੇ ਸਾਹ ਪ੍ਰਣਾਲੀ ਨੂੰ ਪ੍ਰਭਾਵਿਤ ਕਰਦਾ ਹੈ, ਜਿਸ ਕਾਰਨ ਨਿਮੋਨੀਆ ਹੋ ਸਕਦਾ ਹੈ।ਆਰਐੱਸਵੀ ਇੱਕ ਤਰ੍ਹਾਂ ਦਾ ਵਾਇਰਸ ਹੈ, ਜਿਸ ਨੂੰ ਅੰਗਰੇਜ਼ੀ 'ਚ ਰੈਸਪਰੇਟਰੀ ਸਿੰਕਆਟੀਅਲ ਵਾਇਰਸ ਕਿਹਾ ਜਾਂਦਾ ਹੈ।ਡਾ. ਅਨੰਤ ਮੋਹਨ ਦੇ ਅਨੁਸਾਰ ਇਹ ਵਾਇਰਸ ਉਪਰਲੀ ਸਾਹ ਦੀ ਨਲੀ, ਨੱਕ ਅਤੇ ਗਲੇ ਨੂੰ ਪ੍ਰਭਾਵਿਤ ਕਰਦਾ ਹੈ ਅਤੇ ਜ਼ੁਕਾਮ, ਖੰਘ ਅਤੇ ਬੁਖਾਰ ਦਾ ਕਾਰਨ ਬਣਦਾ ਹੈ।ਮਾਈਕੋਪਲਾਜ਼ਮਾ, ਆਰਐੱਸਵੀ ਜਾਂ ਫਲੂ ਇਹ ਬਹੁਤ ਆਮ ਹਨ ਅਤੇ ਜੇਕਰ ਬਹੁਤ ਗੰਭੀਰ ਵੀ ਨਾ ਹੋਣ ਤਾਂ ਐਂਟੀਬਾਇਓਟਿਕ ਜ਼ਰੀਏ ਇਨ੍ਹਾਂ ਨੂੰ ਠੀਕ ਕੀਤਾ ਜਾ ਸਕਦਾ ਹੈ।

**ਇਸ ਦੇ ਲੱਛਣ ਕੀ ਹਨ ?**

ਡਾਕਟਰ ਇਸ ਦੇ ਕਈ ਲੱਛਣ ਦੱਸਦੇ ਹਨ, ਜੋ ਕਿ ਆਮ ਵੇਖੇ ਜਾ ਸਕਦੇ ਹਨ। ਡਾਕਟਰਾਂ ਮੁਤਾਬਕ ਕਈ ਵਾਰ ਤਾਂ ਇਹ ਆਪਣੇ ਆਪ ਹੀ ਠੀਕ ਹੋ ਜਾਂਦਾ ਹੈ।ਕਈ ਵਾਰ ਇਸ ਨੂੰ ਠੀਕ ਕਰਨ ਲਈ ਅਲਰਜੀ ਦੀਆਂ ਦਵਾਈਆਂ ਵੀ ਦਿੱਤੀਆਂ ਜਾਂਦੀਆਂ ਹਨ, ਪਰ ਜਦੋਂ ਇਹ ਨਿਮੋਨੀਆ 'ਚ ਤਬਦੀਲ ਹੋਣ ਲੱਗਦਾ ਹੈ ਤਾਂ ਐਂਟੀਬਾਇਓਟਿਕ ਦਵਾਈਆਂ ਦਿੱਤੀਆਂ ਜਾਂਦੀਆਂ ਹਨ।

**ਕੀ ਇਸ ਬਿਮਾਰੀ ਦਾ ਕੋਵਿਡ ਨਾਲ ਕੋਈ ਸਬੰਧ ਹੈ ?**

ਡਾਕਟਰ ਅਨੰਤ ਮੋਹਨ ਦਾ ਕਹਿਣਾ ਹੈ ਕਿ ਕੋਵਿਡ ਨੂੰ ਚੀਨ 'ਚ ਫੈਲੇ ਫਲੂ ਨਾਲ ਜੋੜ ਕੇ ਵੇਖਣਾ ਮੁਸ਼ਕਲ ਹੈ।ਉਨ੍ਹਾਂ ਮੁਤਾਬਕ, ਇਹ ਸੰਭਵ ਹੈ ਕਿ ਜਿਨ੍ਹਾਂ ਨੂੰ ਕਰੋਨਾ ਨਹੀਂ ਹੋਇਆ, ਉਨ੍ਹਾਂ ਦੇ ਸਰੀਰ 'ਚ ਐਂਟੀਬਾਡੀ ਨਾ ਬਣੇ ਹੋਣ। ਇਹ ਇੱਕ ਸਿਧਾਂਤ ਯਾਨੀ ਥਿਓਰੀ ਹੋ ਸਕਦੀ ਹੈ, ਪਰ ਇਹ ਵੀ ਜ਼ਰੂਰੀ ਨਹੀਂ ਹੈ ਕਿ ਕਰੋਨਾ ਦੀ ਐਂਟੀਬਾਡੀ ਫਲੂ ਦੇ ਦੂਜੇ ਵਾਇਰਸ ਤੋਂ ਸੁਰੱਖਿਆ ਪ੍ਰਦਾਨ ਕਰੇ। ਹੁਣ ਫਲੂ ਲਈ ਵੀ ਵੈਕਸੀਨ ਉਪਲਬਧ ਹਨ ਅਤੇ ਉਸ ਸੰਬੰਧੀ ਦਿਸ਼ਾ-ਨਿਰਦੇਸ਼ ਵੀ ਹਨ। ਇਸ ਲਈ ਉਹ ਵੀ ਲਿਆ ਜਾ ਸਕਦਾ ਹੈ।ਪਰ ਡਾਕਟਰ ਅਨੰਤ ਇਸ ਗੱਲ 'ਤੇ ਵੀ ਜ਼ੋਰ ਦਿੰਦੇ ਹਨ ਕਿ ਟੀਕੇ ਨੂੰ ਪੂਰੀ ਤਰ੍ਹਾਂ ਨਾਲ ਸੁਰੱਖਿਅਤ ਨਹੀਂ ਮੰਨਿਆ ਜਾ ਸਕਦਾ ਹੈ ਅਤੇ ਬਚਾਅ ਹਮੇਸ਼ਾਂ ਹੀ ਕਰਨਾ ਚਾਹੀਦਾ ਹੈ।ਦੂਜੇ ਪਾਸੇ ਡਾਕਟਰ ਵੇਦ ਪ੍ਰਕਾਸ਼ ਦਾ ਕਹਿਣਾ ਕੁਝ ਹੋਰ ਹੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਜਿਨ੍ਹਾਂ ਬੱਚਿਆਂ ਜਾਂ ਲੋਕਾਂ ਨੂੰ ਟੀਕੇ ਨਹੀਂ ਲੱਗੇ ਹਨ ਅਤੇ ਉਨ੍ਹਾਂ ਨੂੰ ਕੋਵਿਡ ਵੀ ਨਹੀਂ ਹੋਇਆ ਹੈ। ਜਿਨ੍ਹਾਂ ਦਾ ਮੌਸਮ ਬਦਲਣ 'ਤੇ ਉਸ ਨਾਲ ਸਿੱਧਾ ਟਾਕਰਾ ਨਾ ਹੋਇਆ ਹੋਵੇ, ਬੈਕਟੀਰੀਆ, ਵਾਇਰਸ ਜਾਂ ਫਲੂ ਨਹੀਂ ਹੋਇਆ ਹੈ ਤਾਂ ਉਨ੍ਹਾਂ 'ਚ ਪ੍ਰਤੀਰੋਧਕ ਸਮਰੱਥਾ ਨਹੀਂ ਹੁੰਦੀ ਹੈ। ਅਜਿਹੀ ਸਥਿਤੀ 'ਚ ਘੱਟ ਪ੍ਰਭਾਵਸ਼ਾਲੀ ਬੈਕਟੀਰੀਆ ਜਾਂ ਵਾਇਰਸ ਦਾ ਪ੍ਰਭਾਵ ਅਜਿਹੇ ਲੋਕਾਂ 'ਤੇ ਜ਼ਿਆਦਾ ਪੈਂਦਾ ਹੈ। ਉਹ ਅੱਗੇ ਕਹਿੰਦੇ ਹਨ ਕਿ ਛੋਟੇ ਬੱਚਿਆਂ ਲਈ ਵੈਕਸੀਨ ਦੀ ਵਰਤੋਂ ਨਹੀਂ ਹੋਈ ਹੈ, ਇਸ ਲਈ ਉਨ੍ਹਾਂ ਦੇ ਲਈ ਜ਼ਿਆਦਾ ਖ਼ਤਰਾ ਹੈ।ਇਸ ਤਰ੍ਹਾਂ ਹੀ ਉਹ ਬਾਲਗ ਵੀ ਇਸ ਸੂਚੀ 'ਚ ਸ਼ਾਮਲ ਹਨ, ਜਿਨ੍ਹਾਂ ਨੂੰ ਨਾ ਤਾਂ ਟੀਕਾ ਲੱਗਿਆ ਹੈ ਅਤੇ ਨਾ ਹੀ ਉਨ੍ਹਾਂ ਨੂੰ ਕੋਵਿਡ ਹੋਇਆ ਹੈ।ਇਸ ਦੇ ਨਾਲ ਹੀ ਗਰਭਵਤੀ ਔਰਤਾਂ ਅਤੇ ਹਾਈ ਬਲੱਡ ਪ੍ਰੈਸ਼ਰ, ਸ਼ੂਗਰ ਆਦਿ ਵਰਗੀਆਂ ਬਿਮਾਰੀਆਂ ਨਾਲ ਪ੍ਰਭਾਵਿਤ ਲੋਕਾਂ ਨੂੰ ਇਸ ਤਰ੍ਹਾਂ ਦੀ ਲਾਗ ਦਾ ਸ਼ਿਕਾਰ ਹੋਣ ਦਾ ਖ਼ਤਰਾ ਵੱਧ ਜਾਂਦਾ ਹੈ।

# ਗੁਰਪਤਵੰਤ ਪੰਨੂ ਦੇ ਕਤਲ ਦੀ ਸਾਜ਼ਿਸ਼ ਦੇ ਮਾਮਲੇ 'ਚ ਹੁਣ ਅਮਰੀਕਾ ਨੂੰ ਇਸ ਗੱਲ ਦਾ ਇੰਤਜ਼ਾਰ ਹੈ






ਅਫ਼ਸਰ ਦੇ ਹੁਕਮਾਂ ਤੇ ਕੰਮ ਕਰ ਰਿਹਾ ਸੀ, ਹਾਲਾਂਕਿ ਭਾਰਤੀ ਅਫ਼ਸਰ ਦੇ ਨਾਂਅ ਦਾ ਜ਼ਿਕਰ ਨਹੀਂ ਕੀਤਾ ਗਿਆ। ਅਮਰੀਕੀ ਵਕੀਲਾਂ ਵੱਲੋਂ ਅਦਾਲਤ ਵਿੱਚ ਪੇਸ਼ ਕੀਤੇ ਗਏ ਦਸਤਾਵੇਜ਼ਾਂ ਵਿਚ ਪੀੜ੍ਹਤ ਦਾ ਨਾਂ ਨਹੀਂ ਹੈ ਪਰ ਮੀਡੀਆ ਦੀਆਂ ਰਿਪੋਰਟਾਂ ਮੁਤਾਬਕ ਨਿਸ਼ਾਨਾ ਸਿੱਖ ਵੱਖਵਾਦੀ ਆਗੂ ਗੁਰਪਤਵੰਤ ਸਿੰਘ ਪੰਨੂ ਸੀ। ਗੁਰਪਤਵੰਤ ਸਿੰਘ ਪੰਨੂ ਨੂੰ ਭਾਰਤ ਵਿੱਚ ਅੱਤਵਾਦੀ ਐਲਾਨਿਆ ਗਿਆ ਹੈ। ਇਨ੍ਹਾਂ ਦਾਅਵਿਆਂ ਤੋਂ ਬਾਅਦ ਮੀਡੀਆ ਰਿਪੋਰਟਾਂ ਵਿੱਚ ਇਹ ਸਾਹਮਣੇ ਆਇਆ ਕਿ ਬਾਇਡਨ ਪ੍ਰਸ਼ਾਸਨ ਇਸ ਸਾਜ਼ਿਸ਼ ਦੇ ਸਾਹਮਣੇ ਆਉਣ ਤੋਂ ਬਾਅਦ ਚਿੰਤਤ ਸੀ।

ਇਸੇ ਕਾਰਨ ਸੀਆਈਏ ਦੇ ਡਾਇਰੈਕਟਰ ਵਿਲੀਅਮ ਜੇ ਬਰਨਜ਼ ਅਤੇ ਨੈਸ਼ਨਲ ਇੰਟੈਲੀਜੈਂਸ ਦੇ ਡਾਇਰੈਕਟਰ ਐਵਰਿਲ ਹੇਨਜ਼ ਨੂੰ ਅਗਸਤ ਅਤੇ ਅਕਤੂਬਰ ਮਹੀਨਿਆਂ ਵਿੱਚ ਭਾਰਤ ਭੇਜਿਆ ਗਿਆ ਸੀ ਤਾਂ ਜੋ ਭਾਰਤ ਨੂੰ ਇਸ ਮਾਮਲੇ ਦੀ ਜਾਂਚ ਕਰਨ ਅਤੇ ਜ਼ਿੰਮੇਵਾਰ ਵਿਅਕਤੀਆਂ ਨੂੰ ਸਜ਼ਾ ਦੇਣ ਲਈ ਕਿਹਾ ਜਾ ਸਕੇ।

ਪਿਛਲੇ ਹਫਤੇ ਅਮਰੀਕੀ ਵਿਦੇਸ਼ ਮੰਤਰੀ ਐਂਟਨੀ ਬਲਿੰਕਟਨ ਨੇ ਦੋਸ਼ਾਂ ਦੀ ਉੱਚ ਪੱਧਰੀ ਜਾਂਚ ਕਰਵਾਉਣ ਦੇ ਭਾਰਤ ਦੇ ਫੈਸਲੇ ਦਾ ਸਵਾਗਤ ਕਰਦੇ ਹੋਏ ਇਸ ਨੂੰ ਚੰਗਾ ਅਤੇ ਸਹੀ ਦੱਸਿਆ ਸੀ।

ਵ੍ਹਾਈਟ ਹਾਊਸ ਨੇ ਕਿਹਾ ਕਿ ਅਮਰੀਕਾ ਨੇ ਇਸ ਕਤਲ ਦੀ ਸਾਜ਼ਿਸ਼ ਦਾ ਮੁੱਦਾ ਉੱਚ ਪੱਧਰ ਤੇ ਭਾਰਤ ਕੋਲ ਚੁੱਕਿਆ ਹੈ।

ਇਸ ਤੋਂ ਪਹਿਲਾਂ ਕੈਨੇਡਾ ਨੇ ਭਾਰਤ @ਤੇ ਸਿੱਖ ਵੱਖਵਾਦੀ ਆਗੂ ਹਰਦੀਪ ਸਿੰਘ ਨਿੱਝਰ ਦੇ ਕਤਲ ਸ਼ਾਮਲ ਹੋਣ ਦਾ ਇਲਜ਼ਾਮ ਲਗਾਇਆ ਸੀ। ਕੈਨੇਡਾ ਦੇ ਇਨ੍ਹਾਂ ਇਲਜ਼ਾਮਾਂ ਤੋਂ ਬਾਅਦ ਭਾਰਤ ਅਤੇ ਕੈਨੇਡਾ ਦੇ ਸਬੰਧਾਂ ਵਿਚਾਲੇ ਤਣਾਅ ਆ ਗਿਆ ਸੀ।

# ਕੌਣ ਸੀ ਲਖਵੀਰ ਸਿੰਘ ਰੋਡੇ ਜੋ ਭਾਰਤ 'ਚ ਸੀ 'ਵਾਂਟੇਡ' ਤੇ ਹੁਣ ਆਈ ਮੌਤ ਦੀ ਖ਼ਬਰ

ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ ਦੀ ਵੈਬਸਾਈਟ ਅਨੁਸਾਰ ਪੰਜਾਬ ਵਿੱਚ ਅੱਤਵਾਦੀ ਗਤੀਵਿਧੀਆਂ ਜਾਰੀ ਰੱਖਣ ਦੇ ਮਕਸਦ ਨਾਲ ਭਾਰਤ ਵਿੱਚ ਹਥਿਆਰ ਭੇਜਣ ਵਿੱਚ ਕਥਿਤ ਤੌਰ ਉੱਤੇ ਸ਼ਾਮਿਲ ਸੀ।

**ਰੈੱਡ ਕਾਰਨਰ ਨੋਟਿਸ ਜਾਰੀ ਕੀਤਾ ਗਿਆ ਸੀ**

ਗ੍ਰਹਿ ਮੰਤਰਾਲੇ ਮੁਤਾਬਕ ਭਾਰਤ ਵਿੱਚ ਕਈ ਅਜਿਹੇ ਲੋਕਾਂ ਨੂੰ ਵਿਸਫੋਟਕਾਂ ਨਾਲ ਗ੍ਰਿਫ਼ਤਾਰ ਕੀਤਾ ਹੈ ਜਿਨ੍ਹਾਂ ਨੇ ਕਥਿਤ ਤੌਰ ਉੱਤੇ ਇਹ ਕਬੂਲਿਆ ਹੈ ਕਿ ਉਹ ਲਖਵੀਰ ਸਿੰਘ ਰੋਡੇ ਦੇ ਸੰਪਰਕ ਵਿੱਚ ਸਨ। ਲਖਵੀਰ ਸਿੰਘ ਰੋਡੇ ਖਿਲਾਫ਼ ਸਾਲ 1997 ਵਿੱਚ ਰੈਡ ਕਾਰਨਰ ਨੋਟਿਸ ਜਾਰੀ ਕੀਤਾ ਗਿਆ ਸੀ। ਲਖਵੀਰ ਸਿੰਘ ਰੋਡੇ ਦਾ ਨਾਂ ਹਾਲ ਹੀ ਦੇ ਦਿਨਾਂ ਵਿਚ ਉਸ ਵੇਲੇ ਮੁੜ ਚਰਚਾ ਵਿਚ ਆਇਆ ਸੀ ਜਦੋਂ ਇਸੇ ਸਾਲ 11 ਅਕਤੂਬਰ ਵਾਲੇ ਦਿਨ ਐਨਆਈਏ ਦੀ ਇੱਕ ਟੀਮ ਨੇ ਪਿੰਡ ਗੁਰੂਪੁਰਾ ਕੋਠੇ ਆ ਕੇ ਲਖਵੀਰ ਸਿੰਘ ਰੋਡੇ ਦੀ ਜ਼ਮੀਨ ਕੁਰਕ ਕਰਨ ਦੀ ਕਾਰਵਾਈ ਕੀਤੀ ਸੀ। ਇਹ ਕਾਰਵਾਈ ਮੁਹਾਲੀ ਸਥਿਤ ਐਨਆਈਏ ਦੀ ਅਦਾਲਤ ਦੇ ਲਖਵੀਰ ਸਿੰਘ ਰੋਡੇ ਦੀ ਜਾਇਦਾਦ ਯੂਏਪੀਏ ਦੀ ਧਾਰਾ (33)-5 ਅਧੀਨ ਜ਼ਬਤ ਕਰਨ ਦੇ ਹੁਕਮ ਦਿੱਤੇ ਸਨ। ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਜਸਵੀਰ ਸਿੰਘ ਰੋਡੇ ਨੇ ਸੋਸ਼ਲ ਮੀਡੀਆ ਤੇ ਲਿਖੀ ਆਪਣੀ ਪੋਸਟ ਵਿਚ ਲਿਖਿਆ ਹੈ, ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਪਰਿਵਾਰ ਦਾ ਜਲਾਵਤਨੀ ਜੁਝਾਰੂ ਸਿੱਖ ਭਾਈ ਲਖਵੀਰ ਸਿੰਘ ਰੋਡੇ ਅਕਾਲ ਚਲਾਣਾ ਕਰ ਗਏ ਹਨ ਆਪਣੇ ਘਰ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਭਾਈ ਜਸਵੀਰ ਸਿੰਘ ਰੋਡੇ ਨੇ ਕਿਹਾ ਕੇ ਉਨਾਂ ਦੇ ਪਰਿਵਾਰ ਨੇ ਸਿੱਖਾਂ ਨਾਲ ਹੁੰਦੇ ਧੱਕੇ ਵਿਰੁੱਧ ਡਟ ਕੇ ਲੜਾਈ ਲੜੀ ਹੈ। ਐਨਆਈਏ ਨੇ ਲਖਵੀਰ ਸਿੰਘ ਰੋਡੇ ਦੀ ਜਾਇਦਾਦ ਜ਼ਬਤ ਕੀਤੀ ਹੈ, ਜਿਸ ਦਾ ਪਰਿਵਾਰ ਨੂੰ ਰੱਤੀ ਭਰ ਵੀ ਮਲਾਲ ਨਹੀਂ ਹੈ. ਐਨਆਈਏ ਚਾਹੇ ਤਾਂ ਮੇਰੇ ਘਰ ਵਿਚ ਵੀ ਲਖਵੀਰ ਸਿੰਘ ਰੋਡੇ ਦਾ ਹਿੱਸਾ ਹੈ, ਉਸ ਨੂੰ ਵੀ ਜ਼ਬਤ ਕਰ ਸਕਦੀ ਹੈ



# ਨਿਖਿਲ ਗੁਪਤਾ ਬਾਰੇ ਕੀ-ਕੀ ਪਤਾ ਹੈ ਜਿਸ ਨੇ ਭਾਰਤ ਦੀਆਂ ਮੁਸ਼ਕਿਲਾਂ ਵਧਾ ਦਿੱਤੀਆਂ ਹਨ



## ਮਾਮਲਾ ਕਿੱਥੇ ਫਸਿਆ ?

ਇਲਜ਼ਾਮ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਮਈ ਦੇ ਸ਼ੁਰੂਆਤੀ ਹਫ਼ਤਿਆਂ ਵਿੱਚ, ਭਾਰਤੀ ਅਧਿਕਾਰੀਆਂ ਨੇ ਇੱਕ ਐਨਕ੍ਰਿਪਟਡ ਐਪਲੀਕੇਸ਼ਨ ਰਾਹੀਂ ਨਿਖਿਲ ਗੁਪਤਾ ਨਾਲ ਸੰਪਰਕ ਕੀਤਾ ਸੀ।ਦਾਅਵਾ ਹੈ ਕਿ ਭਾਰਤੀ ਅਧਿਕਾਰੀ ਨੇ ਇੱਕ ਅਪਰਾਧਿਕ ਮਾਮਲੇ ਵਿੱਚ ਗੁਪਤਾ ਦੀ ਮਦਦ ਦੇ ਬਦਲੇ ਕਤਲ ਦਾ ਪ੍ਰਬੰਧ ਕਰਨ ਦੀ ਪੇਸ਼ਕਸ਼ ਕੀਤੀ ਸੀ।ਨਿਖਿਲ ਗੁਪਤਾ ਅਤੇ ਭਾਰਤੀ ਅਧਿਕਾਰੀ ਦਰਮਿਆਨ ਇਲੈਕਟ੍ਰਾਨਿਕ ਕਮਿਊਨੀਕੇਸ਼ਨ ਰਾਹੀਂ ਲਗਾਤਾਰ ਗੱਲਬਾਤ ਹੋ ਰਹੀ ਸੀ। ਇਸ ਤੋਂ ਇਲਾਵਾ ਦੋਵਾਂ ਦੀ ਮੁਲਾਕਾਤ ਦਿੱਲੀ 'ਚ ਵੀ ਹੋਈ ਸੀ।ਇਲਜ਼ਾਮ ਵਿਚ ਅਮਰੀਕੀ ਏਜੰਸੀ ਦੀ ਜਾਂਚ ਦਾ ਹਵਾਲਾ ਦਿੰਦੇ ਹੋਏ ਕਿਹਾ ਗਿਆ ਹੈ ਕਿ ਗੁਪਤਾ ਅਤੇ ਭਾਰਤੀ ਅਧਿਕਾਰੀ ਵਿਚਾਲੇ ਐਨਕ੍ਰਿਪਟਡ ਐਪ ਰਾਹੀਂ ਲਗਾਤਾਰ ਗੱਲਬਾਤ ਹੁੰਦੀ ਰਹੀ ਸੀ ਅਤੇ ਇਸ ਗੱਲਬਾਤ ਦੌਰਾਨ ਗੁਪਤਾ ਦਿੱਲੀ ਜਾਂ ਆਸਪਾਸ ਦੇ ਇਲਾਕਿਆਂ ਵਿਚ ਸੀ।ਇਲਜ਼ਾਮ ਵਿਚ ਦਾਅਵਾ ਕੀਤਾ ਗਿਆ ਹੈ ਕਿ 12 ਮਈ ਨੂੰ ਗੁਪਤਾ ਨੂੰ ਸੂਚਿਤ ਕੀਤਾ ਗਿਆ ਸੀ ਕਿ 'ਉਸ ਵਿਰੁੱਧ ਚੱਲ ਰਹੇ ਅਪਰਾਧਿਕ ਮਾਮਲਿਆਂ ਨੂੰ ਦੇਖ ਲਿਆ ਗਿਆ ਹੈ।ਉਨ੍ਹਾਂ ਨੂੰ ਇਹ ਵੀ ਦੱਸਿਆ ਗਿਆ ਸੀ ਕਿ 'ਗੁਜਰਾਤ ਪੁਲਿਸ ਵੱਲੋਂ ਹੁਣ ਕੋਈ ਕਾਲ ਨਹੀਂ ਕਰੇਗਾ।23 ਮਈ ਨੂੰ, ਭਾਰਤੀ ਅਧਿਕਾਰੀ ਨੇ ਫਿਰ ਗੁਪਤਾ ਨੂੰ ਭਰੋਸਾ ਦਿਵਾਇਆ ਕਿ 'ਉਨ੍ਹਾਂ ਨੇ ਆਪਣੇ ਬੌਸ ਨਾਲ ਗੱਲ ਕਰ ਲਈ ਹੈ ਅਤੇ ਗੁਜਰਾਤ ਵਿੱਚ ਜੋ ਮਾਮਲਾ ਹੈ, ਉਹ ਹੁਣ ਸਾਫ ਹੈ ਅਤੇ ਹੁਣ ਤੈਨੂੰ ਦੁਬਾਰਾ ਕਾਲ ਨਹੀਂ ਕਰੇਗਾ।ਇਲਜ਼ਾਮ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਭਾਰਤੀ ਅਧਿਕਾਰੀ ਨੇ ਗੁਪਤਾ ਦੀ ਇੱਕ ਡੀਸੀਪੀ ਨਾਲ ਮੁਲਾਕਾਤ ਦੀ ਵਿਵਸਥਾ ਵੀ ਕੀਤੀ।ਅਧਿਕਾਰੀ ਤੋਂ ਵਿਸ਼ਵਾਸ ਮਿਲਣ ਤੋਂ ਬਾਅਦ, ਗੁਪਤਾ ਨੇ ਨਿਊਯਾਰਕ ਵਿੱਚ ਕਤਲ ਕਰਨ ਦੀ ਯੋਜਨਾ ਨੂੰ ਅੱਗੇ ਵਧਾਇਆ। ਇਸ ਮੰਤਵ ਲਈ ਗੁਪਤਾ ਨੇ ਅਮਰੀਕਾ ਵਿਚ ਅਮਰੀਕੀ ਖ਼ੁਫ਼ੀਆ ਏਜੰਸੀ ਦੇ ਇਕ ਭਰੋਸੇਯੋਗ ਸੂਤਰ ਨਾਲ ਸੰਪਰਕ ਕੀਤਾ ਅਤੇ ਕਿਹਾ ਕਿ 'ਜਿਸ ਵਿਅਕਤੀ ਦਾ ਕਤਲ ਕੀਤਾ ਜਾਣਾ ਹੈ, ਉਹ ਨਿਊਯਾਰਕ ਅਤੇ ਕਿਸੇ ਹੋਰ ਅਮਰੀਕੀ ਸ਼ਹਿਰ ਵਿੱਚ ਆਉਂਦਾ-ਜਾਂਦਾ ਹੈ।

ਅਮਰੀਕੀ ਅਦਾਲਤ 'ਚ ਦਾਇਰ ਇਲਜ਼ਾਮਾਂ 'ਚ ਭਾਰਤੀ ਨਾਗਰਿਕ ਨਿਖਿਲ ਗੁਪਤਾ 'ਤੇ ਇੱਕ ਲੱਖ ਡਾਲਰ (ਤਕਰੀਬਨ 83 ਲੱਖ ਰੁਪਏ) ਦੀ ਨਕਦੀ ਬਦਲੇ ਅਮਰੀਕੀ ਨਾਗਰਿਕ ਦੇ ਕਤਲ ਦਾ ਠੇਕਾ ਦੇਣ ਦੇ ਇਲਜ਼ਾਮ ਲਗਾਏ ਗਏ ਹਨ।ਅਦਾਲਤ ਵਿਚ ਪੇਸ਼ ਕੀਤੇ ਗਏ ਦਸਤਾਵੇਜ਼ਾਂ ਅਨੁਸਾਰ ਨਿਖਿਲ ਗੁਪਤਾ ਨੇ ਭਾਰਤ ਸਰਕਾਰ ਲਈ ਕੰਮ ਕਰਨ ਵਾਲੇ ਇਕ ਅਧਿਕਾਰੀ ਦੇ ਨਿਰਦੇਸ਼ਾਂ 'ਤੇ ਅਮਰੀਕਾ ਵਿੱਚ ਇਕ ਹਿੱਟਮੈਨ ਨਾਲ ਸੰਪਰਕ ਕੀਤਾ ਅਤੇ ਉਸ ਨੂੰ ਇਕ ਸਿੱਖ ਵੱਖਵਾਦੀ ਨੇਤਾ ਨੂੰ ਮਾਰਨ ਦਾ ਠੇਕਾ ਦਿੱਤਾ।ਇਲਜ਼ਾਮ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਇੱਕ ਭਾਰਤੀ ਅਧਿਕਾਰੀ ਨਾਲ ਗੱਲਬਾਤ ਦੌਰਾਨ ਨਿਖਿਲ ਗੁਪਤਾ ਨੇ ਦੱਸਿਆ ਸੀ ਕਿ ਉਹ ਨਸ਼ੀਲੇ ਪਦਾਰਥਾਂ ਅਤੇ ਹਥਿਆਰਾਂ ਦੀ ਕੌਮਾਂਤਰੀ ਤਸਕਰੀ ਵਿੱਚ ਸ਼ਾਮਲ ਸੀ। ਇਲਜ਼ਾਮ ਵਿੱਚ ਇਹ ਵੀ ਦਾਅਵਾ ਕੀਤਾ ਗਿਆ ਹੈ ਕਿ ਨਿਖਿਲ ਗੁਪਤਾ ਗੁਜਰਾਤ ਵਿੱਚ ਇੱਕ ਅਪਰਾਧਿਕ ਕੇਸ ਚੱਲ ਰਿਹਾ ਹੈ ਜਿਸ ਵਿੱਚ ਮਦਦ ਦੇ ਬਦਲੇ ਉਸ ਨੇ ਇੱਕ ਭਾਰਤੀ ਅਧਿਕਾਰੀ ਲਈ ਨਿਊਯਾਰਕ ਵਿੱਚ ਕਤਲ ਕਰਵਾਉਣ ਲਈ ਤਿਆਰ ਹੋ ਗਿਆ।ਦਸਤਾਵੇਜ਼ ਦੇ ਅਨੁਸਾਰ, ਜਿਸ ਹਿੱਟਮੈਨ ਨਾਲ ਨਿਖਿਲ ਗੁਪਤਾ ਨੇ ਸੰਪਰਕ ਕੀਤਾ, ਉਹ ਅਮਰੀਕੀ ਖ਼ੁਫ਼ੀਆ ਵਿਭਾਗ ਦਾ ਇੱਕ ਅੰਡਰਕਵਰ ਏਜੰਟ ਸੀ।ਇਸ ਏਜੰਟ ਨੇ ਨਿਖਿਲ ਗੁਪਤਾ ਦੀਆਂ ਸਾਰੀਆਂ ਗਤੀਵਿਧੀਆਂ ਅਤੇ ਗੱਲਬਾਤ ਰਿਕਾਰਡ ਕੀਤੀ। ਇਸ ਆਧਾਰ 'ਤੇ ਇਹ ਮਾਮਲਾ ਦਰਜ ਕੀਤਾ ਗਿਆ ਹੈ।ਭਾਰਤੀ ਮੀਡੀਆ ਦੀਆਂ ਰਿਪੋਰਟਾਂ ਅਨੁਸਾਰ ਅਮਰੀਕਾ ਦੇ ਨਿਊਯਾਰਕ ਵਿੱਚ ਰਹਿ ਰਹੇ ਸਿੱਖ ਵੱਖਵਾਦੀ ਆਗੂ ਗੁਰਪਤਵੰਤ ਸਿੰਘ ਪੰਨੂ ਨੂੰ ਮਾਰਨ ਦਾ ਠੇਕਾ ਦਿੱਤਾ ਗਿਆ ਸੀ। ਪੰਨੂ ਨੇ ਵੀ ਇਕ ਪੱਤਰ ਜਾਰੀ ਕਰਕੇ ਇਸ ਨੂੰ ਆਪਣੇ ਖ਼ਿਲਾਫ਼ ਸਾਜ਼ਿਸ਼ ਦੱਸਿਆ ਹੈ। ਪੰਨੂ ਨੂੰ ਭਾਰਤ 'ਚ ਅੱਤਵਾਦੀ ਐਲਾਨਿਆ ਹੋਇਆ ਹੈ।ਪੰਨੂ ਨੇ ਜਨਤਕ ਤੌਰ 'ਤੇ ਵੱਖਰਾ ਖ਼ਾਲਿਸਤਾਨ ਦੇਸ਼ ਬਣਾਉਣ ਦੀ ਅਪੀਲ ਕੀਤੀ ਹੈ। ਹਾਲ ਹੀ 'ਚ ਉਨ੍ਹਾਂ ਨੇ ਏਅਰ ਇੰਡੀਆ ਦੇ ਜਹਾਜ਼ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਵੀ ਦਿੱਤੀ ਸੀ।ਇਲਜ਼ਾਮ ਵਿੱਚ ਦੱਸਿਆ ਗਿਆ ਹੈ ਕਿ ਜਿਸ ਅਧਿਕਾਰੀ ਨੇ ਨਿਖਿਲ ਗੁਪਤਾ ਨੂੰ ਸੁਪਾਰੀ ਦਿੱਤੀ ਸੀ, ਉਹ ਭਾਰਤ ਦੇ ਸੀਆਰਪੀਐੱਫ ਵਿੱਚ ਕੰਮ ਕਰਦਾ ਸੀ।

**ਗੰਭੀਰ ਇਲਜ਼ਾਮ**

ਇਲਜ਼ਾਮ ਮੁਤਾਬਕ ਮਈ 2023 ਵਿੱਚ ਅਧਿਕਾਰੀ ਨੇ ਨਿਖਿਲ ਗੁਪਤਾ ਨੂੰ ਅਮਰੀਕਾ ਵਿੱਚ ਕਤਲ ਕਰਵਾਉਣ ਦਾ ਟਾਸਕ ਦਿੱਤਾ ਸੀ।ਦਸਤਾਵੇਜ਼ ਮੁਤਾਬਕ ਨਿਖਿਲ ਗੁਪਤਾ ਭਾਰਤੀ ਨਾਗਰਿਕ ਹੈ ਅਤੇ ਭਾਰਤ 'ਚ ਰਹਿੰਦਾ ਹੈ।ਗੁਪਤਾ ਨੇ ਹਿੱਟਮੈਨ ਨਾਲ ਸੰਪਰਕ ਕਰਨ ਲਈ ਇੱਕ ਵਿਅਕਤੀ ਨਾਲ ਸੰਪਰਕ ਕੀਤਾ ਜਿਸ ਨੂੰ ਉਹ ਇੱਕ ਅਪਰਾਧਿਕ ਸਹਿਯੋਗੀ ਮੰਨ ਰਹੇ ਸਨ। ਦਰਅਸਲ ਇਹ ਵਿਅਕਤੀ ਅਮਰੀਕੀ ਖ਼ੁਫ਼ੀਆ ਏਜੰਸੀ ਦਾ ਭਰੋਸੇਯੋਗ ਸੂਤਰ ਸੀ।ਅਮਰੀਕੀ ਖ਼ੁਫ਼ੀਆ ਏਜੰਸੀ ਦੇ ਇੱਕ ਭਰੋਸੇਮੰਦ ਸੂਤਰ ਨੇ ਗੁਪਤਾ ਦਾ ਸੰਪਰਕ ਅਮਰੀਕੀ ਏਜੰਸੀ ਦੇ ਇੱਕ ਅੰਡਰਕਵਰ ਏਜੰਟ ਨਾਲ ਸੰਪਰਕ ਕਰਾਇਆ।ਗੁਪਤਾ ਅਤੇ ਅੰਡਰਕਵਰ ਏਜੰਟ ਵਿਚਕਾਰ ਇੱਕ ਲੱਖ ਅਮਰੀਕੀ ਡਾਲਰ ਦੇ ਬਦਲੇ ਕਤਲ ਕਰਨ ਦਾ ਸੌਦਾ ਹੋਇਆ।ਨਿਖਿਲ ਗੁਪਤਾ ਨੇ ਆਪਣੇ ਇੱਕ ਸੰਪਰਕ ਰਾਹੀਂ ਨਿਊਯਾਰਕ ਦੇ ਮੈਨਹਟਨ ਵਿੱਚ ਅਮਰੀਕੀ ਏਜੰਟ ਤੱਕ ਪੰਦਰਾਂ ਹਜ਼ਾਰ ਅਮਰੀਕੀ ਡਾਲਰ ਪਹੁੰਚਾਏ।ਇਹ ਕਤਲ ਦੇ ਕੰਮ ਲਈ ਪੇਸ਼ਗੀ ਦਿੱਤੀ ਗਈ ਸੀ। ਇਸ ਦੀ ਵੀਡੀਓ ਵੀ ਏਜੰਟ ਨੇ ਰਿਕਾਰਡ ਕੀਤੀ ਹੈ ਅਤੇ ਕੇਸ ਨਾਲ ਨੱਥੀ ਕਰ ਦਿੱਤੀ ਹੈ।ਇਲਜ਼ਾਮਾਂ ਅਨੁਸਾਰ, ਇਸ ਕੰਮ ਨੂੰ ਨਿਰਦੇਸ਼ਤ ਕਰ ਰਹੇ ਭਾਰਤੀ ਅਧਿਕਾਰੀ ਨੇ ਜੂਨ 2023 ਵਿੱਚ ਟਾਰਗੈਟ ਬਾਰੇ ਵਿਅਰਤੀਗਤ ਜਾਣਕਾਰੀਆਂ ਗੁਪਤਾ ਨੇ ਅੱਗੇ ਅਮਰੀਕੀ ਏਜੰਟ ਨੂੰ ਦੇ ਦਿੱਤੀਆਂ।ਇਨ੍ਹਾਂ ਵਿੱਚ ਟਾਰਗੈਟ ਵਿਅਕਤੀ ਦੀਆਂ ਤਸਵੀਰਾਂ ਅਤੇ ਘਰ ਦਾ ਪਤਾ ਵੀ ਸੀ।ਇਲਜ਼ਾਮ ਮੁਤਾਬਕ ਅਮਰੀਕਾ ਦੀ ਬੇਨਤੀ 'ਤੇ ਅਤੇ ਇਸ ਮਾਮਲੇ ਦੇ ਸਬੰਧ 'ਚ ਨਿਖਿਲ ਗੁਪਤਾ ਨੂੰ 30 ਜੂਨ 2023 ਨੂੰ ਚੈੱਕ ਗਣਰਾਜ @ਚ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਉਨ੍ਹਾਂ ਨੂੰ ਅਮਰੀਕਾ ਹਵਾਲੇ ਕੀਤਾ ਜਾਵੇਗਾ।

**ਭਾਰਤ ਦੀ ਪ੍ਰਤੀਕਿਰਿਆ**

ਇਲਜ਼ਾਮ ਵਿਚ ਦਾਅਵਾ ਕੀਤਾ ਗਿਆ ਹੈ ਕਿ ਗੁਪਤਾ ਨੇ ਨਿਊਯਾਰਕ ਵਿਚ ਕਤਲ ਹੋ ਜਾਣ ਤੋਂ ਬਾਅਦ ਅਮਰੀਕਾ ਅਤੇ ਕੈਨੇਡਾ ਵਿਚ ਹੋਰ ਕੰਮ ਦੇਣ ਦਾ ਵਾਅਦਾ ਏਜੰਟ ਨੂੰ ਕੀਤਾ ਸੀ।ਗੁਪਤਾ ਨੇ ਅਮਰੀਕੀ ਖ਼ੁਫ਼ੀਆ ਏਜੰਸੀ ਦੇ ਇੱਕ ਭਰੋਸੇਮੰਦ ਸੂਤਰ ਨੂੰ 18 ਜੂਨ ਨੂੰ ਕੈਨੇਡਾ ਵਿੱਚ ਹਰਦੀਪ ਸਿੰਘ ਨਿੱਝਰ ਦੇ ਕਤਲ ਤੋਂ ਬਾਅਦ 19 ਜੂਨ ਨੂੰ ਇੱਕ ਆਡੀਓ ਕਾਲ ਵਿੱਚ ਕਿਹਾ ਸੀ, ਸਾਨੂੰ ਹਰੀ ਝੰਡੀ ਮਿਲ ਗਈ ਹੈ, ਜਿੰਨੀ ਜਲਦੀ ਹੋ ਸਕੇ, ਇਸ ਕੰਮ ਨੂੰ ਪੂਰਾ ਕਰੋ।ਇਲਜ਼ਾਮਾਂ ਅਨੁਸਾਰ ਨਿਖਿਲ ਗੁਪਤਾ 30 ਜੂਨ ਨੂੰ ਭਾਰਤ ਤੋਂ ਚੈੱਕ ਗਣਰਾਜ ਦੀ ਯਾਤਰਾ ਕੀਤੀ ਅਤੇ ਉਸੇ ਦਿਨ ਚੈੱਕ ਪੁਲਿਸ ਨੇ ਅਮਰੀਕਾ ਦੀ ਬੇਨਤੀ 'ਤੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਸੀ।ਅਮਰੀਕਾ ਨੇ ਇਸ ਘਟਨਾਕ੍ਰਮ ਦੀ ਭਾਰਤ ਨੂੰ ਜਾਣਕਾਰੀ ਦਿੱਤੀ ਸੀ। ਭਾਰਤ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਅਰਿੰਦਮ ਬਾਗਚੀ ਨੇ ਇਕ ਬਿਆਨ ਜਾਰੀ ਕਰਕੇ ਕਿਹਾ ਹੈ ਕਿ ਭਾਰਤ ਇਨ੍ਹਾਂ ਇਲਜ਼ਾਮਾਂ ਨੂੰ ਗੰਭੀਰਤਾ ਨਾਲ ਲੈ ਰਿਹਾ ਹੈ।ਅਰਿੰਦਮ ਬਾਗਚੀ ਨੇ ਵੀਰਵਾਰ ਨੂੰ ਇੱਕ ਪ੍ਰੈਸ ਕਾਨਫਰੰਸ ਵਿੱਚ ਕਿਹਾ ਕਿ ਇਸ ਇਲਜ਼ਾਮ ਵਿੱਚ ਕਿਸੇ ਵੀ ਭਾਰਤੀ ਅਧਿਕਾਰੀ ਦਾ ਨਾਮ ਨਹੀਂ ਲਿਆ ਗਿਆ ਹੈ।ਬਾਗਚੀ ਨੇ ਕਿਹਾ, ਅਸੀਂ ਪਹਿਲਾਂ ਹੀ ਦੱਸ ਚੁੱਕੇ ਹਾਂ ਕਿ ਅਮਰੀਕਾ ਨਾਲ ਦੁਵੱਲੇ ਸੁਰੱਖਿਆ ਸਹਿਯੋਗ 'ਤੇ ਗੱਲਬਾਤ ਦੌਰਾਨ, ਅਮਰੀਕੀ ਪੱਖ ਨੇ ਕੁਝ ਇਨਪੁਟ ਸਾਂਝੇ ਕੀਤੇ ਸਨ, ਜੋ ,ਸੰਗਠਿਤ ਅਪਰਾਧੀਆਂ, ਅੱਤਵਾਦੀਆਂ, ਹਥਿਆਰਾਂ ਦੇ ਵਪਾਰੀਆਂ ਅਤੇ ਹੋਰਾਂ ਦੇ ਗਠਜੋੜ ਬਾਰੇ ਸੀ।


# ਅਵਤਾਰ ਸਿੰਘ ਖੰਡਾ ਨੂੰ ਲੈ ਕੇ ਵੱਡਾ ਖੁਲਾਸਾ, ਮੌਤ ਤੋਂ ਪਹਿਲਾਂ ਭਾਰਤੀ ਸੁਰੱਖਿਆ ਏਜੰਸੀਆਂ ਨੇ ਖੰਡੇ ਨਾਲ ਆਹ ਕੁੱਝ ਕੀਤਾ

ਲੰਡਨ : ਖਾਲਿਸਤਾਨ ਲਿਬਰੇਸ਼ਨ ਫੋਰਸ (ਕੇ.ਐੱਲ.ਐੱਫ.) ਦੇ ਮੁਖੀ ਅਤੇ ਅੰਮ੍ਰਿਤਪਾਲ ਸਿੰਘ ਦੇ ਹੈਂਡਲਰ ਅਵਤਾਰ ਸਿੰਘ ਖੰਡਾ ਦੀ ਮੌਤ ਨੂੰ ਲੈ ਕੇ ਇੱਕ ਫਿਰ ਸਵਾਲ ਖੜ੍ਹੇ ਹੋਣ ਲੱਗੇ ਹਨ। ਇਸ਼ਾਰਿਆਂ ਹੀ ਇਸ਼ਾਰਿਆਂ ਵਿੱਚ ਸਵਾਲ ਭਾਰਤੀ ਏਜੰਸੀਆਂ 'ਤੇ ਆ ਰਹੇ ਹਨ। ਯੂਕੇ ਮੀਡੀਆਂ ਦੀ ਜਾਂਚ ਰਿਪੋਰਟ ਵਿੱਚ ਪਇਆ ਗਿਆ ਕਿ ਅਵਤਾਰ ਸਿੰਘ ਖੰਡਾ ਦੀ ਮੌਤ ਤੋਂ ਪਹਿਲਾਂ ਉਸ ਨੂੰ ਤੰਗ ਪਰੇਸ਼ਾਨ ਕੀਤਾ ਗਿਆ ਸੀ। ਭਾਰਤ ਤੋਂ ਪੁਲਿਸ ਦੇ ਫੋਨ ਵੀ ਆਉਂਦੇ ਰਹੇ ਅਤੇ ਉਸ ਦੇ ਪਰਿਵਾਰ ਨੂੰ ਧਮਕੀਆਂ ਵੀ ਮਿਲਦੀਆਂ ਰਹੀਆਂ। ਯੂਕੇ ਮੀਡੀਆ ਦੀ ਜਾਂਚ ਰਿਪੋਰਟ ਵਿੱਚ ਖੰਡਾ ਦੇ ਕਰੀਬੀ ਲੋਕਾਂ ਦੇ ਇੰਟਰਵਿਊ ਦਾ ਜ਼ਿਕਰ ਕੀਤਾ ਗਿਆ ਹੈ। ਜਿਸ ਵਿੱਚ ਉਹ ਸਾਫ਼ ਕਹਿ ਰਹੇ ਹਨ ਕਿ ਖੰਡਾ ਆਪਣੀ ਮੌਤ ਤੋਂ ਇੱਕ ਹਫ਼ਤਾ ਪਹਿਲਾਂ ਪੂਰੀ ਤਰ੍ਹਾਂ ਤੰਦਰੁਸਤ ਸਨ। ਇੰਨਾ ਹੀ ਨਹੀਂ ਅਵਤਾਰ ਸਿੰਘ ਖੰਡਾ ਦੀ ਮਾਂ ਚਰਨ ਕੌਰ ਨੇ ਉਸ 'ਤੇ ਭਾਰਤ 'ਚ ਤੰਗ-ਪ੍ਰੇਸ਼ਾਨ ਕਰਨ ਦਾ ਦੋਸ਼ ਵੀ ਲਗਾਇਆ ਹੈ। ਬ੍ਰਿਟੇਨ ਦੇ ਅਖਬਾਰ 'ਦ ਗਾਰਡੀਅਨ' ਵਿਚ ਪ੍ਰਕਾਸ਼ਿਤ ਇਕ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਖੰਡਾ ਨੇ ਜੂਨ ਵਿਚ ਆਪਣੀ ਮੌਤ ਤੋਂ ਪਹਿਲਾਂ ਬਰਮਿੰਘਮ ਵਿਚ ਸ਼ਿਕਾਇਤ ਕੀਤੀ ਸੀ ਕਿ ਭਾਰਤੀ ਪੁਲਿਸ ਉਸ ਨੂੰ ਫ਼ੋਨ 'ਤੇ ਤੰਗ ਕਰ ਰਹੀ ਹੈ ਅਤੇ ਪੰਜਾਬ ਵਿਚ ਉਸ ਦੇ ਪਰਿਵਾਰ ਨੂੰ ਧਮਕੀਆਂ ਦੇ ਰਹੀ ਹੈ। ਇਸ ਦੇ ਨਾਲ ਹੀ 'ਦ ਗਾਰਡੀਅਨ ਨੇ ਭਾਰਤ ਵਿੱਚ ਰਹਿੰਦੀ ਮਾਂ ਚਰਨ ਕੌਰ ਅਤੇ ਭੈਣ ਜਸਪ੍ਰੀਤ ਕੌਰ ਵੱਲੋਂ ਇੱਕ ਵਿਦੇਸ਼ੀ ਮੀਡੀਆ ਨੂੰ ਦਿੱਤੀ ਇੰਟਰਵਿਊ ਦਾ ਵੀ ਜ਼ਿਕਰ ਕੀਤਾ ਹੈ। ਜਿਸ ਵਿੱਚ ਮਾਂ ਦਾ ਇਲਜ਼ਾਮ ਹੈ ਕਿ ਖੁਫੀਆ ਏਜੰਸੀਆਂ ਦੇ ਅਧਿਕਾਰੀ ਅਪਰੈਲ ਵਿੱਚ ਪੰਜਾਬ ਦੇ ਮੋਗਾ ਵਿੱਚ ਉਸ ਦੇ ਘਰ ਆਏ ਅਤੇ ਉਨ੍ਹਾਂ ਨੂੰ ਕਿਹਾ ਕਿ ਉਨ੍ਹਾਂ ਦੀ ਜਾਂਚ ਚੱਲ ਰਹੀ ਹੈ। ਪੁਲਿਸ ਨੇ ਉਸ ਤੋਂ ਖੰਡਾ ਨਾਲ ਉਸ ਦੇ ਸਬੰਧਾਂ ਬਾਰੇ ਪੁੱਛਿਆ ਅਤੇ ਇਹ ਵੀ ਕਿਹਾ ਕਿ ਉਸ ਦੇ ਬੈਂਕ ਖਾਤਿਆਂ ਦੀ ਜਾਂਚ ਕੀਤੀ ਜਾ ਰਹੀ ਹੈ। ਉਸ ਨੇ ਅਵਤਾਰ ਬਾਰੇ ਵੀ ਪੁੱਛਗਿੱਛ ਕੀਤੀ। ਇਸ ਤੋਂ ਬਾਅਦ ਉਸ ਦੀ ਬੇਟੀ ਜਸਪ੍ਰੀਤ ਕੌਰ ਨੂੰ ਵੀ ਗ੍ਰਿਫਤਾਰ ਕਰਨ ਦੀ ਧਮਕੀ ਦਿੱਤੀ। ਅਵਤਾਰ ਸਿੰਘ ਖੰਡਾ ਦੀ ਮੌਤ 'ਤੇ ਪਹਿਲਾਂ ਹੀ ਸ਼ੱਕ ਜਤਾਇਆ ਗਿਆ ਸੀ ਸੀ ਤੇ ਹੁਣ ਯੂਕੇ ਮੀਡੀਆ ਦੀ ਜਾਂਜ ਰਿਪੋਰਟ ਵਿੱਚ ਵੀ ਖੰਡਾ ਦੀ ਮੌਤ 'ਤੇ ਸਵਾਲ ਚੁੱਕੇ ਗਏ ਹਨ। ਜਿਸ ਵਿੱਚ



ਪਰਿਵਾਰ ਅਤੇ ਦੋਸਤਾਂ ਨੇ ਉਸਦੀ ਮੌਤ ਨੂੰ ਸ਼ੱਕੀ ਦੱਸਿਆ ਹੈ। ਅਮਰੀਕੀ ਅਧਿਕਾਰੀਆਂ ਨੇ ਇਹ ਵੀ ਦੋਸ਼ ਲਾਇਆ ਹੈ ਕਿ ਭਾਰਤੀ ਖੁਫੀਆ ਏਜੰਸੀ ਨਾਲ ਨਜ਼ਦੀਕੀ ਸਬੰਧ ਰੱਖਣ ਵਾਲਾ ਇੱਕ ਭਾਰਤੀ ਸਰਕਾਰੀ ਅਧਿਕਾਰੀ ਕੈਨੇਡਾ ਅਤੇ ਅਮਰੀਕਾ ਵਿੱਚ ਸਿੱਖ ਕਾਰਕੁਨਾਂ ਨੂੰ ਮਾਰਨ ਦਾ ਹੁਕਮ ਦੇ ਰਿਹਾ ਸੀ। ਹਲਾਂਕਿ ਬ੍ਰਿਟਿਸ਼ ਅਧਿਕਾਰੀਆਂ ਦਾ ਸਪੱਸ਼ਟ ਕਹਿਣਾ ਹੈ ਕਿ ਖੰਡਾ ਦੀ ਮੌਤ 'ਤੇ ਕੋਈ ਸੰਦੇਸ਼ ਨਹੀਂ ਹੈ ਅਤੇ ਉਸ ਦੀ ਮੌਤ ਦਾ ਕਾਰਨ ਬਲੱਡ ਕੈਂਸਰ ਸੀ। ਵੈਸਟ ਮਿਡਲੈਂਡਜ਼ ਫੋਰਸ ਦਾ ਕਹਿਣਾ ਹੈ ਕਿ ਕੋਰੋਨਰ (ਮੌਤ ਦੀ ਜਾਂਚ ਕਰਨ ਵਾਲਾ ਅਧਿਕਾਰੀ) ਨੇ ਤਸੱਲੀ ਪ੍ਰਗਟਾਈ ਹੈ ਕਿ ਕੋਈ ਵੀ ਸ਼ੱਕੀ ਹਾਲਾਤ ਨਹੀਂ ਹਨ, ਮੌਤ ਦਾ ਸ਼ੱਕ ਕਰਨ ਦਾ ਕੋਈ ਕਾਰਨ ਨਹੀਂ ਹੈ। ਅਧਿਕਾਰਤ ਤੌਰ 'ਤੇ ਇਹ ਕਿਹਾ ਗਿਆ ਸੀ ਕਿ ਖੰਡਾ ਦੀ ਮੌਤ ਮਾਈਲੋਇਡ ਲਿਊਕੇਮੀਆ ਕਾਰਨ ਹੋਈ ਸੀ।ਖਾਲਿਸਤਾਨੀ ਸਮਰਥਕ, ਦੋਸਤ ਅਤੇ ਪਰਿਵਾਰਕ ਮੈਂਬਰ ਬ੍ਰਿਟਿਸ਼ ਅਧਿਕਾਰੀਆਂ ਦੇ ਬਿਆਨਾਂ ਦਾ ਖੰਡਨ ਕਰ ਰਹੇ ਹਨ। ਬਰਮਿੰਘਮ ਵਿੱਚ ਖੰਡਾ ਦੇ ਸਾਥੀਆਂ ਦਾ ਦਾਅਵਾ ਹੈ ਕਿ ਵੈਸਟ ਮਿਡਲੈਂਡਜ਼ ਪੁਲਿਸ ਨੇ ਦੋਸਤਾਂ ਅਤੇ ਪਰਿਵਾਰ ਦੇ ਬਿਆਨ ਨਹੀਂ ਲਏ ਅਤੇ ਉਸਦੀ ਮੌਤ ਤੋਂ ਬਾਅਦ ਉਸਦੇ ਕਮਰੇ ਦੇ ਸਾਥੀਆਂ ਨਾਲ ਗੱਲ ਨਹੀਂ ਕੀਤੀ। ਇੰਨਾ ਹੀ ਨਹੀਂ ਉਸ ਨੂੰ ਮਿਲੀਆਂ ਧਮਕੀਆਂ ਸਬੰਧੀ ਵੀ ਕੋਈ ਕਾਰਵਾਈ ਨਹੀਂ ਕੀਤੀ ਗਈ ਅਤੇ ਜਾਂਚ ਲਈ ਕੋਈ ਕੇਸ ਨੰਬਰ ਵੀ ਜਾਰੀ ਨਹੀਂ ਕੀਤਾ ਗਿਆ।

# ਬਾਹਰਲੇ ਮੁਲਕਾਂ ਤੋਂ ਭਾਰਤ ਲਿਆ ਕੇ ਜਿਸਮਫਰੋਸ਼ੀ ਦੇ ਧੰਦੇ ’ਚ ਧੱਕੀਆਂ ਕੁੜੀਆਂ ਦੀ ਹੱਡਬੀਤੀ



ਦੱਖਣੀ ਦਿੱਲੀ ਦੀ ਇੱਕ ਭੀੜ ਭੜੱਕੇ ਵਾਲੀ ਸੜਕ ਉੱਤੇ ਜਿਵੇਂ ਹੀ ਗੱਡੀ ਇੱਕ ਉਜ਼ਬੇਕ ਦੁਕਾਨ ਦੇ ਕੋਲੋਂ ਲੰਘਦੀ ਹੈ, ਅਫ਼ਰੋਜ਼ਾ ਨੂੰ ਉਹ ਰਸਤੇ ਫਿਰ ਯਾਦ ਆਉਣ ਲੱਗਦੇ ਹਨ ਜਿਹੜੇ ਉਹਨਾਂ ਫਲੈਟਾਂ ਤੱਕ ਜਾਂਦੇ ਹਨ, ਜਿੱਥੇ ਕਦੇ ਉਨ੍ਹਾਂ ਨੂੰ ਬੰਧਕ ਬਣਾ ਕੇ ਰੱਖਿਆ ਗਿਆ ਸੀ। ਮੂਲ ਤੌਰ ‘ਤੇ ਉਜ਼ਬੇਕਿਸਤਾਨ ਦੇ ਅੰਦੀਜਾਨ ਦੇ ਰਹਿਣ ਵਾਲੇ ਅਫ਼ਰੋਜ਼ਾ ਜਨਵਰੀ 2022 ਵਿੱਚ ਦਿੱਲੀ ਪਹੁੰਚੇ ਸੀ, ਮਨੁੱਖੀ ਤਸਕਰ ਉਨ੍ਹਾਂ ਨੂੰ ਦੁਬਈ-ਨੇਪਾਲ ਦੇ ਰਸਤੇ ਤੋਂ ਦਿੱਲੀ ਲੈ ਕੇ ਆਏ ਸੀ। ਇੱਥੇ ਉਨ੍ਹਾਂ ਨੂੰ ਵੱਖ-ਵੱਖ ਫਲੈਟਾਂ ਅਤੇ ਹੋਟਲਾਂ ਵਿੱਚ ਰੱਖਿਆ ਗਿਆ ਤੇ ਜ਼ਬਰਦਸਤੀ ‘ਸੈਕਸ ਵਰਕ’ ਕਰਵਾਇਆ ਗਿਆ। ਅਗਸਤ 2022 ਵਿੱਚ ਦਿੱਲੀ ਪੁਲਿਸ ਅਤੇ ਗੈਰ ਸਰਕਾਰੀ ਸੰਗਠਨ ‘ਇੰਪਾਵਰਿੰਗ ਹਿਊਮੈਨਿਟੀ’ ਦੇ ਇੱਕ ਅਭਿਆਨ ਤੋਂ ਬਾਅਦ ਉਨ੍ਹਾਂ ਨੂੰ ਰਿਹਾਅ ਕਰਵਾਇਆ ਗਿਆ ਸੀ। ਅਫ਼ਰੋਜ਼ਾ ਉਦੋਂ ਤੋਂ ਇੱਕ ਸੰਸਥਾ ਦੀ ਦੇਖਰੇਖ ਹੇਠ ਰਹਿੰਦੇ ਹਨ ਅਤੇ ਉਹ ਉਨ੍ਹਾਂ ਮਨੁੱਖੀ ਤਸਕਰਾਂ ਦੇ ਖ਼ਿਲਾਫ਼ ਕਾਨੂੰਨੀ ਲੜਾਈ ਲੜ ਰਹੇ ਹਨ, ਜਿਹੜੇ ਉਨ੍ਹਾਂ ਨੂੰ ਉਜ਼ਬੇਕਿਸਤਾਨ ਤੋਂ ਦਿੱਲੀ ਲਿਆਏ ਸੀ।

**‘ਕਦੇ ਕਿਸੇ ਫਲੈਟ ਵਿੱਚ ਰੱਖਿਆ ਗਿਆ ਤੇ ਕਦੇ ਕਿਸੇ ਹੋਟਲ ਵਿੱਚ’**

ਅਫ਼ਰੋਜ਼ਾ ਨੂੰ ਮਕਾਨਾਂ ਦੇ ਨੰਬਰ ਯਾਦ ਨਹੀਂ ਸਨ, ਪਰ ਆਪਣੀ ਯਾਦਦਾਸ਼ਤ ਉੱਤੇ ਜ਼ੋਰ ਪਾਉਂਦੇ ਹੋਏ, ਕਈ ਗਲੀਆਂ ਵਿੱਚੋਂ ਲੰਘਦੇ ਹੋਏ, ਕਈ ਵਾਰੀ ਰਸਤਾ ਭਟਕਦੇ ਹੋਏ ਆਖ਼ਰਕਾਰ ਉਹ ਦਿੱਲੀ ਵਿੱਚ ਨੈਬ ਸਰਾਏ ਇਲਾਕੇ ਦੀ ਉਸ ਉੱਚੀ ਇਮਾਰਤ ਦੇ ਨੇੜੇ ਜਾ ਕੇ ਖੜ੍ਹੇ ਹੁੰਦੇ ਹਨ ਜਿੱਥੋਂ ਨੇਪਾਲ ਤੋਂ ਲਿਆ ਕੇ ਸਭ ਤੋਂ ਪਹਿਲਾਂ ਉਨ੍ਹਾਂ ਨੂੰ ਰੱਖਿਆ ਗਿਆ ਸੀ।ਉਨ੍ਹਾਂ ਦੀਆਂ ਅੱਖਾਂ ਵਿੱਚ ਹੰਝੂ ਸਨ, ਸਾਹ ਤੇਜ਼ ਸਨ। ਕੁਝ ਹੀ ਮਿੰਟਾਂ ਬਾਅਦ ਅੱਖਾਂ ਦੀ ਨਮੀ ਗੁੱਸੇ ਵਿੱਚ ਬਦਲ ਗਈ। ਤੇਜ਼ ਕਦਮਾਂ ਨਾਲ ਕਈ ਪੌੜੀਆਂ ਚੜ੍ਹਦੇ ਹੋਏ ਉਹ ਉਸ ਫਲੈਟ ਦੇ ਦਰਵਾਜ਼ੇ ਦੇ ਬਾਹਰ ਜਾ ਕੇ ਖੜ੍ਹੇ ਹੋ ਗਏ। ਜਿੱਥੇ ਉਨ੍ਹਾਂ ਉੱਤੇ ਅੱਤਿਆਚਾਰ ਕੀਤੇ ਗਏ ਸਨ।ਅਫ਼ਰੋਜ਼ਾ ਦੱਸਦੇ ਹਨ, ਜਦੋਂ ਮੈਨੂੰ ਇੱਥੇ ਲਿਆਂਦਾ ਗਿਆ, ਪੰਜ ਕੁੜੀਆਂ ਇੱਥੇ ਪਹਿਲਾਂ ਹੀ ਮੌਜੂਦ ਸਨ। ਮੈਨੂੰ ਉਜ਼ਬੇਕਿਸਤਾਨ ਤੋਂ ਪਹਿਲਾਂ ਦੁਬਈ ਲੈ ਕੇ ਗਏ, ਫਿਰ ਉੱਥੋਂ ਨੇਪਾਲ ਤੇ ਫਿਰ ਸੜਕ ਰਾਹੀਂ ਦਿੱਲੀ। ਮੈਂ ਥੱਕੀ ਹੋਈ ਸੀ ਅਤੇ ਦੋ ਦਿਨ ਮੈਨੂੰ ਆਰਾਮ ਕਰਨ ਦਿੱਤਾ ਗਿਆ। ਮੈਨੂੰ ਸ਼ੌਪਿੰਗ ਕਰਵਾਈ ਗਈ, ਤੋਹਫ਼ਾ ਕਹਿਕੇ ਛੋਟੇ ਕੱਪੜੇ ਦਿਵਾਏ ਗਏ, ਦੋ ਦਿਨਾਂ ਬਾਅਦ ਹੀ ਜ਼ਬਰਦਸਤੀ ‘ਸੈਕਸ ਵਰਕ’ ਕਰਨ ਲਈ ਮਜਬੂਰ ਕੀਤਾ ਗਿਆ, ਮਨ੍ਹਾ ਕਰਨ ਉੱਤੇ ਮੇਰੇ ਨਾਲ ਕੁੱਟਮਾਰ ਕੀਤੀ ਗਈ। ਅਫ਼ਰੋਜ਼ਾ ਦੱਸਦੇ ਹਨ, ਦਿੱਲੀ ਪਹੁੰਚਣ ਤੋਂ ਬਾਅਦ ਸਿਰਫ਼ ਪਹਿਲੇ ਦੋ ਦਿਨ ਮੈਂ ਆਰਾਮ ਕੀਤਾ ਉਸ ਤੋਂ ਬਾਅਦ ਮੈਨੂੰ ਇੱਕ ਦਿਨ ਵੀ ਟਿਕ ਕੇ ਬੈਠਣ ਨਹੀਂ ਦਿੱਤਾ ਗਿਆ, ਕਦੇ ਕਿਸੇ ਫਲੈਟ ਵਿੱਚ ਰੱਖਿਆ ਗਿਆ ਤੇ ਕਦੇ ਕਿਸੇ ਹੋਟਲ ਵਿੱਚ ਰੱਖਿਆ ਗਿਆ।

**ਸੈਕਸ ਵਰਕ ਕਾਰਨ ਸਿਹਤ ਖ਼ਰਾਬ ਤੇ ਯੂਟਰਸ ਦਾ ਆਪ੍ਰੇਸ਼ਨ ਕਰਵਾਉਣਾ ਪਿਆ**

ਅਗਸਤ 2022 ਵਿੱਚ ਦਿੱਲੀ ਪੁਲਿਸ ਦੀ ਕਾਰਵਾਈ ਤੋਂ ਬਾਅਦ ਅਫ਼ਰੋਜ਼ਾ ਨੂੰ ਭਾਰਤ ਲਿਆਉਣ ਵਾਲੀ ਕਥਿਤ ਮਨੁੱਖੀ ਤਸਕਰ ਅਜ਼ੀਜ਼ਾ ਸ਼ੇਰ, ਜੋ ਕਈ ਹੋਰ ਨਾਵਾਂ ਤੋਂ ਵੀ ਪਛਾਣੇ ਜਾਂਦੇ ਹਨ, ਫਰਾਰ ਹੋ ਗਏ ਸਨ।ਦਿੱਲੀ ਪੁਲਿਸ ਨੇ ਇੱਕ ਲੰਬੀ ਮੁਹਿੰਮ ਤੋਂ ਬਾਅਦ ਮੂਲ ਤੌਰ ‘ਤੇ ਤੁਰਕਮੇਨਿਸਤਾਨ ਦੇ ਰਹਿਣ ਵਾਲੇ ਅਜ਼ੀਜ਼ਾ ਸ਼ੇਰ ਅਤੇ ਉਨ੍ਹਾਂ ਦੇ ਅਫ਼ਗਾਨਿਸਤਾਨ ਮੂਲ ਦੇ ਪਤੀ ਸ਼ੇਰਗੇਤ ਅਫ਼ਗਾਨ ਨੂੰ ਗੋਆ ਤੋਂ ਗ੍ਰਿਫ਼ਤਾਰ ਕੀਤਾ। ਪੁਲਿਸ ਜਾਂਚ ਵਿੱਚ ਅਜ਼ੀਜ਼ਾ ਦੇ ਕਈ ਹੋਰ ਨਾਵਾਂ ਤੋਂ ਬਣੇ ਭਾਰਤ ਦੇ ਪਛਾਣ ਪੱਤਰ ਅਤੇ ਬੈਂਕ ਖਾਤੇ ਵੀ ਸਾਹਮਣੇ ਆਏ ਹਨ।ਪੂਰਬੀ ਦਿੱਲੀ ਦੇ ਡੀਸੀਪੀ ਅਮ੍ਰਿਤਾ ਗੁਲੁਗੋਥ ਕਹਿੰਦੇ ਹਨ, ਅਜ਼ੀਜ਼ਾ ਇੱਕ ਐਲਾਨੀ ਹੋਈ ਅਪਰਾਧੀ ਹਨ, ਦਿੱਲੀ ਪੁਲਿਸ ਉਨ੍ਹਾਂ ਨੂੰ ਫੜਨ ਲਈ ਇੱਕ ਸਾਲ ਤੋਂ ਕੋਸ਼ਿਸ਼ ਕਰ ਰਹੀ ਸੀ, ਸਾਡੀ ਟੀਮ ਨੂੰ ਟੈਕਨਿਕਲ ਸਰਵੇਲੈਂਸ ਅਤੇ ਹਿਊਮਨ ਇੰਟੈਲੀਜੈਂਸ ਦੇ ਜ਼ਰੀਏ ਉਨ੍ਹਾ ਦੇ ਗੋਆ ਵਿੱਚ ਹੋਣ ਦੀ ਜਾਣਕਾਰੀ ਮਿਲੀ, ਇੱਕ ਆਪਰੇਸ਼ਨ ਤੋਂ ਬਾਅਦ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਇਸ ਮੁਹਿੰਮ ਵਿੱਚ ਸ਼ਾਮਲ ਰਹੇ ਮਯੂਰ ਵਿਹਾਰ ਥਾਣੇ ਦੇ ਸਹਾਇਕ ਐੱਸਐੱਚਓ ਪ੍ਰਮੋਦ ਕੁਮਾਰ ਅਤੇ ਉਨ੍ਹਾਂ ਦੀ ਟੀਮ ਨੇ 200 ਤੋਂ ਵੱਧ ਫੋਨ ਨੰਬਰਾਂ ਨੂੰ ਟ੍ਰੈਕ ਕੀਤਾ ਅਤੇ ਆਖ਼ਰਕਾਰ ਅਜ਼ੀਜ਼ਾ ਸ਼ੇਰ ਤੱਕ ਪਹੁੰਚ ਗਏ।ਇਨ੍ਹਾਂ ਮਨੁੱਖੀ ਤਸਕਰਾਂ ਨੂੰ ਫੜਨ ਲਈ ਪੁਲਿਸ ਨੂੰ ਹਿਊਮਨ ਇੰਟੈਲੀਜੈਂਸ ਯਾਨਿ ਆਪਣੇ ਖ਼ੂਫੀਆ ਨੈੱਟਵਰਕ ਦਾ ਸਹਾਰਾ ਲੈਣਾ ਪਿਆ।ਅਫ਼ਰੋਜ਼ਾ, ਅਜ਼ੀਜ਼ਾ ਦੀ ਇਕੱਲੀ ਸ਼ਿਕਾਰ ਨਹੀਂ ਹੈ, ਉਨ੍ਹਾਂ ਵਰਗੀਆਂ ਕਈ ਹੋਰ ਕੁੜੀਆਂ ਨੂੰ ਅਜ਼ੀਜ਼ਾ ਦੇ ਚੁੰਗਲ ਤੋਂ ਛੁਡਵਾਇਆ ਗਿਆ ਸੀ।ਤਹਮੀਨਾ ਇਨ੍ਹਾਂ ਵਿੱਚੋਂ ਹੀ ਇੱਕ ਹਨ। ਸਾਲ 2020 ਵਿੱਚ ਦਿੱਲੀ ਆਉਣ ਵਾਲੀ ਤਹਮੀਨਾ ਨੂੰ



ਧਿਆਨ ਦੇਣ ਯੋਗ ਗੱਲ ਇਹ ਹੈ ਕਿ ਇਸ ਮੁਲਕ ਅੰਦਰ ਗਰੀਬੀ ਮਹਿਜ਼ ਇੱਕ ਆਰਥਿਕ ਮੁੱਦਾ ਨਹੀਂ ਹੈ। ਗਰੀਬਾਂ ਦੀ ਚੋਖੀ ਗਿਣਤੀ ਲੋਕ ਅਨੁਸੂਚਿਤ ਜਾਤੀਆਂ, ਪੱਛੜੀਆਂ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਨਾਲ ਸਬੰਧ ਰੱਖਦੀ ਹੈ। ਰਾਖਵਾਂਕਰਨ ਬੁਨਿਆਦੀ ਤੌਰ 'ਤੇ ਦੋਹਰੇ ਰੂਪ ਵਿੱਚ ਮਹਿਰੂਮ ਤਬਕਿਆਂ ਲਈ ਵਿਉਂਤਿਆ ਗਿਆ ਸੀ – ਭਾਵ ਜਿਹੜੇ ਲੋਕ ਆਰਥਿਕ ਤੌਰ 'ਤੇ ਮਹਿਰੂਮ ਹਨ ਕਿਉਂਕਿ ਉਨ੍ਹਾਂ ਦੇ ਖਿਲਾਫ਼ ਸਮਾਜਿਕ ਤੌਰ 'ਤੇ ਵਿਤਕਰਾ ਕੀਤਾ ਗਿਆ ਸੀ। ਕਈ ਸਾਲਾਂ ਬਾਅਦ ਰਾਖਵਾਂਕਰਨ ਦੇ ਦਾਇਰੇ ਨੂੰ ਵਸੀਹ ਕਰ ਕੇ ਇਸ ਵਿੱਚ ਪੱਛੜੀਆਂ ਜਾਤੀਆਂ ਅਤੇ ਆਰਥਿਕ ਤੌਰ 'ਤੇ ਪੱਛੜੇ ਲੋਕਾਂ ਨੂੰ ਸ਼ਾਮਲ ਕਰ ਲਿਆ ਗਿਆ। ਇਸ ਪ੍ਰਕਿਰਿਆ ਦੌਰਾਨ ਸਰੋਤਾਂ ਦੀ ਮੁੜ ਵੰਡ ਦਾ ਸਵਾਲ ਸਿਆਸੀ ਏਜੰਡੇ ਤੋਂ ਗਾਇਬ ਹੋ ਗਿਆ ਅਤੇ ਇਸ ਦੀ ਥਾਂ ਰਾਖਵਾਂਕਰਨ ਨੇ ਲੈ ਲਈ। ਇਹ ਸੌਖਾ ਰਾਹ ਬਣ ਗਿਆ। ਜਿਵੇਂ ਜਿਵੇਂ ਰਾਖਵੇਂਕਰਨ ਦੀ ਮੰਗ ਜ਼ੋਰ ਫੜਨ ਲੱਗੀ ਤਾਂ ਰਸਮੀ ਬਰਾਬਰੀ ਤੋਂ ਇਹ ਤੋੜ ਵਿਛੋੜੇ ਦੀ ਮੌਲਿਕ ਵਾਜਬੀਅਤ ਹੋਰ ਔਖੀ ਬਣ ਗਈ। ਜੇ ਰਾਖਵੇਂਕਰਨ ਨੂੰ ਦੋਇਮ ਦਰਜੇ ਦੇ ਸਿਧਾਂਤ ਦੇ ਤੌਰ 'ਤੇ ਦੇਖਿਆ ਜਾਵੇ ਤਾਂ ਸਿਆਸੀ ਮੰਗਾਂ ਉੱਪਰ ਜ਼ਿਆਦਾਤਰ ਅਸੰਤੋਸ਼ ਨੂੰ ਸੁਲਝਾਇਆ ਜਾ ਸਕਦਾ ਹੈ। ਪਹਿਲ ਸਰੋਤਾਂ ਦੀ ਮੁੜ ਵੰਡ ਨੂੰ ਦਿੱਤੀ ਜਾਣੀ ਚਾਹੀਦੀ ਹੈ। ਪਰ ਸਾਡੀਆਂ ਹਾਕਮ ਜਮਾਤਾਂ ਲਈ ਮੁੜ ਵੰਡ ਬਹੁਤ ਵੱਡਾ ਕਾਰਜ ਹੈ। ਇਸ ਦੀ ਬਜਾਇ ਉਹ ਆਪਣੀ ਬਦਇੰਤਜ਼ਾਮੀ ਦੀ ਪਰਦਾਪੋਸ਼ੀ ਲਈ ਰਾਖਵਾਂਕਰਨ ਦਾ ਪੱਤਾ ਦੇਣਾ ਚਾਹੁਣਗੇ। ਇਸ ਨੁਕਸਦਾਰ ਨਜ਼ਰੀਏ ਨੂੰ ਤਾਂ ਹੀ ਠੀਕ ਕੀਤਾ ਜਾ ਸਕਦਾ ਹੈ ਜੇ ਅਸੀਂ ਇਸ ਗੱਲ 'ਤੇ ਸਹਿਮਤ ਹੋ ਸਕੀਏ ਕਿ ਲੋਕਾਂ ਨੂੰ ਉਨ੍ਹਾਂ ਚੀਜ਼ਾਂ 'ਤੇ ਬੁਨਿਆਦੀ ਹੱਕ ਹੁੰਦਾ ਹੈ ਜਿਸ ਦੀ ਵਰਤੋਂ ਕਰ ਕੇ ਉਹ ਸਮਾਜ ਵੱਲੋਂ ਮੁਹੱਈਆ ਕਰਵਾਏ ਜਾਂਦੇ ਮੌਕਿਆਂ ਦਾ ਲਾਭ ਲੈਣ ਦੇ ਯੋਗ ਹੋ ਸਕਦੇ ਹਨ। ਇਸ ਤੋਂ ਬਾਅਦ ਦੋਹਰੀ ਨਾਇਨਸਾਫ਼ੀ ਵਾਲੇ ਲੋਕਾਂ ਦੀ ਵਿਸ਼ੇਸ਼ ਸੁਰੱਖਿਆ ਕੀਤੀ ਜਾ ਸਕਦੀ ਹੈ। ਇਸ ਮੰਤਵ ਲਈ ਸਾਨੂੰ ਗ਼ਰੀਬੀ ਉੱਪਰ ਸਿਆਸੀ ਬਿਰਤਾਂਤ ਨੂੰ ਮੁੜ ਵੰਡਕਾਰੀ ਇਨਸਾਫ਼ ਤੱਕ ਵਧਾਉਣਾ ਪਵੇਗਾ।

# ਕੈਨੇਡਾ ਦੇ ਆਰਥਿਕ ਹਾਲਾਤ ਨਵੇਂ ਪ੍ਰਵਾਸੀਆਂ ਲਈ ਹੋ ਰਹੇ ਹਨ ਬੇਹੱਦ ਖਰਾਬ

ਇਹ ਮੰਨਿਆ ਜਾਂਦਾ ਰਿਹਾ ਹੈ ਕਿ ਪਿਛਲੇ ਪੰਜ ਦਹਾਕਿਆਂ ਤੋਂ ਵੱਧ ਅਰਸੇ ਦੌਰਾਨ ਕੈਨੇਡਾ ਪਰਵਾਸ ਕਰ ਗਏ ਲੋਕਾਂ ਦਾ ਤਜਰਬਾ ਆਮ ਤੌਰ 'ਤੇ ਸੁਖਾਵਾਂ ਰਿਹਾ ਹੈ। ਭਰਵੀਂ ਕਮਾਈ ਦਾ ਟੀਚਾ ਹਾਸਲ ਕਰਨ ਲਈ ਕੈਨੇਡਾ ਪਰਵਾਸੀਆਂ ਲਈ ਪਸੰਦੀਦਾ ਟਿਕਾਣਾ ਬਣਿਆ ਰਿਹਾ ਹੈ ਪਰ ਹੁਣ ਹਾਲਾਤ ਵਿਗੜ ਗਏ ਹਨ। ਉੱਥੋਂ ਪਰਵਾਸੀਆਂ ਨੇ ਹੋਰ ਮੁਲਕਾਂ ਦਾ ਰੁਖ਼ ਕਰਨਾ ਸ਼ੁਰੂ ਕਰ ਦਿੱਤਾ ਹੈ ਜਾਂ ਫਿਰ ਉਹ ਵਤਨ ਵਾਪਸ ਮੁੜਨ ਲੱਗ ਪਏ ਹਨ। ਇੰਸਟੀਚਿਊਟ ਫਾਰ ਕੈਨੇਡੀਅਨ ਸਿਟੀਜ਼ਨਸ਼ਿਪ (ਆਈਸੀਸੀ) ਲਈ ਕਾਨਫਰੰਸ ਬੋਰਡ ਆਫ ਕੈਨੇਡਾ ਦੇ ਕਰਵਾਏ ਹਾਲੀਆ ਸਰਵੇਖਣ 'ਦਿ ਲੀਕੀ ਬੱਕਿਟ: ਏ ਸਟੱਡੀ ਆਫ ਇਮੀਗ੍ਰੈਂਟ ਰਿਟੈਂਸ਼ਨ ਟ੍ਰੈਂਡਜ਼ ਇਨ ਕੈਨੇਡਾ' ਤੋਂ ਪਤਾ ਲੱਗਦਾ ਹੈ ਕਿ 1980ਵਿਆਂ ਤੋਂ ਲੈ ਕੇ ਕੈਨੇਡਾ ਆਉਣ ਵਾਲੇ ਪਰਵਾਸੀਆਂ ਦੀ ਗਿਣਤੀ ਵਿਚ ਵਾਧਾ ਹੋ ਰਿਹਾ ਸੀ। 2017 ਅਤੇ 2019 ਵਿਚ ਇਸ ਰੁਝਾਨ ਵਿਚ ਉਛਾਲ ਆਇਆ ਅਤੇ ਇਸ ਵਿਚ ਔਸਤ ਆਮਦ ਨਾਲੋਂ 31 ਫ਼ੀਸਦ ਵਾਧਾ ਹੋਇਆ। ਕੋਵਿਡ-19 ਤੋਂ ਬਾਅਦ ਇਸ ਸੰਖਿਆ ਵਿਚ ਇਸ ਕਰ ਕੇ ਵਾਧਾ ਹੋਇਆ ਕਿਉਂਕਿ ਕੈਨੇਡੀਅਨਾਂ ਦੀ ਆਰਥਿਕ ਹਾਲਤ ਵਿਚ ਆਮ ਤੌਰ 'ਤੇ ਨਿਘਾਰ ਆਇਆ ਸੀ। ਪਰਵਾਸੀਆਂ ਦੀ ਆਮਦ ਦੀ ਉੱਚੀ ਦਰ ਅਤੇ ਮੋੜਵੇਂ ਪਰਵਾਸ ਨਾਲ ਕੈਨੇਡਾ ਦੇ ਜਨਸੰਖਿਆ ਸਮਤੋਲ ਉਪਰ ਨਾਂਹਮੁਖੀ ਅਸਰ ਪਿਆ ਹੈ। ਸਟੈਟਿਸਟਿਕ ਕੈਨੇਡਾ ਨੇ ਇਹ ਗੱਲ ਦਰਜ ਕੀਤੀ ਹੈ ਕਿ 2010 ਵਿਚ ਕੈਨੇਡਾ ਦੀ 14.1 ਫ਼ੀਸਦ ਆਬਾਦੀ ਦੀ ਉਮਰ 65 ਸਾਲ ਜਾਂ ਇਸ ਤੋਂ ਜ਼ਿਆਦਾ ਸੀ। 2022 ਵਿਚ ਇਹ ਦਰ ਵਧ ਕੇ 19 ਫ਼ੀਸਦ ਹੋ ਗਈ ਸੀ। ਜੇ ਪਰਵਾਸ ਵਿਚ ਕੋਈ ਰੁਕਾਵਟ ਆਈ ਤਾਂ ਇਹ ਰੁਝਾਨ ਹੋਰ ਤੇਜ਼ ਹੋਣ ਦੇ ਆਸਾਰ ਹਨ। ਕੰਮਕਾਜੀ ਉਮਰ ਵਰਗ (15-64) ਦੇ ਹਿਸਾਬ ਨਾਲ 1966 ਵਿਚ 65 ਸਾਲ ਤੋਂ ਵੱਡੀ ਉਮਰ ਦੇ ਕੈਨੇਡੀਅਨਾਂ ਦੀ ਸੰਖਿਆ 7.8 ਫ਼ੀਸਦ ਸੀ; 2022 ਵਿਚ ਇਨ੍ਹਾਂ ਦੀ ਦਰ ਘਟ ਕੇ 3.4 ਫ਼ੀਸਦ ਰਹਿ ਗਈ ਸੀ ਅਤੇ 2050 ਤੱਕ ਇਹ ਸੰਖਿਆ ਤਿੰਨ ਫੀਸਦ ਤੋਂ ਹੇਠਾਂ ਆ ਜਾਣ ਦੀ ਸੰਭਾਵਨਾ ਹੈ। ਇਸ ਕਰਕੇ ਕਰਦਾਤਿਆਂ ਦੀ ਸੰਖਿਆ ਘਟਣ ਅਤੇ ਪੈਨਸ਼ਨਰਾਂ ਤੇ ਆਮਦਨ ਸਹਾਇਤਾ 'ਤੇ ਆਸ਼ਰਿਤਾਂ ਦੀ ਸੰਖਿਆ ਵਧਣ ਕਰ ਕੇ ਸਰਕਾਰੀ ਮਾਲੀਏ ਅਤੇ ਖਰਚ ਉਪਰ ਸਿੱਧਾ ਪ੍ਰਭਾਵ ਪੈਂਦਾ ਹੈ। ਬਜ਼ੁਰਗਾਂ ਦੀ ਕੁੱਲ ਸੰਖਿਆ ਵਧਣ ਨਾਲ ਦੇਸ਼ ਦੀ ਸਿਹਤ ਪ੍ਰਣਾਲੀ ਉਪਰ ਵੀ ਦਬਾਅ ਵਧ ਜਾਂਦਾ ਹੈ।

ਬਜ਼ੁਰਗਾਂ ਦੇ ਮੁਕਾਬਲੇ ਕੰਮਕਾਜੀ ਉਮਰ ਵਰਗ ਦੇ ਕੈਨੇਡੀਅਨਾਂ ਦਾ ਬਦਲ ਰਿਹਾ ਅਨੁਪਾਤ ਸਰਕਾਰ ਅਤੇ ਨੀਤੀਘਾੜਿਆਂ ਲਈ ਵੱਡੀ ਚੁਣੌਤੀ ਬਣਿਆ ਹੋਇਆ ਹੈ। ਨੀਤੀਘਾੜਿਆਂ ਨੇ ਕੌਮਾਂਤਰੀ ਵਿਦਿਆਰਥੀਆਂ ਨੂੰ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਸਥਾਈ ਨਿਵਾਸ ਦਾ ਦਰਜਾ ਦੇਣ ਸਮੇਤ ਕੈਨੇਡਾ ਦੇ ਬਹੁਤੇਰੇ ਪਰਵਾਸ ਬਦਲਾਂ ਰਾਹੀਂ ਨੌਜਵਾਨਾਂ ਨੂੰ ਆਵਾਸ ਦਾ ਸੱਦਾ ਦੇਣ 'ਤੇ ਟੇਕ ਰੱਖੀ ਹੋਈ ਸੀ ਅਤੇ ਇਹ ਸਿਲਸਿਲਾ ਹਾਲੇ ਵੀ ਜਾਰੀ ਹੈ। ਕੈਨੇਡਾ ਦੀ 2024 ਵਿਚ 485000 ਅਤੇ 2025 ਵਿਚ 5 ਲੱਖ ਲੋਕਾਂ ਨੂੰ ਆਵਾਸ ਲਈ ਸੱਦਣ ਦੀ ਯੋਜਨਾ ਹੈ। ਕੈਨੇਡਾ ਪੁੱਜੇ ਪਰਵਾਸੀਆਂ ਵਿਚ ਉਚ ਹੁਨਰਮੰਦ ਕਾਮੇ, ਆਰਜ਼ੀ ਵਿਦੇਸ਼ੀ ਕਾਮੇ ਤੇ ਕੌਮਾਂਤਰੀ ਵਿਦਿਆਰਥੀ ਸ਼ਾਮਲ ਹਨ। ਇਨ੍ਹਾਂ ਵਿਚੋਂ ਹਰ ਵੰਨਗੀ ਦੇ ਕਾਮਿਆਂ ਦੀਆਂ ਆਪੋ-ਆਪਣੀਆਂ ਮੁਸ਼ਕਲਾਂ ਹਨ। ਉਚ ਹੁਨਰਮੰਦ ਕਾਮੇ ਉਤਸ਼ਾਹ ਨਾਲ ਕੈਨੇਡਾ ਪਹੁੰਚਦੇ ਹਨ ਪਰ ਉਨ੍ਹਾਂ ਨੂੰ ਇੱਥੇ ਪਹੁੰਚਦਿਆਂ ਹੀ ਕਈ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਹੁਨਰ ਤੇ ਤਜਰਬਾ ਹੋਣ ਦੇ ਬਾਵਜੂਦ ਇਨ੍ਹਾਂ ਵਿਚੋਂ ਕਈਆਂ ਨੂੰ ਆਪਣੀ ਮੁਹਾਰਤ ਮੁਤਾਬਕ ਕੰਮ ਲੱਭਣ ਵਿਚ ਦਿੱਕਤਾਂ ਪੇਸ਼ ਆਉਂਦੀਆਂ ਹਨ; ਉਨ੍ਹਾਂ ਨੂੰ ਆਪਣੇ ਪਰਿਵਾਰਾਂ ਦਾ ਗੁਜ਼ਰ ਬਸਰ ਕਰਨ ਲਈ ਕਈ ਵਾਰ ਘੱਟ ਉਜਰਤ ਵਾਲੇ ਕੰਮ ਕਰਨ ਲਈ ਮਜਬੂਰ ਹੋਣਾ ਪੈਂਦਾ ਹੈ। ਬਹੁਤੇ ਕੇਸਾਂ ਵਿਚ ਕੈਨੇਡੀਅਨ ਮਾਲਕ ਨਵੇਂ ਕਾਮਿਆਂ ਦੀ ਵਿਦਿਅਕ ਯੋਗਤਾ ਤੇ ਤਜਰਬੇ ਨੂੰ ਨਹੀਂ ਦੇਖਦੇ। ਕੁਝ ਮਾਲਕ ਉੱਤਰੀ ਅਮਰੀਕਾ ਵਿਚ ਪੜ੍ਹੇ ਵਿਅਕਤੀਆਂ ਨੂੰ ਕੰਮ ਦੇਣਾ ਪਸੰਦ ਕਰਦੇ ਹਨ ਭਾਵੇਂ ਉਨ੍ਹਾਂ ਕੋਲ ਦੂਜੇ ਪਰਵਾਸੀਆਂ ਜਿੰਨੀ ਵਿਦਿਅਕ ਯੋਗਤਾ ਤੇ ਤਜਰਬਾ ਨਹੀਂ ਹੁੰਦਾ।

ਲਾਇਸੈਂਸ ਲੈਣ ਦੀ ਪ੍ਰਕਿਰਿਆ ਕਾਫ਼ੀ ਗੁੰਝਲਦਾਰ ਤੇ ਖਰਚੀਲੀ ਹੈ ਅਤੇ ਇਸ ਨੂੰ ਪੂਰਾ ਕਰਨ ਵਿਚ ਕਾਫ਼ੀ ਸਮਾਂ ਲਗਦਾ ਹੈ। ਕੈਨੇਡਾ ਵਲੋਂ ਸਕੂਲ ਵਿਚ ਦਾਖ਼ਲੇ ਤੋਂ ਫੌਰੀ ਬਾਅਦ ਪਾਰਟ-ਟਾਈਮ ਕੰਮ ਕਰਨ ਦੀ ਖੁੱਲ੍ਹ ਦੇਣ ਦੇ ਨੇਮ ਸਰਲ ਕਰਨ ਤੋਂ ਬਾਅਦ ਕੌਮਾਂਤਰੀ ਵਿਦਿਆਰਥੀਆਂ ਦੀ ਆਮਦ ਵਿਚ ਵਾਧਾ

**ਲੇਖਕ : ਅਮਰਜੀਤ ਭੁੱਲਰ**

ਹੋਇਆ ਸੀ। ਇਸ ਨਾਲ ਕੈਨੇਡੀਅਨ ਅਰਥਚਾਰੇ ਨੂੰ ਵੀ ਭਰਵਾਂ ਲਾਭ ਮਿਲਿਆ। 2022 ਤੱਕ ਸਿੱਖਿਆ ਸੰਸਥਾਵਾਂ ਵਿਚ 8 ਲੱਖ ਤੋਂ ਜ਼ਿਆਦਾ ਸਟੱਡੀ ਪਰਮਿਟ ਧਾਰਕ ਦਾਖ਼ਲ ਸਨ। ਸਾਲ 2022 ਵਿਚ ਕੈਨੇਡਾ ਦੀ ਕੁੱਲ ਘਰੇਲੂ ਪੈਦਾਵਾਰ ਵਿਚ ਕੌਮਾਂਤਰੀ ਵਿਦਿਆਰਥੀਆਂ ਦਾ ਯੋਗਦਾਨ ਅੰਦਾਜ਼ਨ 22 ਅਰਬ ਡਾਲਰ 'ਤੇ ਪਹੁੰਚ ਗਿਆ ਸੀ ਅਤੇ ਇਸ ਨਾਲ ਕਰੀਬ 200000 ਨੌਕਰੀਆਂ ਪੈਦਾ ਕਰਨ ਵਿਚ ਮਦਦ ਮਿਲੀ ਸੀ। ਕੌਮਾਂਤਰੀ ਵਿਦਿਆਰਥੀਆਂ ਨੂੰ ਆਮ ਤੌਰ 'ਤੇ ਘੱਟੋ-ਘੱਟ ਉਜਰਤ ਅਦਾ ਕੀਤੀ ਜਾਂਦੀ ਹੈ ਜਿਸ ਨਾਲ ਛੋਟੇ ਅਤੇ ਪ੍ਰਚੂਨ ਕਾਰੋਬਾਰੀਆਂ ਨੂੰ ਆਪਣੇ ਕਾਰੋਬਾਰ ਚਲਾਉਣ ਵਿਚ ਕਾਫ਼ੀ ਮਦਦ ਮਿਲਦੀ ਹੈ। ਦੋ ਸਾਲਾਂ ਦੀ ਪੜ੍ਹਾਈ ਅਤੇ ਇਕ ਸਾਲ ਕੈਨੇਡਾ ਵਿਚ ਕੰਮ ਕਰਨ ਦਾ ਤਜਰਬਾ (1560 ਘੰਟੇ) ਲੈਣ ਤੋਂ ਬਾਅਦ ਕੋਈ ਸ਼ਖ਼ਸ ਸਥਾਈ ਨਿਵਾਸ (ਪੀਆਰ) ਲਈ ਦਰਖਾਸਤ ਦੇਣ ਦੇ ਯੋਗ ਹੋ ਜਾਂਦਾ ਹੈ ਪਰ ਪੀਆਰ ਵਿਆਪਕ ਦਰਜਾਬੰਦੀ ਪ੍ਰਣਾਲੀ (ਸੀਆਰਐੱਸ) ਦੇ ਅੰਕਾਂ ਦੇ ਆਧਾਰ 'ਤੇ ਦਿੱਤਾ ਜਾਂਦਾ ਹੈ। ਸੀਆਰਐੱਸ ਅੰਕ ਆਧਾਰਿਤ ਪ੍ਰਣਾਲੀ ਹੈ ਜਿਸ ਦੀ ਵਰਤੋਂ ਕਿਸੇ ਦੇ ਸਕੋਰ ਅਤੇ ਐਕਸਪ੍ਰੈੱਸ ਐਂਟਰੀ ਪੂਲ ਵਿਚ ਇਸ ਦੇ ਦਰਜੇ ਨੂੰ ਮਾਪਣ ਲਈ ਕੀਤੀ ਜਾਂਦੀ ਹੈ। ਸੀਆਰਐੱਸ ਅੰਕ ਵਡੇਰੇ ਤੌਰ 'ਤੇ ਬਿਨੈਕਾਰ ਦੀ ਭਾਸ਼ਾਈ ਹੁਨਰ, ਵਿਦਿਆ, ਕੰਮ ਦੇ ਤਜਰਬੇ ਅਤੇ ਉਮਰ ਨਾਲ ਜੁੜੇ ਹੁੰਦੇ ਹਨ। ਪੀਆਰ ਲਈ ਦਰਖਾਸਤਕਾਰਾਂ ਦੇ ਡ੍ਰਾਅ ਦੇ ਹਰ ਗੇੜ ਵਿਚ ਸੀਆਰਐੱਸ ਕੱਟ-ਆਫ ਜੁਦਾ ਹੁੰਦੀ ਹੈ। ਸਾਲ 2022 ਵਿਚ ਵੱਖੋ ਵੱਖਰੇ ਡ੍ਰਾਅ ਲਈ ਸੀਆਰਐੱਸ ਸਕੋਰ 491 ਤੋਂ 557 ਵਿਚਕਾਰ ਸੀ। ਕੱਟ-ਆਫ ਕੀਮਤ ਪੂਲ ਵਿਚ ਬਿਨੈਕਾਰਾਂ ਦੀ ਸੰਖਿਆ, ਉਨ੍ਹਾਂ ਦੇ ਸੀਆਰਐੱਸ ਅੰਕਾਂ ਤੇ ਆਵਾਸ ਅਧਿਕਾਰੀਆਂ ਦੀਆਂ ਤੈਅ ਕੀਤੀਆਂ ਅਰਜ਼ੀਆਂ ਦੇ ਆਧਾਰ 'ਤੇ ਨਿਰਧਾਰਤ ਕੀਤੀ ਜਾਂਦੀ ਹੈ। 23 ਅਕਤੂਬਰ 2023 ਨੂੰ ਪੂਲ ਵਿਚ 214873 ਅਰਜ਼ੀਆਂ ਸਨ ਅਤੇ ਇਨ੍ਹਾਂ 'ਚੋਂ ਸਿਰਫ਼ 3600 ਬਿਨੈਕਾਰਾਂ ਦਾ ਸਕੋਰ 431 ਜਾਂ ਇਸ ਤੋਂ ਜ਼ਿਆਦਾ ਸੀ ਅਤੇ ਇਨ੍ਹਾਂ ਨੂੰ 26 ਅਕਤੂਬਰ ਦੇ ਡ੍ਰਾਅ ਲਈ ਸੱਦਿਆ ਗਿਆ ਸੀ। ਘੱਟੋ-ਘੱਟ ਲੋੜਾਂ ਪੂਰੀਆਂ ਕਰਨ ਵਾਲੇ ਹੋਰ ਬਿਨੈਕਾਰਾਂ ਨੂੰ ਹੋਰ ਤਰੀਕਿਆਂ ਦੀ ਵਰਤੋਂ ਕਰ ਕੇ ਵਾਧੂ ਅੰਕ ਜੁਟਾਉਣ ਲਈ ਕਈ ਮਹੀਨਿਆਂ ਜਾਂ ਫਿਰ ਸਾਲਾਂ ਦੀ ਇੰਤਜ਼ਾਰ ਕਰਨੀ ਪਵੇਗੀ। ਤਦ ਤੱਕ ਉਨ੍ਹਾਂ ਕੋਲ ਤਿੰਨ ਸਾਲਾਂ ਦੇ ਵਰਕ ਪਰਮਿਟ ਤਹਿਤ ਆਰਜ਼ੀ ਕਾਮੇ ਦਾ ਦਰਜਾ ਰਹੇਗਾ। ਕਿਸੇ ਮਾਲਕ ਤੋਂ ਸਿੱਧੇ ਤੌਰ 'ਤੇ ਨੌਕਰੀ ਦੀ ਪੇਸ਼ਕਸ਼ ਮਿਲਣ ਜਾਂ ਉਸ ਜ਼ਰੀਏ ਲੇਬਰ ਮਾਰਕਿਟ ਇੰਪੈਕਟ ਅਸੈਸਮੈਂਟ (ਐੱਲਐੱਮਆਈਏ) ਪ੍ਰਵਾਨਗੀ ਪ੍ਰਾਪਤ ਕਰ ਕੇ ਵਾਧੂ ਅੰਕ ਹਾਸਲ ਕੀਤੇ ਜਾ ਸਕਦੇ ਹਨ। ਦੇਖਣ ਨੂੰ ਇਹ ਸਾਧਾਰਨ ਕੰਮ ਜਾਪਦਾ ਹੈ ਪਰ ਜਦੋਂ ਪੂਲ 'ਚ ਬਹੁਤ ਸਾਰੀਆਂ ਅਰਜ਼ੀਆਂ ਹੋਣ ਤੇ ਨਵੀਆਂ ਦਰਖਾਸਤਾਂ ਦੀ ਸੰਖਿਆ ਘੱਟ ਹੋਵੇ ਤਾਂ ਬਹੁਤ ਸਾਰੇ ਉਮੀਦਵਾਰਾਂ ਨੂੰ ਪੀਆਰ ਲਈ ਦਰਖਾਸਤ ਦੇਣ ਦਾ ਸੱਦਾ ਨਹੀਂ ਮਿਲਦਾ। ਕਦੀ ਕਦੀ ਸਰਕਾਰ ਸੀਆਰਐੱਸ ਅੰਕਾਂ ਦੀ ਲੋੜ ਵਿਚ ਢਿੱਲ ਦੇ ਦਿੰਦੀ ਹੈ ਜਿਵੇਂ ਇਸ ਨੇ 2021 ਵਿਚ ਸਕੋਰ ਘਟਾ ਕੇ 75 ਕਰ ਦਿੱਤਾ ਸੀ ਜਿਸ ਨਾਲ ਹਜ਼ਾਰਾਂ ਬਿਨੈਕਾਰਾਂ ਨੂੰ ਲਾਭ ਮਿਲਿਆ ਸੀ। ਉਂਝ, ਇਸ ਤਰ੍ਹਾਂ ਦੀਆਂ ਛੋਟਾਂ ਬਾਬਤ ਕੋਈ ਸਪੱਸ਼ਟਤਾ ਨਹੀਂ ਹੈ ਕਿ ਛੋਟ ਕਿੰਨੀ ਕੁ ਮਿਲੇਗੀ ਜਾਂ ਕਦੋਂ ਮਿਲੇਗੀ। ਸਿੱਟੇ ਵਜੋਂ ਕਈ ਕੌਮਾਂਤਰੀ ਵਿਦਿਆਰਥੀ ਆਪਣੇ ਦੇਸ਼ ਪਰਤ ਜਾਂਦੇ ਹਨ। ਦੇਖਣ ਵਿਚ ਆਇਆ ਹੈ ਕਿ ਭਾਰਤੀ ਵਿਦਿਆਰਥੀ ਕਾਫ਼ੀ ਦੇਰ ਡਟੇ ਰਹਿੰਦੇ ਹਨ ਅਤੇ ਆਪਣਾ ਸੀਆਰਐੱਸ ਸਕੋਰ ਵਧਾਉਣ ਲਈ ਲੰਮਾ ਸਮਾਂ ਉਡੀਕ ਕਰਦੇ ਹਨ ਅਤੇ ਕਈ ਹੋਰ ਹਥਕੰਡੇ ਵੀ ਅਪਣਾਉਂਦੇ ਹਨ ਪਰ ਇਹ ਗੱਲ ਸਾਰਿਆਂ 'ਤੇ ਨਹੀਂ ਢੁਕਦੀ। ਸੀਬੀਸੀ ਨਿਊਜ਼ ਨੇ 30 ਅਪਰੈਲ 2022 ਨੂੰ ਸਟੈਟਿਸਟਿਕ ਕੈਨੇਡਾ ਦੇ ਹਵਾਲੇ ਨਾਲ ਰਿਪੋਰਟ ਦਿੱਤੀ ਸੀ ਕਿ 50% ਕੌਮਾਂਤਰੀ ਵਿਦਿਆਰਥੀਆਂ ਕੋਲ ਪੜ੍ਹਾਈ ਦਾ ਸਮਾਂ ਪੂਰਾ ਹੋਣ ਤੋਂ ਬਾਅਦ ਕੋਈ ਟੈਕਸ ਰਿਕਾਰਡ ਨਹੀਂ ਸੀ ਜਿਸ ਤੋਂ ਇਸ ਸਮਝਿਆ ਜਾਂਦਾ ਹੈ ਕਿ ਉਹ ਆਪਣੇ ਵਤਨ ਪਰਤ ਗਏ ਹਨ। ਇਸੇ ਚੈਨਲ ਨੇ ਆਈਸੀਸੀ ਦੇ ਸਰਵੇਖਣ ਦਾ ਵੀ ਹਵਾਲਾ ਦਿੱਤਾ ਜਿਸ ਵਿਚ ਕਿਹਾ ਗਿਆ ਸੀ ਕਿ ਯੂਨੀਵਰਸਿਟੀ ਦੀ ਪੜ੍ਹਾਈ ਵਾਲੇ ਨਵੇਂ ਕੈਨੇਡੀਅਨਾਂ 'ਚੋਂ 23 ਫ਼ੀਸਦ ਦਾ ਕਹਿਣਾ ਸੀ ਕਿ ਉਨ੍ਹਾਂ ਨੇ ਅਗਲੇ ਦੋ ਸਾਲਾਂ ਵਿਚ ਦੇਸ਼ ਛੱਡ ਕੇ ਚਲੇ ਜਾਣ ਦੀ ਯੋਜਨਾ ਬਣਾਈ ਹੈ।

ਸਿਸਟਮ ਨਾਲ ਜੁੜੀਆਂ ਬੰਦਸ਼ਾਂ ਅਤੇ ਨੀਤੀਗਤ ਕਮਜ਼ੋਰੀਆਂ ਤੋਂ ਇਲਾਵਾ ਇਸ ਮੁਲਕ ਵਿਚ ਜ਼ਿੰਦਗੀ ਦੀ ਗੁਜ਼ਰ ਬਸਰ ਮਹਿੰਗੀ ਹੋਣ ਕਰ ਕੇ ਪਰਵਾਸੀ ਇੱਥੇ ਵੱਸਣ ਦਾ ਆਪਣਾ ਸੁਫ਼ਨਾ ਤਿਆਗਣ ਲਈ ਮਜਬੂਰ ਹੋ ਰਹੇ ਹਨ। ਕੈਨੇਡਾ ਮਹਿੰਗਾਈ ਦੀ ਮਾਰ ਹੇਠ ਹੈ ਅਤੇ ਉਜਰਤਾਂ ਵਿਚ ਖੜੋਤ ਆ ਜਾਣ ਕਰ ਕੇ ਕੈਨੇਡੀਅਨਾਂ ਦੀ ਅਸਲ ਕਮਾਈ ਘਟ ਰਹੀ ਹੈ। ਕੈਨੇਡਾ ਵਿਚ ਆਉਣ ਲਈ ਇਮੀਗ੍ਰੇਸ਼ਨ, ਸ਼ਰਨਾਰਥੀ ਅਤੇ ਨਾਗਰਿਕਤਾ ਜਿਹੇ ਪ੍ਰੋਗਰਾਮ ਉਪਲਬਧ ਹਨ ਪਰ ਇਕੇਰਾਂ ਇੱਥੇ ਆਉਣ ਤੋਂ ਬਾਅਦ ਇਨ੍ਹਾਂ ਨੂੰ ਸੰਭਾਲਣ ਜਾਂ ਬਰਕਰਾਰ ਰੱਖਣ ਦਾ ਕੋਈ ਹੀਲਾ ਵਸੀਲਾ ਨਹੀਂ। ਸਥਾਈ ਨਿਵਾਸ ਦਾ ਰਾਹ ਕਾਫ਼ੀ ਜਟਿਲ ਤੇ ਉਲਝਣਾਂ ਭਰਿਆ ਹੈ; ਇਸ ਵਿਚ ਸਪੱਸ਼ਟਤਾ ਦੀ ਕਮੀ ਹੈ ਅਤੇ ਇਸ ਦਾ ਸੰਚਾਲਨ ਅਣਕਿਆਸੀਆਂ ਨੀਤੀਆਂ ਕਰਦੀਆਂ ਹਨ।

***ਲੇਖਕ ਨਾਰਦਰਨ ਬ੍ਰਿਟਿਸ਼ ਕੋਲੰਬੀਆ ਯੂਨੀਵਰਸਿਟੀ ਦੇ ਸਾਬਕਾ ਪ੍ਰੋਫੈਸਰ ਹਨ**

# ਕੰਪਿਊਟਰ ਸਾਖਰਤਾ ਹੈ ਸਮੇਂ ਦੀ ਵੱਡੀ ਜ਼ਰੂਰਤ

ਕੰਪਿਊਟਰ ਸਾਖਰਤਾ ਦੀ ਮਹੱਤਤਾ ਦਿਨ-ਬ-ਦਿਨ ਵਧ ਰਹੀ ਹੈ ਅਤੇ ਵਿਦਿਆਰਥੀਆਂ ਨੂੰ ਕੰਪਿਊਟਰ ਸਾਖਰ ਬਣਾਉਣਾ ਜ਼ਰੂਰੀ ਹੋ ਗਿਆ ਹੈ। ਇਸ ਲਿਹਾਜ਼ ਨਾਲ ਜੇਕਰ ਅੱਜ ਦੇ ਯੁੱਗ ਨੂੰ 'ਕੰਪਿਊਟਰ ਦਾ ਯੁੱਗ' ਕਹੀਏ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਸਿੱਖਿਆ ਤੋਂ ਲੈ ਕੇ ਸਿਹਤ ਤੱਕ, ਵਪਾਰ ਤੋਂ ਲੈ ਕੇ ਮਨੋਰੰਜਨ ਤੱਕ ਅਤੇ ਆਵਾਜਾਈ ਤੋਂ ਲੈ ਕੇ ਖੋਜ ਵਿਗਿਆਨ ਤੱਕ, ਲਗਪਗ ਹਰ ਖੇਤਰ ਵਿਚ ਕੰਪਿਊਟਰ ਨੇ ਆਪਣੀ ਉਪਯੋਗਤਾ ਸਾਬਿਤ ਕੀਤੀ ਹੈ। ਅੱਜ ਅਸੀਂ ਕੰਪਿਊਟਰ ਤੋਂ ਬਿਨ੍ਹਾਂ ਆਪਣੀ ਤਕਨਾਲੋਜੀ ਦੇ ਵਿਕਾਸ ਦੀ ਕਲਪਨਾ ਵੀ ਨਹੀਂ ਕਰ ਸਕਦੇ। ਮੌਜੂਦਾ ਸਿੱਖਿਆ ਪ੍ਰਣਾਲੀ ਅਤੇ ਵਿਸ਼ਵੀਕਰਨ ਦੇ ਇਸ ਦੌਰ ਵਿਚ ਕੰਪਿਊਟਰ ਵਿਸ਼ੇ ਦੀ ਮਹੱਤਤਾ ਨੂੰ ਸਮਝਦੇ ਹੋਏ ਹਰ ਸਾਲ ਕੰਪਿਊਟਰ ਸਾਖਰਤਾ ਦਿਵਸ 2 ਦਸੰਬਰ ਨੂੰ ਪੂਰੀ ਦੁਨੀਆ ਵਿਚ ਵੱਡੇ ਪੱਧਰ 'ਤੇ ਮਨਾਇਆ ਜਾਂਦਾ ਹੈ। ਇਸ ਦਿਨ ਦੀ ਸ਼ੁਰੂਆਤ ਭਾਰਤੀ ਕੰਪਿਊਟਰ ਕੰਪਨੀ (ਨਿਟ- ਨੈਸ਼ਨਲ ਇੰਸਟੀਚਿਊਟ ਆਫ ਇਨਫਰਮੇਸ਼ਨ ਟੈਕਨਾਲੋਜੀ) ਵੱਲੋਂ ਸਾਲ 2001 ਵਿਚ ਕੀਤੀ ਗਈ ਸੀ। 'ਨਿਟ' ਦਾ ਇਸ ਦਿਨ ਨੂੰ ਮਨਾਉਣ ਦਾ ਮਕਸਦ ਵੱਧ ਤੋਂ ਵੱਧ ਵਿਦਿਆਰਥੀਆਂ ਨੂੰ ਕੰਪਿਊਟਰ ਸਿੱਖਿਆ ਦੀ ਮਹੱਤਤਾ ਬਾਰੇ ਜਾਗਰੂਕ ਕਰਨਾ ਸੀ। ਕੰਪਿਊਟਰ ਇਕ ਲਾਤੀਨੀ ਸ਼ਬਦ ਹੈ ਜਿਸ ਦਾ ਅਰਥ ਹੈ 'ਹਿਸਾਬ ਲਗਾਉਣਾ', ਗਿਣਨਾ', 'ਸੰਖੇਪ ਵਿਚ ਜੋੜਨਾ' ਜਾਂ 'ਇਕੱਠੇ ਸੋਚਣਾ'। ਵਧੇਰੇ ਸਪੱਸ਼ਟ ਤੌਰ 'ਤੇ ਕੰਪਿਊਟਰ ਸ਼ਬਦ ਦਾ ਅਰਥ ਹੈ ਇਕ 'ਉਪਕਰਨ ਜੋ ਗਣਨਾ ਕਰਦਾ ਹੈ'। ਇਕ ਕੰਪਿਊਟਰ ਸਿਸਟਮ ਇਕ 'ਪੂਰਾ' ਕੰਪਿਊਟਰ ਹੁੰਦਾ ਹੈ ਜਿਸ ਵਿਚ ਹਾਰਡਵੇਅਰ, ਆਪਰੇਟਿੰਗ ਸਿਸਟਮ (ਮੁੱਖ ਸਾਫਟਵੇਅਰ) ਅਤੇ ਪੈਰੀਫਿਰਲ ਉਪਕਰਨ (ਮਾਊਸ, ਕੀਬੋਰਡ, ਪ੍ਰਿੰਟਰ ਆਦਿ) ਸ਼ਾਮਲ ਹੁੰਦੇ ਹਨ ਜੋ ਕਿ ਸੰਪੂਰਨ ਸੰਚਾਲਨ ਲਈ ਵਰਤੇ ਜਾਂਦੇ ਹਨ। ਚਾਰਲਸ ਬੈਬੇਜ਼' ਜਿਸ ਨੂੰ 'ਕੰਪਿਊਟਰ ਦਾ ਪਿਤਾਮਾ' ਕਿਹਾ ਜਾਂਦਾ ਹੈ, ਨੇ ਸੰਸਾਰ ਦਾ ਪਹਿਲਾ ਮਕੈਨੀਕਲ ਕੰਪਿਊਟਰ 'ਡਿਫਰਿਸ ਇੰਜਨ' ਈਜਾਦ ਕੀਤਾ ਸੀ। ਡਿਫਰਿਸ ਇੰਜਨ ਤੋਂ ਸ਼ੁਰੂ ਹੋਇਆ ਇਹ ਸਫ਼ਰ ਮੌਜੂਦਾ ਸਮੇਂ ਦੇ ਸੁਪਰ ਕੰਪਿਊਟਰ ਤੱਕ ਆ ਪਹੁੰਚਿਆ ਹੈ ਅਤੇ ਭਵਿੱਖ ਵਿਚ ਇਸ ਦੇ ਜਿਹੜੇ ਰੂਪ ਸਾਡੇ ਸਾਹਮਣੇ ਆਉਣਗੇ, ਸ਼ਾਇਦ ਉਹ ਸਾਡੀ ਕਲਪਨਾ ਤੋਂ ਵੀ ਪਰੇ ਹੋਣਗੇ।

ਕੰਪਿਊਟਰ ਸਾਖਰਤਾ ਕੰਪਿਊਟਰ ਨੂੰ ਕੁਸ਼ਲਤਾ ਅਤੇ ਪ੍ਰਭਾਵੀ ਢੰਗ ਨਾਲ ਵਰਤਣ ਦੀ ਯੋਗਤਾ ਜਾਂ ਗਿਆਨ ਹੈ। ਕੰਪਿਊਟਰ ਸਿੱਖਿਆ ਨੂੰ ਦੋ ਮੁੱਖ ਸ਼੍ਰੇਣੀਆਂ ਵਿਚ ਵੰਡਿਆ ਜਾ ਸਕਦਾ ਹੈ : ਬੇਸਿਕ (ਬੁਨਿਆਦੀ) ਕੰਪਿਊਟਰ ਸਿੱਖਿਆ ਅਤੇ ਐਡਵਾਂਸਡ (ਉੱਨਤ) ਕੰਪਿਊਟਰ ਸਿੱਖਿਆ। ਬੇਸਿਕ ਕੰਪਿਊਟਰ ਐਜੂਕੇਸ਼ਨ : ਬੁਨਿਆਦੀ ਕੰਪਿਊਟਰ ਐਜੂਕੇਸ਼ਨ ਕੰਪਿਊਟਰ ਦੇ ਮੁੱਢਲੇ ਗਿਆਨ ਤੱਕ ਸੀਮਤ ਹੈ ਜਿਵੇਂ ਕਿ ਹਾਰਡਵੇਅਰ, ਸਾਫਟਵੇਅਰ, ਆਪਰੇਟਿੰਗ ਸਿਸਟਮ ਅਤੇ ਇੰਟਰਨੈੱਟ ਦੀ ਵਰਤੋਂ। ਆਮ ਵਰਤੋਂ ਵਾਲੇ ਸਾਫਟਵੇਅਰ ਕਿਵੇਂ ਵਰਤਣੇ ਜਿਵੇਂ ਕਿ ਵਰਡ ਪ੍ਰੋਸੈਸਰ, ਸਪ੍ਰੈਡਸ਼ੀਟ ਅਤੇ ਪੇਸ਼ਕਾਰੀ ਸਾਫਟਵੇਅਰ ਆਦਿ। ਕੰਪਿਊਟਰ ਦੀ ਵਰਤੋਂ ਕਰ ਕੇ ਅਸੀਂ ਦਸਤਾਵੇਜ਼ ਬਣਾ/ਸੋਧ ਸਕਦੇ ਹਾਂ, ਈਮੇਲ ਭੇਜ/ਪ੍ਰਾਪਤ ਕਰ ਸਕਦੇ ਹਾਂ, ਇੰਟਰਨੈੱਟ 'ਤੇ ਜਾਣਕਾਰੀ ਬ੍ਰਾਊਜ਼ ਕਰ ਸਕਦੇ ਹਾਂ। ਵਰਤਮਾਨ ਸਮੇਂ ਮਾਊਸ ਦੇ ਇਕ ਕਲਿੱਕ ਨਾਲ ਵਿਦਿਆਰਥੀ ਗਿਆਨ ਰੂਪੀ ਸਮੁੰਦਰ ਵਿਚ ਚੁੱਭੀ ਲਾ ਸਕਦੇ ਹਨ ਜੋ ਕਿ ਪੁਰਾਤਨ ਸਮਿਆਂ ਅੰਦਰ ਸੰਭਵ ਨਹੀਂ ਸੀ। ਕੰਪਿਊਟਰ ਅਤੇ ਇੰਟਰਨੈੱਟ ਨੇ ਜੋ ਗਿਆਨ ਪਸਾਰ ਦੇ ਰਾਹ ਖੋਲ੍ਹੇ ਹਨ, ਉਸ ਨਾਲ ਵਿਦਿਆਰਥੀ ਵਰਗ ਬਹੁਤ ਉਤਸ਼ਾਹਤ ਹੈ। ਉਧਰ ਐਡਵਾਂਸਡ ਕੰਪਿਊਟਰ ਐਜੂਕੇਸ਼ਨ ਕੰਪਿਊਟਰ ਸਾਇੰਸ ਦੇ ਖ਼ਾਸ ਖੇਤਰਾਂ ਜਿਵੇਂ ਕਿ ਪ੍ਰੋਗਰਾਮਿੰਗ, ਨੈੱਟਵਰਕਿੰਗ ਅਤੇ ਸੁਰੱਖਿਆ 'ਤੇ ਕੇਂਦਰਿਤ ਹੈ। ਇਸ ਤੋਂ ਭਾਵ ਹੈ ਸਾਫਟਵੇਅਰ ਐਪਲੀਕੇਸ਼ਨਾਂ ਨੂੰ ਵਿਕਸਤ ਕਰਨਾ, ਕੰਪਿਊਟਰ ਨੈੱਟਵਰਕਾਂ ਨੂੰ ਡਿਜ਼ਾਈਨ ਕਰਨਾ ਅਤੇ ਲਾਗੂ ਕਰਨਾ ਆਦਿ। ਅੱਜ ਦੇ ਸਮੇਂ ਸ਼ਾਇਦ ਹੀ ਕੋਈ ਅਜਿਹਾ ਪੇਸ਼ਾ ਹੋਵੇਗਾ ਜਿਸ ਵਿਚ ਕੰਪਿਊਟਰ ਦੀ ਵਰਤੋਂ ਨਾ ਹੋ ਰਹੀ ਹੋਵੇ। ਦਾਖ਼ਲਾ, ਪ੍ਰਵੇਸ਼ ਪ੍ਰੀਖਿਆਵਾਂ ਆਨਲਾਈਨ ਹੋ ਰਹੀਆਂ ਹਨ। ਇਸ ਲਈ ਕੰਪਿਊਟਰ ਗਿਆਨ ਤਾਂ ਹਰ ਕਿਸੇ ਲਈ ਲਾਜ਼ਮੀ ਹੁੰਦਾ ਜਾ ਰਿਹਾ ਹੈ। ਵੱਡੀਆਂ-ਵੱਡੀਆਂ ਮਲਟੀਨੈਸ਼ਨਲ ਕੰਪਨੀਆਂ ਵਿਚ ਇਸ ਸਮੇਂ ਸੂਚਨਾ ਤਕਨੀਕ ਨਾਲ ਸਬੰਧਤ ਕੰਪਨੀਆਂ ਦੀ ਸਰਦਾਰੀ ਹੈ। ਕੰਪਿਊਟਰ ਖੇਤਰ ਵਿਚ ਕੰਪਿਊਟਰ ਪ੍ਰੋਗਰਾਮਰ, ਐਪਲੀਕੇਸ਼ਨ ਡਿਵੈਲਪਰ, ਡਾਟਾ ਵਿਸ਼ਲੇਸ਼ਕ, ਏਆਈ (ਆਰਟੀਫੀਸ਼ੀਅਲ ਇੰਟੈਲੀਜੈਂਸ), ਇੰਜੀਨੀਅਰ, ਸਾਈਬਰ ਸੁਰੱਖਿਆ ਵਿਸ਼ਲੇਸ਼ਕ, ਗੇਮ ਡਿਵੈਲਪਰ, ਮਸ਼ੀਨ ਲਰਨਿੰਗ ਇੰਜੀਨੀਅਰ, ਨੈੱਟਵਰਕ ਇੰਜੀਨੀਅਰ, ਵੈੱਬ ਡਿਜ਼ਾਈਨਰ, ਐਪਲੀਕੇਸ਼ਨ ਡਿਜ਼ਾਈਨਰ, ਡਾਟਾ ਪ੍ਰਬੰਧਕ, ਸਾਫਟਵੇਅਰ ਟੈਸਟਰ, ਨੈੱਟਵਰਕ ਪ੍ਰਬੰਧਕ, ਪ੍ਰਾਜੈਕਟ ਮੈਨੇਜਰ, ਹਾਰਡਵੇਅਰ ਇੰਜੀਨੀਅਰ ਆਦਿ ਮਾਹਿਰ ਵਿਅਕਤੀਆਂ ਦੀ ਹਮੇਸ਼ਾ ਭਾਰੀ ਮੰਗ ਬਣੀ ਰਹਿੰਦੀ ਹੈ।

**ਜਗਜੀਤ ਸਿੰਘ**

ਪੰਚਾਇਤ ਦੇ ਕੰਮਕਾਰ ਤੋਂ ਲੈ ਕੇ ਉੱਚ ਪੱਧਰੀ ਦਫ਼ਤਰਾਂ ਅਤੇ ਸਰਕਾਰੀ ਯੋਜਨਾਵਾਂ ਨੂੰ ਈ-ਗਵਰਨੈਂਸ ਰਾਹੀਂ ਆਮ ਲੋਕਾਈ ਤੱਕ ਕੰਪਿਊਟਰ ਗਿਆਨ ਰਾਹੀਂ ਹੀ ਪਹੁੰਚਾਇਆ ਜਾ ਸਕਦਾ ਹੈ। ਕੰਪਿਊਟਰ ਸਾਖਰਤਾ ਵਿਸ਼ਵ ਔਸਤ ਜਿਵੇਂ ਕਿ 'ਵਰਲਡ ਇਕਨਾਮਿਕ ਫੋਰਮ' ਦੁਆਰਾ ਨਿਰਧਾਰਤ ਕੀਤਾ ਗਿਆ ਹੈ, ਨੇ ਪਾਇਆ ਕਿ ਸੰਸਾਰ ਦੇ ਮੂਹਰਲੀ ਕਤਾਰ ਦੇ ਦੇਸ਼ਾਂ ਦਾ ਆਰਥਿਕ ਸਹਿਯੋਗ ਅਤੇ ਵਿਕਾਸ ਲਈ ਸੰਗਠਨ ਦੇ ਦੇਸ਼ ਇੰਨੇ ਕੰਪਿਊਟਰ ਸਾਖਰ ਨਹੀਂ ਹਨ ਜਿੰਨਾ ਕਿ ਕੋਈ ਉਮੀਦ ਕਰਦਾ ਹੈ। ਉਨ੍ਹਾਂ 'ਚ ਪੱਚੀ ਫ਼ੀਸਦ ਲੋਕ ਕੰਪਿਊਟਰ ਦੀ ਵਰਤੋਂ ਕਰਨਾ ਨਹੀਂ ਜਾਣਦੇ ਹਨ, ਘੱਟੋ-ਘੱਟ 45 ਫ਼ੀਸਦ ਦੀ ਦਰ ਮਾੜੀ ਹੈ ਅਤੇ ਸਿਰਫ਼ 30 ਪ੍ਰਤੀਸ਼ਤ ਔਸਤਨ ਤੋਂ ਮਜ਼ਬੂਤ ਯੋਗਤਾ ਰੱਖਦੇ ਹਨ। ਉੱਥੇ ਹੀ ਸਾਡੇ ਦੇਸ਼ 'ਚ ਇਕ ਰਿਪੋਰਟ ਅਨੁਸਾਰ 15-29 ਸਾਲ ਦੀ ਉਮਰ ਸਮੂਹ ਵਿਚ ਸਰਵੇਖਣ ਕੀਤੇ ਗਏ 40 ਫ਼ੀਸਦੀ ਤੋਂ ਵੱਧ ਭਾਰਤੀਆਂ ਨੇ ਦੱਸਿਆ ਕਿ ਉਨ੍ਹਾਂ ਨੂੰ ਕੰਪਿਊਟਰ 'ਤੇ ਫਾਈਲਾਂ ਨੂੰ ਸੰਭਾਲਣ ਦਾ ਮੁੱਢਲਾ ਹੁਨਰ ਹੈ। ਹੁਨਰ ਦਾ ਮੁਸ਼ਕਲ ਪੱਧਰ ਵਧਣ ਨਾਲ ਯੋਗਤਾਵਾਂ ਵਿਚ ਗਿਰਾਵਟ ਆਈ। ਇਸ ਸਰਵੇਖਣ ਵਿਚ ਇਹ ਵੀ ਸਾਹਮਣੇ ਆਇਆ ਕਿ ਸਿਰਫ਼ 2.5 ਫ਼ੀਸਦੀ ਤੋਂ ਘੱਟ ਲੋਕਾਂ ਨੇ ਕਿਹਾ ਕਿ ਉਹ ਇਕ ਪ੍ਰੋਗਰਾਮਿੰਗ ਭਾਸ਼ਾ ਦੀ ਵਰਤੋਂ ਕਰ ਸਕਦੇ ਹਨ।

ਸੰਸਾਰੀਕਰਨ ਦੇ ਇਸ ਦੌਰ ਵਿਚ ਸਿੱਖਿਆ ਦੇ ਹਾਣੀ ਬਨਣਾ ਕੰਪਿਊਟਰ ਸਿੱਖਿਆ ਤੋਂ ਬਗੈਰ ਸੰਭਵ ਹੀ ਨਹੀਂ। ਪੰਜਾਬ ਸਰਕਾਰ ਨੇ ਇਸ ਹੀ ਲੋੜ ਨੂੰ ਵਾਜਿਬ ਸਮਝਦਿਆਂ ਸਾਲ 2005 ਵਿਚ ਪੰਜਾਬ ਦੇ ਸਰਕਾਰੀ ਸਕੂਲਾਂ ਅੰਦਰ ਕੰਪਿਊਟਰ ਸਿੱਖਿਆ ਆਰੰਭ ਕਰਵਾਈ ਸੀ ਜਿਸ ਦੀ ਹਰ ਪਾਸਿਓਂ ਸ਼ਲਾਘਾ ਹੋਈ ਸੀ ਪਰ ਸਮਾਂ ਗੁਜ਼ਰਨ ਦੇ ਨਾਲ ਇਸ ਵਿਚ ਹੋਰ ਸੁਧਾਰ ਦੀ ਲੋੜ ਹੈ। ਕੰਪਿਊਟਰ ਮਸ਼ੀਨ ਵਿਚ ਕੋਈ ਵੀ ਨੁਕਸ ਪੈਣ 'ਤੇ ਉਸ ਨੂੰ ਠੀਕ ਕਰਨ ਵਾਲੀਆਂ ਕੰਪਨੀਆਂ ਨਾਲ ਸਰਕਾਰ ਦਾ ਇਕਰਾਰ ਖ਼ਤਮ ਹੋ ਚੁੱਕਾ ਹੈ ਅਤੇ ਸਕੂਲਾਂ ਕੋਲ ਸੀਮਤ ਫੰਡ ਨਾਲ ਇਨ੍ਹਾਂ ਦੀ ਸਾਂਭ-ਸੰਭਾਲ ਕਰਨ ਵਿਚ ਮੁਸ਼ਕਲ ਆ ਰਹੀ ਹੈ। ਕੰਪਿਊਟਰ ਸਿੱਖਿਆ ਕਾਰਨ ਹੀ ਕੋਵਿਡ ਮਹਾਮਾਰੀ ਦੇ ਔਖੇ ਸਮੇਂ ਵਿਚ ਘਰ ਬੈਠੇ ਵਿਦਿਆਰਥੀਆਂ ਨਾਲ ਆਨਲਾਈਨ ਜਮਾਤਾਂ ਲਗਵਾਉਣਾ ਤੇ ਆਨਲਾਈਨ ਟੈਸਟ ਲੈਣਾ ਸੰਭਵ ਹੋਇਆ ਸੀ। ਕੰਪਿਊਟਰ ਸਿੱਖਿਆ ਦੇਣ ਵਾਲੇ ਕੰਪਿਊਟਰ ਅਧਿਆਪਕ ਵੀ ਪਿਛਲੇ ਲੰਬੇ ਸਮੇਂ ਤੋਂ ਆਪਣੀਆਂ ਹੱਕੀ ਮੰਗਾਂ ਲਈ ਸੰਘਰਸ਼ ਕਰਦੇ ਆ ਰਹੇ ਹਨ। ਪਰੰਤੂ ਹਰ ਸਰਕਾਰ ਨੇ ਉਨ੍ਹਾਂ ਲਈ ਲਾਰੇ-ਲੱਪਿਆਂ ਵਾਲੀ ਨੀਤੀ ਹੀ ਅਪਣਾਈ ਹੋਈ ਹੈ। ਮੌਜੂਦਾ ਸਰਕਾਰ ਵੀ ਕੰਪਿਊਟਰ ਅਧਿਆਪਕਾਂ ਦੀਆਂ ਮੰਗਾਂ ਨੂੰ ਨਜ਼ਰਅੰਦਾਜ਼ ਹੀ ਕਰ ਰਹੀ ਹੈ। ਪਿਛਲੇ ਸਾਲ ਦੀਵਾਲੀ 'ਤੇ ਐਲਾਨ ਕੀਤਾ ਤੋਹਫ਼ਾ ਜਿਸ ਵਿਚ ਛੇਵਾਂ ਪੇਅ ਕਮਿਸ਼ਨ ਅਤੇ ਪੰਜਾਬ ਸਿਵਲ ਸਰਵਿਸ ਰੂਲਜ਼ ਲਾਗੂ ਕਰਨਾ ਸ਼ਾਮਲ ਸੀ, ਉਹ ਵੀ ਇਨ੍ਹਾਂ ਨੂੰ ਅੱਜ ਤੱਕ ਨਸੀਬ ਨਹੀਂ ਹੋਇਆ। ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਕੰਪਿਊਟਰ ਅਧਿਆਪਕਾਂ ਦੀਆਂ ਹੱਕੀ ਮੰਗਾਂ ਤੁਰੰਤ ਪ੍ਰਵਾਨ ਕਰੇ ਤਾਂ ਜੋ ਉਹ ਵੀ ਸਵੈਮਾਣ ਨਾਲ ਆਪਣੀਆਂ ਸੇਵਾਵਾਂ ਨਿਭਾ ਸਕਣ।

ਕੰਪਿਊਟਰ ਸਿੱਖਿਆ ਰਾਹੀਂ ਹੀ ਵਿਦਿਆਰਥੀ ਹੋਰ ਵਿਸ਼ੇ ਵਿਚ ਵੀ ਪਰਪੱਕ ਹੋ ਸਕਦੇ ਹਨ। ਉਦਾਹਰਨ ਦੇ ਤੌਰ 'ਤੇ ਆਨਲਾਈਨ ਲਾਇਬ੍ਰੇਰੀ, ਵਰਚੂਅਲ ਲੈਬ, ਯੂਟਿਊਬ ਚੈਨਲ, ਆਨਲਾਈਨ ਟਿਊਟਰ ਆਦਿ ਜਿਹੀਆਂ ਸੁਵਿਧਾਵਾਂ ਸੂਚਨਾ ਤਕਨੀਕ ਦੀ ਜਾਣਕਾਰੀ ਰੱਖਣ ਵਾਲਾ ਵਿਦਿਆਰਥੀ ਹੀ ਪ੍ਰਾਪਤ ਕਰ ਸਕਦਾ ਹੈ। ਸੂਚਨਾ ਤਕਨੀਕ ਦੇ ਖੇਤਰ ਵਿਚ ਨਿਪੁੰਨ ਇੰਜੀਨੀਅਰਾਂ ਦੀ ਮੰਗ ਪੂਰੀ ਦੁਨੀਆਂ ਵਿਚ ਵਧ ਰਹੀ ਹੈ। ਕੰਪਿਊਟਰ ਕੋਡਿੰਗ ਬੱਚੇ ਦੇ ਦਿਮਾਗ ਦੀ ਹਰ ਇਕਾਈ ਨੂੰ ਪ੍ਰਫੁੱਲਤ ਕਰਨ ਵਿਚ ਮਦਦ ਕਰਦੀ ਹੈ। ਇਹ ਬੱਚਿਆਂ ਨੂੰ ਪ੍ਰੋਗਰਾਮ, ਐਪਲੀਕੇਸ਼ਨ ਵਿਕਸਤ ਕਰਨ, ਰੋਬੋਟਿਕਸ ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਖੇਤਰ ਵਿਚ ਕੰਮ ਕਰਨ ਦੇ ਮੌਕੇ ਦੇ ਕੇ ਨਵੀਂ ਤਕਨਾਲੋਜੀ ਦੀ ਦੁਨੀਆ ਵਿਚ ਦਾਖ਼ਲ ਹੋਣ ਦੇ ਯੋਗ ਬਣਾਉਂਦੀ ਹੈ। ਕੰਪਿਊਟਰ, ਇੰਟਰਨੈੱਟ ਅਤੇ ਮਸਨੂਈ ਬੁੱਧੀ ਦਾ ਤ੍ਰਿਵੇਣੀ ਗਿਆਨ ਮੌਜੂਦਾ ਯੁੱਗ 'ਚ ਕਾਮਯਾਬੀ ਦੀਆਂ ਬੁਲੰਦੀਆਂ ਛੂਹਣ ਲਈ ਬੇਹੱਦ ਜ਼ਰੂਰੀ ਹੈ।

# ਵਿਸ਼ੇਸ਼ ਗੁਣਾਂ ਦੀਆਂ ਧਾਰਨੀ ਹੁੰਦੀਆਂ ਹਨ ਔਰਤਾਂ





## ਪੜ੍ਹਾਈ ਵਿਚ ਬਿਹਤਰ

ਅੱਜ-ਕੱਲ੍ਹ ਹਰ ਕਿਸਮ ਦੀ ਪੜ੍ਹਾਈ ਵਿਚ ਲੜਕੀਆਂ ਬਾਜ਼ੀ ਮਾਰ ਰਹੀਆਂ ਹਨ। ਪੜ੍ਹਾਈ ਦੇ ਨਤੀਜਿਆਂ ਦੇ ਅੰਕੜੇ ਇਹ ਦਰਸਾਉਂਦੇ ਹਨ ਕਿ ਲੜਕਿਆਂ ਦੇ ਮੁਕਾਬਲੇ ਲੜਕੀਆਂ ਨਾ ਸਿਰਫ਼ ਜ਼ਿਆਦਾ ਤੇਜ਼ ਹਨ, ਸਗੋਂ ਪੜ੍ਹਾਈ ਵਿਚ ਵੱਧ ਗੰਭੀਰ ਅਤੇ ਸਫਲ ਹਨ। ਸਕੂਲਾਂ ਅਤੇ ਕਾਲਜਾਂ ਵਿਚ ਵੇਖਣ ਨੂੰ ਮਿਲਦਾ ਹੈ ਕਿ ਲੜਕੀਆਂ ਤਾਂ ਸਾਰਾ ਸਾਲ ਮਿਹਨਤ ਨਾਲ ਰੋਜ਼ਾਨਾ ਪੜ੍ਹਾਈ ਕਰਦੀਆਂ ਹਨ ਪਰ ਲੜਕੇ ਪੜ੍ਹਾਈ ਪ੍ਰਤੀ ਜ਼ਿਆਦਾ ਗੰਭੀਰਤਾ ਨਹੀਂ ਰੱਖਦੇ ਤੇ ਬਹੁਤੀ ਮਿਹਨਤ ਨਾ ਕਰ ਕੇ ਇਮਤਿਹਾਨਾਂ ਤੋਂ ਸਿਰਫ਼ ਕੁਝ ਸਮਾਂ ਪਹਿਲਾਂ ਹੀ ਪੜ੍ਹਨ 'ਚ ਯਕੀਨ ਰੱਖਦੇ ਹਨ।


ਸਮਾਂ ਬਦਲ ਰਿਹਾ ਹੈ, ਔਰਤਾਂ ਹਰੇਕ ਖੇਤਰ ਵਿਚ ਮਰਦਾਂ ਵਾਂਗ ਸ਼ਲਾਘਾਯੋਗ ਯੋਗਦਾਨ ਦੇ ਰਹੀਆਂ ਹਨ। ਸਿੱਖਿਆ, ਵਿਗਿਆਨ, ਡਾਕਟਰੀ, ਸਮਾਜ-ਸੇਵਾ, ਪ੍ਰਸ਼ਾਸਨ ਅਤੇ ਰਾਜਨੀਤੀ ਆਦਿ ਕੋਈ ਵੀ ਖੇਤਰ ਹੋਵੇ, ਅੱਜ-ਕੱਲ੍ਹ ਔਰਤਾਂ ਮਰਦਾਂ ਦੀ ਬਰਾਬਰੀ ਦੀ ਨਹੀਂ, ਸਗੋਂ ਉਨ੍ਹਾਂ ਤੋਂ ਮੋਹਰੀ ਭੂਮਿਕਾ ਅਦਾ ਕਰ ਰਹੀਆਂ ਹਨ। ਮਰਦ ਅਤੇ ਔਰਤ ਉਂਜ ਤਾਂ ਦੋਵੇਂ ਹੀ ਸਮਾਜ ਰੂਪੀ ਵਾਹਨ ਦੇ ਦੋ ਪਹਿਏ ਹਨ ਪਰ ਔਰਤਾਂ ਸਮਾਜ ਦੇ ਹਰ ਖੇਤਰ ਵਿਚ ਮਹੱਤਵਪੂਰਨ ਉਪਲਬਧੀਆਂ ਕਰ ਰਹੀਆਂ ਹਨ। ਵੈਸੇ ਤਾਂ ਪਹਿਲਾਂ ਵੀ ਅਜਿਹੀਆਂ ਔਰਤਾਂ ਰਹੀਆਂ ਹਨ ਜਿਨ੍ਹਾਂ ਦੀਆਂ ਉਪਲਬਧੀਆਂ ਵਿਸ਼ੇਸ਼ ਸਨ। ਇਤਿਹਾਸ ਵਿਚ ਝਾਂਸੀ ਦੀ ਰਾਣੀ ਲਕਸ਼ਮੀ ਬਾਈ, ਇੰਦਰਾ ਗਾਂਧੀ ਅਤੇ ਕਿਰਨ ਬੇਦੀ ਆਦਿ ਉਨ੍ਹਾਂ ਔਰਤਾਂ ਦੇ ਨਾਂ ਹਨ, ਜਿਨ੍ਹਾਂ ਨੇ ਆਪਣੀਆਂ ਵਿਲੱਖਣ ਸ਼ਾਨਦਾਰ ਕਾਰਗੁਜ਼ਾਰੀਆਂ ਨਾਲ ਆਪਣੇ ਦੇਸ਼ ਤੇ ਸਮਾਜ ਦਾ ਸਿਰ ਸ਼ਾਨ ਨਾਲ ਉੱਚਾ ਚੁੱਕਿਆ। ਅੱਜ-ਕੱਲ੍ਹ ਦੀਆਂ ਔਰਤਾਂ ਪੁਰਸ਼ਾਂ ਦੇ ਸਹਿਯੋਗ ਤੋਂ ਬਗ਼ੈਰ ਆਪਣਾ ਅਤੇ ਆਪਣੇ ਪਰਿਵਾਰ ਦਾ ਭਵਿੱਖ ਸਿਰਜ ਰਹੀਆਂ ਹਨ। ਉਂਜ ਤਾਂ ਔਰਤ ਅਤੇ ਪੁਰਸ਼ ਦੋਵਾਂ ਨੂੰ ਕੁਦਰਤ ਨੇ ਆਪਣੇ ਆਪ ਵਿਚ ਖ਼ਾਸ ਬਣਾਇਆ ਹੈ ਪਰ ਫਿਰ ਵੀ ਔਰਤਾਂ ਵਿਚ ਕੁਝ ਅਜਿਹੀਆਂ ਵਿਸ਼ੇਸ਼ ਖ਼ੂਬੀਆਂ ਹਨ ਜੋ ਪੁਰਸ਼ਾਂ ਵਿਚ ਨਹੀਂ। ਹੈ ਨਾ ਬੜੀ ਰੋਚਕ ਜਿਹੀ ਗੱਲ? ਆਉ ਜਾਣੀਏ ਕਿ ਔਰਤਾਂ ਦੇ ਅਜਿਹੇ ਕਿਹੜੇ ਖ਼ਾਸ ਗੁਣ ਹਨ, ਜੋ ਉਨ੍ਹਾਂ ਨੂੰ ਖ਼ੁਦ ਨੂੰ ਵੀ ਪੁਰਸ਼ਾਂ ਨਾਲੋਂ ਬਿਹਤਰ ਬਣਾਉਂਦੇ ਹਨ।

> ਅੱਜ-ਕੱਲ੍ਹ ਦੀਆਂ ਔਰਤਾਂ ਪੁਰਸ਼ਾਂ ਦੇ ਸਹਿਯੋਗ ਤੋਂ ਬਗ਼ੈਰ ਆਪਣਾ ਅਤੇ ਆਪਣੇ ਪਰਿਵਾਰ ਦਾ ਭਵਿੱਖ ਸਿਰਜ ਰਹੀਆਂ ਹਨ। ਉਂਜ ਤਾਂ ਔਰਤ ਅਤੇ ਪੁਰਸ਼ ਦੋਵਾਂ ਨੂੰ ਕੁਦਰਤ ਨੇ ਆਪਣੇ ਆਪ ਵਿਚ ਖ਼ਾਸ ਬਣਾਇਆ ਹੈ ਪਰ ਫਿਰ ਵੀ ਔਰਤਾਂ ਵਿਚ ਕੁਝ ਅਜਿਹੀਆਂ ਵਿਸ਼ੇਸ਼ ਖ਼ੂਬੀਆਂ ਹਨ ਜੋ ਪੁਰਸ਼ਾਂ ਵਿਚ ਨਹੀਂ।

## ਬਹੁਗੁਣੀ ਪ੍ਰਤਿਭਾ

ਔਰਤਾਂ ਦੇ ਘਰੇਲੂ ਕੰਮਾਂ ਵਿਚ ਸਵੇਰ ਤੋਂ ਹੀ ਉਨ੍ਹਾਂ ਦੀ ਬਹੁਗੁਣੀ ਪ੍ਰਤਿਭਾ ਦਾ ਪ੍ਰਦਰਸ਼ਨ ਵੇਖਣ ਨੂੰ ਮਿਲਦਾ ਹੈ। ਬੱਚਿਆਂ ਅਤੇ ਬਾਕੀ ਪਰਿਵਾਰਿਕ ਮੈਂਬਰਾਂ ਲਈ ਸਵੇਰ ਦਾ ਨਾਸ਼ਤਾ ਤਿਆਰ ਕਰਨਾ, ਬੱਚਿਆਂ ਨੂੰ ਸਕੂਲ ਵਾਸਤੇ ਤਿਆਰ ਕਰਨਾ, ਘਰ ਦੀ ਸਫ਼ਾਈ ਕਰਨਾ ਅਤੇ ਘਰ ਵਿਚ ਆ ਜਾਣ ਵਾਲੇ ਰਿਸ਼ਤੇਦਾਰਾਂ ਜਾਂ ਸਹਿਯੋਗੀਆਂ ਨੂੰ ਵਧੀਆ ਤਰੀਕੇ ਨਾਲ ਚਾਹ-ਪਾਣੀ ਪਿਲਾਉਣਾ ਆਦਿ ਅਜਿਹੇ ਕੰਮ ਹਨ, ਜਿਨ੍ਹਾਂ ਤੋਂ ਔਰਤਾਂ ਦੀ ਪ੍ਰਤਿਭਾ ਬਾਰੇ ਜਾਣਕਾਰੀ ਮਿਲਦੀ ਹੈ। ਜ਼ਰਾ ਉਨ੍ਹਾਂ ਔਰਤਾਂ ਦੀ ਵਿਲੱਖਣ ਪ੍ਰਤਿਭਾ ਬਾਰੇ ਵੀ ਸੋਚੋ ਜੋ ਨੌਕਰੀ ਪੇਸ਼ਾ ਹਨ ਤੇ ਘਰ ਦੇ ਸਾਰੇ ਕੰਮ-ਕਾਜ ਕਰ ਕੇ ਸਮੇਂ ਸਿਰ ਆਪਣੀ ਨੌਕਰੀ ਕਰਨ ਵੀ ਪਹੁੰਚ ਜਾਂਦੀਆਂ ਹਨ। ਅਕਸਰ ਅਸੀਂ ਔਰਤਾਂ ਨੂੰ ਘਰਾਂ ਵਿਚ ਇੱਕੋ ਸਮੇਂ ਕਈ ਕੰਮ ਕਰਦੇ ਵੇਖਦੇ ਹਾਂ। ਸੱਚਮੁੱਚ ਔਰਤਾਂ ਹਨ ਨਾ ਬਹੁਗੁਣੀ ਪ੍ਰਤਿਭਾ ਵਾਲੀਆਂ? ਇਸ ਦੇ ਉਲਟ ਪੁਰਸ਼ ਅਕਸਰ ਇਕ ਸਮੇਂ ਵਿਚ ਇੱਕੋ ਕੰਮ ਕਰਦੇ ਹਨ





### ਰਿਸ਼ਤਿਆਂ ਨੂੰ ਸੰਭਾਲਣ ਦੀ ਕਲਾ

ਇਸ ਗੱਲ ਵਿਚ ਜ਼ਰਾ ਵੀ ਸ਼ੱਕ ਨਹੀਂ ਕਿ ਔਰਤਾਂ ਨੂੰ ਕੁਦਰਤ ਨੇ ਰਿਸ਼ਤਿਆਂ ਅਤੇ ਸਬੰਧਾਂ ਨੂੰ ਸੰਭਾਲਣ ਦੀ ਸਮਰੱਥਾ ਪੁਰਸ਼ਾਂ ਨਾਲੋਂ ਕਿਤੇ ਵਧੀਆ ਤੇ ਸੁਚੱਜੇ ਢੰਗ ਨਾਲ ਸੰਭਾਲ ਕੇ ਰੱਖਣ ਦੀ ਕਲਾ ਬਖ਼ਸ਼ੀ ਹੈ। ਆਮ ਤੌਰ 'ਤੇ ਵੇਖਣ ਵਿਚ ਆਇਆ ਹੈ ਕਿ ਪੁਰਸ਼ ਰਿਸ਼ਤਿਆਂ ਨੂੰ ਇੰਨੀ ਜ਼ਿਆਦਾ ਮਹੱਤਤਾ ਨਹੀਂ ਦਿੰਦੇ, ਜਿੰਨੀ ਕਿ ਔਰਤਾਂ। ਔਰਤਾਂ ਇੱਕੋ ਸਮੇਂ ਸਹੁਰਾ ਪਰਿਵਾਰ ਤੇ ਰਿਸ਼ਤੇਦਾਰਾਂ, ਆਪਣੇ ਪੇਕੇ ਪਰਿਵਾਰ, ਇੱਥੋਂ ਤਕ ਕਿ ਆਪਣੇ ਦੋਸਤਾਂ ਤਕ ਨਾਲ ਰਿਸ਼ਤੇ ਵਧੀਆ ਢੰਗ ਨਾਲ ਬਰਕਰਾਰ ਰੱਖਦੀਆਂ ਹਨ ਪਰ ਪੁਰਸ਼ ਇਨ੍ਹਾਂ ਰਿਸ਼ਤਿਆਂ ਅਤੇ ਸੰਬੰਧਾਂ ਨੂੰ ਔਰਤਾਂ ਜਿੰਨੀ ਤਰਜੀਹ ਨਹੀਂ ਦਿੰਦੇ।

### ਪਰਿਵਾਰ ਪ੍ਰਤੀ ਜ਼ਿੰਮੇਵਾਰੀ

ਪੁਰਸ਼ਾਂ ਨਾਲੋਂ ਔਰਤਾਂ ਆਪਣੇ ਪਰਿਵਾਰ ਪ੍ਰਤੀ ਕਿਤੇ ਜ਼ਿਆਦਾ ਜ਼ਿੰਮੇਵਾਰ ਹੁੰਦੀਆਂ ਹਨ। ਅਕਸਰ ਵੇਖਣ ਨੂੰ ਮਿਲਦਾ ਹੈ ਕਿ ਔਰਤਾਂ ਆਪਣੇ ਦੁੱਖਤਕਲੀਫ਼ ਦੀ ਪਰਵਾਹ ਕਰੇ ਬਗ਼ੈਰ ਪਹਿਲਾਂ ਆਪਣੇ ਬੱਚਿਆਂ ਅਤੇ ਪਰਿਵਾਰ ਦੀ ਜ਼ਰੂਰਤ ਨੂੰ ਮੁੱਖ ਰੱਖਦੀਆਂ ਹਨ। ਪਰਿਵਾਰ ਦੀ ਹਰੇਕ ਜ਼ਰੂਰਤ ਨੂੰ ਪੂਰਾ ਕਰਨ ਲਈ ਔਰਤਾਂ ਪੂਰੀ ਤਰ੍ਹਾਂ ਤਨਦੇਹੀ ਨਾਲ ਕੰਮ ਕਰਦੀਆਂ ਹਨ ਅਤੇ ਭਾਵਨਾਤਮਕ ਪੱਖੋਂ ਵੀ ਪਰਿਵਾਰ ਪ੍ਰਤੀ ਸੰਵੇਦਨਸ਼ੀਲਤਾ ਰੱਖਦੀਆਂ ਹਨ, ਜਦੋਂ ਕਿ ਪੁਰਸ਼ ਔਰਤਾਂ ਦੀ ਤੁਲਨਾ ਵਿਚ ਪਰਿਵਾਰ ਪ੍ਰਤੀ ਘੱਟ ਸੰਵੇਦਨਸ਼ੀਲ ਅਤੇ ਜ਼ਿੰਮੇਵਾਰ ਹੁੰਦੇ ਹਨ। ਭਾਵੇਂ ਪੁਰਸ਼ਾਂ ਦੀ ਪਰਿਵਾਰ ਦੀਆਂ ਆਰਥਿਕ ਜ਼ਰੂਰਤਾਂ ਨੂੰ ਪੂਰਾ ਕਰਨ ਵਿਚ ਅਹਿਮ ਭੂਮਿਕਾ ਹੁੰਦੀ ਹੈ ਪਰ ਭਾਵਨਾਤਮਕ ਪੱਖੋਂ ਪਰਿਵਾਰ ਪ੍ਰਤੀ ਉਹ ਔਰਤਾਂ ਜਿੰਨੇ ਜ਼ਿੰਮੇਵਾਰ ਨਹੀਂ ਹੁੰਦੇ।

### ਚੀਜ਼ਾਂ ਦੀ ਸਾਂਭ-ਸੰਭਾਲ

ਇਸ ਗੱਲੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਜੇ ਘਰਾਂ ਵਿਚ ਕੋਈ ਵੀ ਚੀਜ਼ ਗੁੰਮ ਹੋ ਜਾਵੇ ਤਾਂ ਉਹ ਚੀਜ਼ ਘਰ ਵਿੱਚੋਂ ਔਰਤ ਹੀ ਲੱਭ ਕੇ ਦੇ ਸਕਦੀ ਹੈ। ਪੁਰਸ਼ ਅਕਸਰ ਆਪਣੀਆਂ ਰੱਖੀਆਂ ਚੀਜ਼ਾਂ ਵੀ ਲੋੜ ਪੈਣ 'ਤੇ ਲੱਭ ਨਹੀਂ ਪਾਉਂਦੇ ਪਰ ਔਰਤਾਂ ਨਾ ਸਿਰਫ਼ ਆਪਣੀਆਂ ਚੀਜ਼ਾਂ ਸੁਚੱਜੇ ਢੰਗ ਨਾਲ ਰੱਖਦੀਆਂ ਹਨ ਸਗੋਂ ਘਰ ਵਿਚ ਪੁਰਸ਼ ਅਤੇ ਬੱਚਿਆਂ ਦੀਆਂ ਚੀਜ਼ਾਂ ਜਿਵੇਂ ਕਿ ਬੂਟ, ਕਿਤਾਬਾਂ, ਗੁੰਮ ਹੋਈਆਂ ਚਾਬੀਆਂ ਅਤੇ ਜ਼ਮੀਨ ਜਾਇਦਾਦ ਦੇ ਜ਼ਰੂਰੀ ਕਾਗ਼ਜ਼ ਆਦਿ ਲੱਭ ਕੇ ਦੇਣ ਵਿਚ ਵੀ ਮਾਹਰ ਹੁੰਦੀਆਂ ਹਨ।

### ਸੁਚੱਜੇ ਢੰਗ ਨਾਲ ਕੰਮ ਕਰਨ ਦੀਆਂ ਸ਼ੌਕੀਨ

ਔਰਤਾਂ ਪੁਰਸ਼ਾਂ ਦੇ ਉਲਟ ਹਰ ਕੰਮ ਸਾਫ਼-ਸੁਥਰੇ ਅਤੇ ਸੁਚੱਜੇ ਢੰਗ ਨਾਲ ਕਰਦੀਆਂ ਹਨ। ਪੁਰਸ਼ ਘਰ ਵਿਚ ਗ਼ਲਦੀਆਂ ਚੀਜ਼ਾਂ ਅਤੇ ਮੈਲੇ ਕੱਪੜਿਆਂ ਵੱਲ ਬਹੁਤਾ ਧਿਆਨ ਨਹੀਂ ਦਿੰਦੇ ਪਰ ਔਰਤਾਂ ਇਨ੍ਹਾਂ ਸਾਰੇ ਕੰਮਾਂ ਦਾ ਬਹੁਤ ਖ਼ੂਬਸੂਰਤੀ ਨਾਲ ਧਿਆਨ ਰੱਖਦੀਆਂ ਹਨ। ਉਹ ਇਸ ਗੱਲ ਦਾ ਪੂਰਾ ਖ਼ਿਆਲ ਰੱਖਦੀਆਂ ਹਨ ਕਿ ਘਰ ਦੀ ਹਰੇਕ ਚੀਜ਼ ਸਹੀ ਜਗ੍ਹਾ 'ਤੇ ਰੱਖੀ ਜਾਵੇ। ਬੈੱਡ 'ਤੇ ਕਿਹੜੇ ਰੰਗ ਦੀ ਚਾਦਰ ਵਿਛਾਈ ਜ਼ਿਆਦਾ ਸੋਹਣੀ ਲੱਗੇਗੀ, ਕਿਹੜੇ ਡਿਜ਼ਾਇਨ ਦੇ ਪਰਦੇ ਘਰ ਵਿਚ ਵਧੀਆ ਲੱਗਣਗੇ ਅਤੇ ਇਸ ਤਰ੍ਹਾਂ ਦੀਆਂ ਹੋਰ ਵੀ ਸਜਾਵਟ ਦੀਆਂ ਚੀਜ਼ਾਂ ਦਾ ਧਿਆਨ ਰੱਖਣ ਲਈ ਔਰਤਾਂ ਪੁਰਸ਼ਾਂ ਨਾਲੋਂ ਵੱਧ ਮਾਹਿਰ ਹੁੰਦੀਆਂ ਹਨ।

### ਪੈਸਾ ਜੋੜਨ ਵਿਚ ਮਾਹਰ

ਅਜਿਹਾ ਅਕਸਰ ਵੇਖਣ ਵਿਚ ਆਇਆ ਹੈ ਕਿ ਪੁਰਸ਼ ਪੈਸਾ ਕਮਾਉਣ ਵਿਚ ਤਾਂ ਮਾਹਰ ਹੁੰਦੇ ਹਨ ਪਰ ਪੈਸਾ ਜੋੜਨ ਵਿਚ ਨਹੀਂ। ਔਰਤਾਂ ਨੂੰ ਘਰ ਦਾ ਖ਼ਰਚਾ ਚਲਾਉਣ ਲਈ ਭਾਵੇਂ ਥੋੜ੍ਹਾ ਜਿਹਾ ਪੈਸਾ ਹੀ ਮਿਲੇ, ਉਹ ਉਸ ਪੈਸੇ ਵਿੱਚੋਂ ਵੀ ਆਪਣੀ ਸਮਝਦਾਰੀ ਨਾਲ ਥੋੜ੍ਹੇ-ਥੋੜ੍ਹੇ ਪੈਸੇ ਬਚਾਉਂਦੇ ਇਕ ਚੰਗੀ ਰਕਮ ਜੋੜ ਲੈਂਦੀਆਂ ਹਨ। ਇਸੇ ਤਰ੍ਹਾਂ ਨੌਕਰੀ ਪੇਸ਼ਾ ਔਰਤਾਂ ਜੋ ਭਾਵੇਂ ਘੱਟ ਤਨਖ਼ਾਹ ਵਿਚ ਨੌਕਰੀ ਕਰਨ ਵਾਲੀਆਂ ਹੀ ਹੋਣ, ਫਿਰ ਵੀ ਛੋਟੀਆਂ ਬੱਚਤਾਂ ਨਾਲ ਪੈਸਾ ਜੋੜਨ ਵਿਚ ਮਾਹਰ ਹੁੰਦੀਆਂ ਹਨ। ਔਰਤਾਂ ਨੂੰ ਪੁਰਸ਼ਾਂ ਨਾਲੋਂ ਘੱਟ ਗੁਣੀ ਸਮਝਣ ਵਾਲਿਆਂ ਲਈ ਸ਼ਾਇਦ ਇਹ ਹੈਰਾਨੀ ਵਾਲੀ ਗੱਲ ਹੋਵੇ ਪਰ ਹੈ ਇਕ ਸੱਚਾਈ ਕਿ ਔਰਤਾਂ ਗੁਣੀ ਤਾਂ ਹੁੰਦੀਆਂ ਹੀ ਹਨ ਸਗੋਂ ਉਨ੍ਹਾਂ ਵਿਚ ਅਜਿਹੇ ਕੁਝ ਵਿਸ਼ੇਸ਼ ਗੁਣ ਵੀ ਹੁੰਦੇ ਹਨ ਜੋ ਪੁਰਸ਼ਾਂ ਵਿਚ ਨਹੀਂ ਹੁੰਦੇ। ਪੁਰਸ਼ਾਂ ਨੂੰ ਚਾਹੀਦਾ ਹੈ ਕਿ ਉਹ ਔਰਤਾਂ ਦੇ ਇਨ੍ਹਾਂ ਗੁਣਾਂ ਦੀ ਕਦਰ ਕਰਨ ਅਤੇ ਉਨ੍ਹਾਂ ਦੇ ਵਿਸ਼ੇਸ਼ ਗੁਣਾਂ ਤੋਂ ਲਾਭ ਲੈਣ।

• ਰੋਹਿਤ ਪਲਤਾ (ਪ੍ਰਿੰਸੀਪਲ)
ਮੋਬਾਈਲ : 78377-00375

# ਜੰਗਬੰਦੀ ਦੀ ਵਕਾਲਤ ਕਰਨ ਵਾਲੇ ਸਿਆਸਤਦਾਨ ਨੂੰ ਰੁਖ ਬਦਲਣ ਦੀ ਲੋੜ

ਹਾਲਾਂਕਿ, ਉਸ ਨੇ ਫਲਸਤੀਨੀ ਨਾਗਰਿਕਾਂ ਦੀ ਚਿੰਤਾਜਨਕ ਗਿਣਤੀ ਦੇ ਕਾਰਨ ਜੰਗਬੰਦੀ ਦੀ ਮੰਗ ਵੀ ਕੀਤੀ ਹੈ। ਪ੍ਰਧਾਨ ਮੰਤਰੀ ਨੇਤਨਯਾਹੂ ਨੇ ਜਵਾਬ ਦਿੰਦੇ ਹੋਏ ਕਿਹਾ ਹੈ ਕਿ ਹਮਾਸ ਦੇ ਵਿਰੋਧ ਦਾ ਸਾਹਮਣਾ ਕਰਨ ਦੇ ਬਾਵਜੂਦ ਇਜ਼ਰਾਈਲ ਸੰਘਰਸ਼ ਵਾਲੇ ਖੇਤਰ ਤੋਂ ਨਾਗਰਿਕਾਂ ਨੂੰ ਕੱਢਣ ਲਈ ਹਰ ਕੋਸ਼ਿਸ਼ ਕਰ ਰਿਹਾ ਹੈ, ਜੋ ਉੱਤਰੀ ਗਾਜ਼ਾ ਤੋਂ ਉਨ੍ਹਾਂ ਦੇ ਜਾਣ ਨੂੰ ਰੋਕਣ ਲਈ ਸਰਗਰਮੀ ਨਾਲ ਉਨ੍ਹਾਂ ਨੂੰ ਨਿਸ਼ਾਨਾ ਬਣਾ ਰਿਹਾ ਹੈ। ਪੱਛਮੀ ਨੇਤਾਵਾਂ ਨੇ ਆਪਣੇ-ਆਪਣੇ ਦੇਸ਼ਾਂ ਵਿੱਚ ਫਿਲਸਤੀਨ ਪੱਖੀ ਆਬਾਦੀ ਦੀਆਂ ਪ੍ਰਤੀਕਿਰਿਆਵਾਂ ਦੇ ਕਾਰਨ ਆਪਣੇ ਸ਼ਹਿਰਾਂ ਵਿੱਚ ਸ਼ਾਂਤੀ ਅਤੇ ਵਿਵਸਥਾ ਦੇ ਪ੍ਰਬੰਧਨ ਵਿੱਚ ਸੰਭਾਵਿਤ ਚੁਣੌਤੀਆਂ ਬਾਰੇ ਚਿੰਤਾਵਾਂ ਪ੍ਰਗਟ ਕੀਤੀਆਂ ਹਨ। ਜਨਤਕ ਪ੍ਰਦਰਸ਼ਨਾਂ ਦੌਰਾਨ ਨਫ਼ਰਤ ਵਾਲੇ ਭਾਸ਼ਣ ਪ੍ਰਤੀ ਸਹਿਣਸ਼ੀਲਤਾ ਦਾ ਇੱਕ ਮਹੱਤਵਪੂਰਨ ਪ੍ਰਚਲਨ ਰਿਹਾ ਹੈ, ਅਤੇ ਅਧਿਕਾਰੀਆਂ ਨੇ ਅਜਿਹੀਆਂ ਕਾਰਵਾਈਆਂ ਲਈ ਜਵਾਬਦੇਹ ਵਿਅਕਤੀਆਂ ਦਾ ਪਿੱਛਾ ਕਰਨ ਵਿੱਚ ਦੇਰੀ ਨਾਲ ਜਵਾਬ ਦਿੱਤਾ ਹੈ। ਕਾਰਵਾਈ ਕਰਨ ਵਿੱਚ ਅਸਫਲਤਾ ਸਮਾਜ ਦੀ ਸਮੁੱਚੀ ਸੁਰੱਖਿਆ ਨੂੰ ਕਮਜ਼ੋਰ ਕਰਦੀ ਹੈ, ਨਫ਼ਰਤ ਦੀ ਸਵੀਕ੍ਰਿਤੀ ਨੂੰ ਉਤਸ਼ਾਹਿਤ ਕਰਨ ਵਾਲੀਆਂ ਉਦਾਹਰਣਾਂ ਦੇ ਸੰਬੰਧ ਵਿੱਚ ਸਥਾਪਿਤ ਕਰਦੀ ਹੈ। ਵਰਤਮਾਨ ਵਿੱਚ, ਯਹੂਦੀ ਭਾਈਚਾਰੇ ਪ੍ਰਤੀ ਇੱਕ ਪ੍ਰਚਲਿਤ ਦੁਸ਼ਮਣੀ ਹੈ, ਜੋ ਨਫ਼ਰਤ ਅਤੇ ਅਸਹਿਣਸ਼ੀਲਤਾ ਦੀ ਮੌਜੂਦਗੀ ਦੇ ਚਿੰਤਾਜਨਕ ਸੂਚਕ ਵਜੋਂ ਕੰਮ ਕਰਦੀ ਹੈ। ਇਹ ਪਛਾਣਨਾ ਮਹੱਤਵਪੂਰਨ ਹੈ ਕਿ ਇਹ ਦੁਸ਼ਮਣੀ, ਜੇਕਰ ਇਸ ਦਾ ਹੱਲ ਨਾ ਕੀਤਾ ਜਾਵੇ, ਤਾਂ ਇਸ ਵਿੱਚ ਹੋਰ ਸਮੂਹਾਂ ਤੱਕ ਵੀ ਆਪਣੀ ਪਹੁੰਚ ਵਧਾਉਣ ਦੀ ਸਮਰੱਥਾ ਵੱਧ ਜਾਵੇਗੀ। ਸਿੱਟੇ ਵਜੋਂ, ਯਹੂਦੀ ਲੋਕ ਲਗਾਤਾਰ ਆਪਣੇ ਆਪ ਨੂੰ ਇਸ ਮੁੱਦੇ ਵਿੱਚ ਸਭ ਤੋਂ ਅੱਗੇ ਲੱਭਦੇ ਹਨ, ਵਿਆਪਕ ਆਬਾਦੀ ਦੀ ਸੁਰੱਖਿਆ ਲਈ ਇੱਕ ਚੇਤਾਵਨੀ ਚਿੰਨ੍ਹ ਵਜੋਂ ਕੰਮ ਕਰਦੇ ਹਨ, ਕਿਉਂਕਿ ਉਹਨਾਂ ਦੀ ਭਲਾਈ ਨਾਲ ਸਮਝੌਤਾ ਹੋ ਸਕਦਾ ਹੈ।

ਇਸ ਸਮੇਂ ਗਾਜ਼ਾ ਵਿੱਚ ਜੰਗਬੰਦੀ ਨੂੰ ਲਾਗੂ ਕਰਨਾ ਇੱਕ ਵਿਹਾਰਕ ਹੱਲ ਪੇਸ਼ ਨਹੀਂ ਕਰਦਾ, ਕਿਉਂਕਿ ਇਹ ਅੰਤਰੀਵ ਮੁੱਦਿਆਂ ਨੂੰ ਹੱਲ ਕਰਨ ਵਿੱਚ ਅਸਫਲ ਰਹਿੰਦਾ ਹੈ। ਹਮਾਸ, ਗਾਜ਼ਾ ਵਿੱਚ ਗਵਰਨਿੰਗ ਅਥਾਰਟੀ, ਆਪਣੇ ਗੜ੍ਹ ਨੂੰ ਕਾਇਮ ਰੱਖਦੀ ਹੈ ਅਤੇ ਮੁੜ ਸੰਗਠਿਤ ਕਰਦੀ ਹੈ, ਨਤੀਜੇ ਵਜੋਂ ਚੱਲ ਰਹੀਆਂ ਚੁਣੌਤੀਆਂ ਹਨ। ਇਸ ਤੋਂ ਇਲਾਵਾ, ਫਲਸਤੀਨੀ ਆਬਾਦੀ ਆਪਣੇ ਸ਼ਾਸਨ ਦੇ ਅਧੀਨ ਮੁਸ਼ਕਲਾਂ ਨੂੰ ਸਹਿਣਾ ਜਾਰੀ ਰੱਖਦੀ ਹੈ, ਜਦੋਂ ਕਿ ਇਜ਼ਰਾਈਲ ਇੱਕ ਮਹੱਤਵਪੂਰਨ ਹੋਂਦ ਦੇ ਖ਼ਤਰੇ ਦਾ ਸਾਹਮਣਾ ਕਰ ਰਿਹਾ ਹੈ। ਹਮਾਸ ਨੇ 7 ਅਕਤੂਬਰ, 2023 ਨੂੰ ਆਵਰਤੀ ਆਧਾਰ @ਤੇ ਵਾਪਰੀਆਂ ਘਟਨਾਵਾਂ ਨੂੰ ਦੁਹਰਾਉਣ ਦੇ ਆਪਣੇ ਇਰਾਦੇ ਦਾ ਐਲਾਨ ਕੀਤਾ ਹੈ। ਕੀ ਕੋਈ ਵੀ ਕੌਮ, ਜਦੋਂ ਅਜਿਹੇ ਖ਼ਤਰੇ ਦਾ ਸਾਹਮਣਾ ਕਰਦੀ ਹੈ, ਆਪਣੀ ਹੋਂਦ ਦੀ ਰਾਖੀ ਲਈ ਆਪਣੀਆਂ ਫੌਜੀ ਕਾਰਵਾਈਆਂ ਨੂੰ ਬੰਦ ਕਰਨ ਦੀ ਚੋਣ ਕਰੇਗੀ? ਮਿਆਰ ਇਜ਼ਰਾਈਲ ਲਈ ਵੀ ਇਕਸਾਰ ਰਹਿਣਾ ਚਾਹੀਦਾ ਹੈ। ਜੰਗਬੰਦੀ ਦੀ ਵਕਾਲਤ ਕਰਨ ਵਾਲੇ ਸਿਆਸਤਦਾਨਾਂ ਨੂੰ ਇਸ ਗੱਲ @ਤੇ ਵਿਚਾਰ ਕਰਨੀ ਚਾਹੀਦਾ ਹੈ ਕਿ ਕੀ ਉਨ੍ਹਾਂ ਦੇ ਰੁਖ ਨੂੰ ਬਦਲਿਆ ਜਾਵੇਗਾ ਜੇਕਰ ਉਨ੍ਹਾਂ ਨੂੰ ਆਪਣੀ ਹੀ ਸਰਹੱਦ @ਤੇ ਦੁਸ਼ਮਣ ਵਿਅਕਤੀਆਂ ਦੀ ਮੌਜੂਦਗੀ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਸ ਦੇ ਨਤੀਜੇ ਵਜੋਂ ਉਨ੍ਹਾਂ ਦੇ ਆਪਣੇ ਹੀ ਬੇਕਸੂਰ ਨਾਗਰਿਕਾਂ ਦੀਆਂ ਜਾਨਾਂ ਜਾ ਰਹੀਆਂ ਹਨ।

# ਇਮਰਾਨ ਨੂੰ ਮਿੱਠੀ ਜਿਹੀ ਫਿਟਕਾਰ

ਪਾਕਿਸਤਾਨ ਸੁਪਰੀਮ ਕੋਰਟ ਦੇ ਚੀਫ ਜਸਟਿਸ ਕਾਜ਼ੀ ਫ਼ੈਜ਼ ਈਸਾ ਨੇ ਸਾਬਕਾ ਵਜ਼ੀਰੇ ਆਜ਼ਮ ਤੇ ਪਾਕਿਸਤਾਨ ਤਹਿਰੀਕ-ਇ-ਇਨਸਾਫ਼ ਪਾਰਟੀ ਦੇ ਨੇਤਾ ਇਮਰਾਨ ਖ਼ਾਨ ਦੇ ਤੌਖ਼ਲਿਆਂ ਨੂੰ ਖਾਰਿਜ ਕਰਦਿਆਂ ਸਪਸ਼ਟ ਕੀਤਾ ਹੈ ਕਿ ਉਹ ਆਪਣੀਆਂ ਸੰਵਿਧਾਨਕ ਜ਼ਿੰਮੇਵਾਰੀਆਂ ਤੇ ਫ਼ਰਜ਼ਾਂ ਨੂੰ ਤਨਦੇਹੀ ਨਾਲ ਨਿਭਾਉਣ ਲਈ ਵਚਨਬੱਧ ਹਨ। ਇਮਰਾਨ ਖ਼ਾਨ ਵੱਲੋਂ ਭੇਜੀ ਗਈ ਇਕ ਦਰਖਾਸਤ ਦੇ ਜਵਾਬ ਵਿਚ ਚੀਫ ਜਸਟਿਸ ਦੇ ਦਫ਼ਤਰ ਵੱਲੋਂ ਜਾਰੀ ਇਕ ਪ੍ਰੈੱਸ ਰਿਲੀਜ਼ ਵਿਚ ਜਸਟਿਸ ਫ਼ੈਜ਼ ਈਸਾ ਨੇ ਸਾਬਕਾ ਵਜ਼ੀਰੇ ਆਜ਼ਮ ਨੂੰ ਹਲਕੀ ਜਹੀ ਫਿਟਕਾਰ ਵੀ ਲਾਈ ਹੈ ਅਤੇ ਕਿਹਾ ਹੈ ਕਿ ਸੁਪਰੀਮ ਕੋਰਟ ਹਰੇਕ ਪਾਕਿਸਤਾਨੀ ਨਾਗਰਿਕ ਨੂੰ ਪਾਕਿਸਤਾਨੀ ਕਾਇਦਾ-ਕਾਨੂੰਨਾਂ ਤੇ ਇਨਸਾਨੀ ਤਕਾਜ਼ਿਆਂ ਮੁਤਾਬਿਕ ਇਨਸਾਫ਼ ਦੇਣ ਦੇ ਸਮਰੱਥ ਹੈ। ਜ਼ਿਕਰਯੋਗ ਹੈ ਕਿ ਇਮਰਾਨ ਖ਼ਾਨ ਨੇ ਆਪਣੀ ਦਰਖ਼ਾਸਤ ਵਿਚ ਕਿਹਾ ਸੀ ਕਿ ਉਨ੍ਹਾਂ ਦੀ ਪਾਰਟੀ ਦੇ ਸਿਆਸੀ ਤੇ ਸੰਵਿਧਾਨਕ ਹੱਕਾਂ ਦੀ ਰਾਖੀ ਕੀਤੀ ਜਾਵੇ, ਇਸ ਦੇ ਕਾਰਕੁਨਾਂ ਤੇ ਪੀ.ਟੀ.ਆਈ.-ਪੱਖੀ ਮੀਡੀਆ ਕਰਮੀਆਂ ਨੂੰ ਅਗਵਾ ਤੇ ਗੁੰਮ ਕਰਨ ਦੀਆਂ ਵਾਰਦਾਤਾਂ ਰੁਕਵਾਈਆਂ ਜਾਣ ਅਤੇ ਪਾਰਟੀ ਨੂੰ ਚੋਣ ਪ੍ਰਚਾਰ ਕਰਨ ਦੀ ਖੁੱਲ੍ਹ ਦੇਣ ਦੇ ਨਾਲ ਨਾਲ ਕੌਮੀ ਚੋਣਾਂ ਵਿਚ ਸਭਨਾਂ ਪਾਰਟੀਆਂ ਨੂੰ ਪ੍ਰਚਾਰ ਕਰਨ ਦੇ ਇਕੋ ਜਿਹੇ ਹੱਕ ਪ੍ਰਦਾਨ ਕੀਤੇ ਜਾਣ। ਇਹ ਦਰਖ਼ਾਸਤਨੁਮਾ ਖ਼ਤ ਵੀਰਵਾਰ ਨੂੰ ਚੀਫ ਜਸਟਿਸ ਨੂੰ ਭੇਜਿਆ ਗਿਆ।

ਜਵਾਬ ਵਿਚ ਚੀਫ ਜਸਟਿਸ ਈਸਾ ਦੇ ਸਕੱਤਰ ਡਾ. ਮੁਸ਼ਤਾਕ ਮੁਹੰਮਦ ਅਹਿਮਦ ਨੇ ਇਕ ਦਸਤਖ਼ਤਸ਼ੁਦਾ ਪ੍ਰੈੱਸ ਰਿਲੀਜ਼ ਜਾਰੀ ਕਰਦਿਆਂ ਇਹ ਲਿਖਿਆ ਹੈ: "ਸ਼ੁੱਕਰਵਾਰ ਨੂੰ 7 ਸਫ਼ਿਆਂ ਦੀ ਖ਼ਤਨੁਮਾ ਦਰਖ਼ਾਸਤ ਮਿਲੀ। ਇਹ ਪੀਲੇ ਰੰਗ ਦੇ ਗੱਤੇ ਵਾਲੇ ਫਾਈਲ ਕਵਰ ਦੇ ਅੰਦਰ ਸੀ। ਇਸ ਉੱਤੇ ਵੀਰਵਾਰ ਦੀ ਤਾਰੀਖ਼ ਤੇ ਦਿਨ ਦਰਜ ਸਨ। ਇਸ ਨੂੰ 'ਗੁਪਤ' ਵੀ ਦੱਸਿਆ ਗਿਆ ਸੀ ਅਤੇ ਪੀਲੇ ਰੰਗ ਵਾਲਾ ਕਵਰ, ਲਿਫ਼ਾਫ਼ੇ ਦੇ ਅੰਦਰ ਸੀਲਬੰਦ ਸੀ। ਸ਼ੁੱਕਰਵਾਰ ਨੂੰ ਪੁੱਜਣ ਵਾਲਾ ਇਹ ਸੀਲਬੰਦ ਖ਼ਤ ਵੀਰਵਾਰ ਨੂੰ ਮੀਡੀਆ ਕਰਮੀਆਂ ਕੋਲ ਕਿਵੇਂ ਪੁੱਜ ਗਿਆ, ਇਸ ਤੋਂ ਜ਼ਾਹਿਰ ਹੈ ਕਿ ਇਹ ਜਾਣ-ਬੁੱਝ ਕੇ ਲੀਕ ਕੀਤਾ ਗਿਆ। ਅਹਿਮ ਗੱਲ ਇਹ ਵੀ ਹੈ ਕਿ ਖ਼ਤਨੁਮਾ ਦਸਤਾਵੇਜ਼ ਉੱਪਰ ਨਾ ਕਿਸੇ ਵਕੀਲ ਦੇ ਦਸਤਖ਼ਤ ਹਨ ਅਤੇ ਨਾ ਹੀ ਇਹ ਦਰਜ ਹੈ ਕਿ ਦਰਖ਼ਾਸਤ ਲਿਖਣ ਵਾਲਾ ਸ਼ਖ਼ਸ ਕੌਣ ਹੈ। ਜਦੋਂ ਕੋਈ ਧਿਰ ਆਪਣੀਆਂ ਸਫ਼ਾਂ ਵਿਚ ਵਕੀਲਾਂ ਦੀ ਬਹੁਤਾਤ ਦੇ ਬਾਵਜੂਦ ਵਕੀਲ ਜਾਂ ਦਰਖ਼ਾਸਤਕਾਰ ਦੇ ਦਸਤਖ਼ਤਾਂ ਤੋਂ ਬਿਨਾਂ ਕੋਈ ਦਸਤਾਵੇਜ਼ ਭੇਜੇ ਤਾਂ ਦਸਤਾਵੇਜ਼ ਦੀ ਪ੍ਰਮਾਣਿਕਤਾ 'ਤੇ ਸ਼ੱਕ ਹੋਣਾ ਸੁਭਾਵਿਕ ਹੈ। ਬਹਰਹਾਲ, ਚੀਫ ਜਸਟਿਸ ਇਹ ਯਕੀਨਦਹਾਨੀ ਕਰਦੇ ਹਨ ਕਿ ਉਹ ਜਾਂ ਸੁਪਰੀਮ ਕੋਰਟ ਆਪਣੀਆਂ ਜ਼ਿੰਮੇਵਾਰੀਆਂ ਤੇ ਫ਼ਰਜ਼ ਮੁਨਸਿਫ਼ਾਨਾ ਢੰਗ ਨਾਲ ਨਿਭਾਉਣਗੇ।



ਅਖ਼ਬਾਰ 'ਡਾਅਨ' ਦੀ ਰਿਪੋਰਟ ਅਨੁਸਾਰ ਚੀਫ਼ ਜਸਟਿਸ ਨੇ ਪੀ.ਟੀ.ਆਈ. ਵੱਲੋਂ ਖੇਡੇ ਗਏ ਪੈਂਤੜੇ ਨੂੰ ?ਇਸ ਤਰ੍ਹਾਂ ਨਾਕਾਮ ਬਣਾ ਕੇ ਦਰਸਾ ਦਿੱਤਾ ਹੈ ਕਿ ਉਹ ਬੇਲੋੜੇ ਵਿਵਾਦ ਖੜ੍ਹੇ ਨਹੀਂ ਹੋਣ ਦੇਣਗੇ ਅਤੇ ਸੁਪਰੀਮ ਕੋਰਟ ਨੂੰ ਸਿਆਸੀ ਖਿੱਚੋਤਾਣ ਦਾ ਅਖਾੜਾ ਨਹੀਂ ਬਣਨ ਦੇਣਗੇ। ਜ਼ਿਕਰਯੋਗ ਹੈ ਕਿ 2019 ਵਿਚ ਇਮਰਾਨ ਖ਼ਾਨ ਦੀ ਸਰਕਾਰ ਨੇ ਰਾਸ਼ਟਰਪਤੀ ਕੋਲ ਜਸਟਿਸ ਈਸਾ ਖਿਲਾਫ਼ ਇਕ ਸ਼ਿਕਾਇਤ ਭੇਜ ਕੇ ਢੁਕਵੀਂ ਕਾਰਵਾਈ ਦੀ ਮੰਗ ਕੀਤੀ ਸੀ। ਇਸ ਸ਼ਿਕਾਇਤ ਵਿਚ ਦੋਸ਼ ਲਾਇਆ ਗਿਆ ਸੀ ਕਿ ਜਸਟਿਸ ਈਸਾ ਨੇ ਵਿਦੇਸ਼ਾਂ ਵਿਚਲੀ ਆਪਣੀ ਜਾਇਦਾਦ ਤੇ ਹੋਰ ਅਸਾਸਿਆਂ ਦੇ ਵੇਰਵੇ ਸਰਕਾਰ ਤੇ ਟੈਕਸ ਰਿਟਰਨਾਂ ਵਿਚ ਛੁਪਾਏ। ਇਸੇ ਸ਼ਿਕਾਇਤ ਦੇ ਆਧਾਰ 'ਤੇ ਤਤਕਾਲੀ ਚੀਫ ਜਸਟਿਸ ਉਮਰ ਅਤਾ ਬੰਦਿਆਲ ਨੇ ਜਸਟਿਸ ਕਾਜ਼ੀ ਫ਼ੈਜ਼ ਈਸਾ ਤੋਂ ਬਹੁਤ ਸਾਰੇ ਅਧਿਕਾਰ ਖੋਹ ਲਏ ਸਨ। ਇਹ ਵੱਖਰੀ ਗੱਲ ਹੈ ਕਿ ਰਾਜ ਗੱਦੀ ਤੋਂ ਲਾਹੇ ਜਾਣ ਮਗਰੋਂ 2022 ਵਿਚ ਇਮਰਾਨ ਨੇ ਕਬੂਲਿਆ ਸੀ ਕਿ ਉਪਰੋਕਤ ਸ਼ਿਕਾਇਤ ਇਕ ਵੱਡੀ ਗ਼ਲਤੀ ਸੀ ਅਤੇ ਉਸ ਨੂੰ ਨਿਆਂਪਾਲਿਕਾ ਵਿਚ ਸਿਆਸਤ ਘੁਸੇੜਨ ਤੋਂ ਗੁਰੇਜ਼ ਕਰਨਾ ਚਾਹੀਦਾ ਸੀ।

**ਏਅਰਲਾਈਨਜ਼ ਮੁਲਾਜ਼ਮ ਲਾਪਤਾ**

ਪਾਕਿਸਤਾਨੀ ਕੰਪਨੀਆਂ, ਖ਼ਾਸ ਕਰਕੇ ਹਵਾਬਾਜ਼ੀ ਕੰਪਨੀਆਂ ਦੇ ਕਰਮਚਾਰੀਆਂ ਵੱਲੋਂ ਉੱਤਰ ਅਮਰੀਕੀ ਜਾਂ ਯੂਰੋਪੀਅਨ ਮੁਲਕਾਂ ਵਿਚੋਂ ਲਾਪਤਾ ਹੋਣ ਦੀਆਂ ਘਟਨਾਵਾਂ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਪਾਕਿਸਤਾਨ ਦੀ ਕੌਮੀ ਹਵਾਬਾਜ਼ੀ ਕੰਪਨੀ ਪੀ.ਆਈ.ਏ. ਦਾ ਇਕ ਮੁਲਾਜ਼ਮ ਜੁਨੈਦ ਕੁਰੈਸ਼ੀ, ਪਾਕਿਸਤਾਨੀ ਅਧਿਕਾਰੀਆਂ ਤੇ ਕੈਨੇਡੀਅਨ ਪੁਲੀਸ ਵੱਲੋਂ ਗੁੰਮਸ਼ੁਦਾ ਕਰਾਰ ਦਿੱਤਾ ਗਿਆ ਹੈ। ਉਹ ਵੀਰਵਾਰ ਨੂੰ ਪੀ.ਆਈ.ਏ. ਦੀ ਲਾਹੌਰ-ਟੋਰਾਂਟੋ ਉਡਾਨ ਅਮਲੇ ਦੇ ਮੈਂਬਰ ਵਜੋਂ ਟੋਰਾਂਟੋ ਪਹੁੰਚਿਆ ਸੀ, ਪਰ ਸ਼ਨਿੱਚਰਵਾਰ ਨੂੰ ਵਾਪਸੀ ਉਡਾਨ ਵੇਲੇ ਉਹ ਹਾਜ਼ਰ ਨਹੀਂ ਹੋਇਆ। ਉਸ ਦਾ ਫ਼ੋਨ ਵੀ ਬੰਦ ਹੈ ਅਤੇ ਜਿਸ ਪਤੇ 'ਤੇ ਉਸ ਨੇ ਰਾਤ ਰਹਿਣੀ ਸੀ ਉਸ ਦੇ ਵੇਰਵੇ ਵੀ ਗ਼ਲਤ ਨਿਕਲੇ ਹਨ। ਪਹਿਲਾਂ ਨਵੰਬਰ ਮਹੀਨੇ ਦੇ ਪਹਿਲੇ ਹਫ਼ਤੇ ਪੀ.ਆਈ.ਏ. ਦੇ ਹੀ ਦੋ ਹੋਰ ਕਰਮਚਾਰੀ- ਖ਼ਾਲਿਦ ਅਫ਼ਰੀਦੀ ਤੇ ਫ਼ਿਦਾ ਸ਼ਾਹ ਇਸਲਾਮਾਬਾਦ-ਟੋਰਾਂਟੋ ਉਡਾਨ ਦੇ ਟੋਰਾਂਟੋ ਪੁੱਜਣ ਤੋਂ ਬਾਅਦ ਲਾਪਤਾ ਹੋ ਗਏ ਸਨ। ਅਖ਼ਬਾਰ 'ਪਾਕਿਸਤਾਨ ਆਬਜ਼ਰਵਰ' ਦੀ ਰਿਪੋਰਟ ਅਨੁਸਾਰ ਸਾਲ 2023 ਦੌਰਾਨ 17 ਪਾਕਿਸਤਾਨੀ ਕੰਪਨੀਆਂ ਦੇ 283 ਕਰਮਚਾਰੀ ਵਿਦੇਸ਼ੀ ਦੌਰਿਆਂ ਦੌਰਾਨ ਲਾਪਤਾ ਹੋਏ ਹਨ। ਪਾਕਿਸਤਾਨੀ ਵਿਦੇਸ਼ ਦਫ਼ਤਰ ਦਾ ਕਹਿਣਾ ਹੈ ਕਿ ਪਾਕਿਸਤਾਨ ਸਰਕਾਰ ਅਜਿਹੀਆਂ ਗੁੰਮਸ਼ੁਦਗੀਆਂ ਦੀ ਸੰਜੀਦਗੀ ਨਾਲ ਜਾਂਚ ਕਰਵਾ ਰਹੀ ਹੈ ਤਾਂ ਜੋ ਇਨ੍ਹਾਂ ਕਾਰਨ ਹੋਣ ਵਾਲੀ ਪਾਕਿਸਤਾਨ ਦੀ ਬਦਨਾਮੀ ਰੋਕੀ ਜਾ ਸਕੇ।

**ਬਿਲਾਵਲ ਦੇ ਤਿੱਖੇ ਤੇਵਰ**

ਪਾਕਿਸਤਾਨ ਪੀਪਲਜ਼ ਪਾਰਟੀ (ਪੀ.ਪੀ.ਪੀ.) ਦੇ ਮੁਖੀ ਬਿਲਾਵਲ ਭੁੱਟੋ-ਜ਼ਰਦਾਰੀ ਨੇ ਕਿਹਾ ਹੈ ਕਿ ਕੌਮੀ ਸੰਵਿਧਾਨ ਦੀ 18ਵੀਂ ਤਰਮੀਮ ਖ਼ਤਮ ਕਰਨ ਦੀਆਂ ਕੋਸ਼ਿਸ਼ਾਂ ਨੂੰ ਕਾਮਯਾਬ ਨਹੀਂ ਹੋਣ ਦਿੱਤਾ ਜਾਵੇਗਾ। ਜੇ ਇਹ ਤਰਮੀਮ ਖ਼ਤਮ ਹੋ ਗਈ ਤਾਂ ਭ੍ਰਿਸ਼ਟ ਸਿਆਸਤਦਾਨਾਂ ਤੇ ਅਧਿਕਾਰੀਆਂ ਦੀ ਜਵਾਬਦੇਹੀ ਵੀ ਖ਼ਤਮ ਹੋ ਜਾਵੇਗੀ। ਕੋਇਟਾ ਵਿਚ ਸ਼ਨਿੱਚਰਵਾਰ ਨੂੰ ਆਪਣੀ ਪਾਰਟੀ ਦੀ ਇਕ ਵਿਸ਼ਾਲ ਰੈਲੀ ਨੂੰ ਸੰਬੋਧਨ ਕਰਦਿਆਂ ਬਿਲਾਵਲ ਨੇ ਕਿਹਾ ਕਿ ਜੇਕਰ ਪੀ.ਐਮ.ਐੱਲ.-ਐੱਨ. ਦੇ ਨੇਤਾ ਨਵਾਜ਼ ਸ਼ਰੀਫ਼ 8 ਫਰਵਰੀ 2024 ਦੀਆਂ ਆਮ ਚੋਣਾਂ ਮਗਰੋਂ ਮੁਲਕ ਦੇ ਨੇਤਾ ਬਣ ਗਏ ਤਾਂ ਉਹ ਮੁਲਕ ਨੂੰ ਲੁੱਟ ਕੇ ਖਾ ਜਾਣਗੇ। ਉਨ੍ਹਾਂ ਮੰਨਿਆ ਕਿ ਪੀ.ਟੀ.ਆਈ. ਨੇਤਾ ਇਮਰਾਨ ਖ਼ਾਨ ਨੂੰ ਗੱਦੀਓਂ ਲਾਹੁਣ ਵਿਚ ਪਾਕਿਸਤਾਨ ਪੀਪਲਜ਼ ਪਾਰਟੀ ਨੇ ਪਾਕਿਸਤਾਨ ਮੁਸਲਿਮ ਲੀਗ-ਨਵਾਜ਼ ਦਾ ਭਰਪੂਰ ਸਾਥ ਦਿੱਤਾ, ਪਰ ਹੁਣ ਹਾਲਾਤ ਬਦਲ ਚੁੱਕੇ ਹਨ। ਲਿਹਾਜ਼ਾ, ਨਵਾਜ਼ ਸ਼ਰੀਫ਼ ਨੂੰ ਇਹ ਨਹੀਂ ਸਮਝ ਲੈਣਾ ਚਾਹੀਦਾ ਕਿ ਕੌਮੀ ਚੋਣਾਂ ਦੌਰਾਨ ਸਭ ਕੁਝ ਉਸ ਦੀ ਪਾਰਟੀ ਲਈ ਭਲਾ ਹੋਵੇਗਾ।

**ਕੌਮੀ ਅਸੈਂਬਲੀ ਦੀਆਂ ਸੀਟਾਂ ਘਟੀਆਂ**


ਪਾਕਿਸਤਾਨ ਦੇ ਚੋਣ ਕਮਿਸ਼ਨ (ਈ.ਸੀ.ਪੀ.) ਨੇ ਨਵੀਂ ਹੱਦਬੰਦੀ ਮਗਰੋਂ ਕੌਮੀ ਅਸੈਂਬਲੀ ਦੀਆਂ ਸੀਟਾਂ ਘਟਾ ਕੇ 336 ਕਰ ਦਿੱਤੀਆਂ ਹਨ। ਪਹਿਲਾਂ ਇਹ 342 ਸਨ। ਰੋਜ਼ਨਾਮਾ 'ਦੁਨੀਆ' ਦੀ ਰਿਪੋਰਟ ਅਨੁਸਾਰ ਈ.ਸੀ.ਪੀ. ਨੇ ਕੌਮੀ ਅਸੈਂਬਲੀ ਦੀਆਂ ਅਸਲ ਸੀਟਾਂ 272 ਤੋਂ ਘਟਾ ਕੇ 266 ਕੀਤੀਆਂ ਸਨ। ਬਾਕੀ 70 ਸੀਟਾਂ ਦੋਹਰੀ ਪ੍ਰਤੀਨਿਧਤਾ ਵਾਲੀਆਂ ਹਨ। ਇਨ੍ਹਾਂ ਵਿਚੋਂ 60 ਖ਼ਵਾਤੀਨ (ਔਰਤਾਂ) ਲਈ ਰਾਖਵੀਆਂ ਹਨ। ਸਭ ਤੋਂ ਵੱਡੀ 6 ਸੀਟਾਂ ਦੀ ਕਟੌਤੀ ਖ਼ੈਬਰ-ਪਖ਼ਤੂਨਖ਼ਵਾ ਸੂਬੇ ਵਿਚ ਕੀਤੀ ਗਈ ਹੈ। ਉੱਥੋਂ ਦੀਆਂ ਪਾਰਲੀਮਾਨੀ ਸੀਟਾਂ ਦੀ ਗਿਣਤੀ ਹੁਣ 51 ਦੇ ਮੁਕਾਬਲੇ 45 ਹੋਵੇਗੀ। ਪੰਜਾਬ, ਸਿੰਧ ਤੇ ਬਲੋਚਿਸਤਾਨ ਸੂਬਿਆਂ ਵਿਚ ਕੋਈ ਤਬਦੀਲੀ ਨਹੀਂ ਕੀਤੀ ਗਈ। ਸੀਟਾਂ ਦੀ ਸੂਬੇਵਾਰ ਗਿਣਤੀ ਹੁਣ ਇਸ ਤਰ੍ਹਾਂ ਹੋਵੇਗੀ: ਪੰਜਾਬ 141, ਸਿੰਧ 61, ਖ਼ੈਬਰ ਪਖ਼ਤੂਨਖ਼ਵਾ 45, ਬਲੋਚਿਸਤਾਨ 16 ਅਤੇ ਇਸਲਾਮਾਬਾਦ ਕੈਪੀਟਲ ਏਰੀਆ- ਤਿੰਨ।

# ਅਗਿਆਨਤਾ ਦੀ ਭਾਸ਼ਾ ਹੈ ਅੰਗਰੇਜ਼ੀ

ਪੰਜਾਬ ਸਰਕਾਰ ਦੀ ਸਿੱਖਿਆ ਮੰਤਰੀ ਅਰੁਣਾ ਚੌਧਰੀ ਨੇ ਪਿਛਲੇ ਦਿਨੀਂ ਬਿਆਨ ਦਿੱਤਾ ਸੀ ਕਿ ਪੰਜਾਬ ਦੇ ਚਾਰ ਸੌ ਹੋਰ ਸਰਕਾਰੀ ਸਕੂਲਾਂ ਵਿੱਚ ਸਿੱਖਿਆ ਦਾ ਮਾਧਿਅਮ ਅੰਗਰੇਜ਼ੀ ਕੀਤਾ ਜਾਵੇਗਾ। ਇਸ ਤੋਂ ਕੁਝ ਦਿਨ ਬਾਅਦ ਹੀ ਭਾਰਤ ਸਰਕਾਰ ਦੇ ਸਿੱਖਿਆ ਮੰਤਰੀ ਪ੍ਰਕਾਸ਼ ਜਾਵੜੇਕਰ ਨੇ ਪੰਜਾਬ ਦੀ ਹੀ ਰਾਜਧਾਨੀ ਚੰਡੀਗੜ੍ਹ ਵਿੱਚ ਬਿਆਨ ਦਿੱਤਾ ਸੀ ਕਿ ਅੰਗਰੇਜ਼ੀ ਕਿਸੇ ਰਾਜ ਦੀ ਸਰਕਾਰੀ ਭਾਸ਼ਾ ਨਹੀਂ ਹੋ ਸਕਦੀ ਤੇ ਇਹ ਭਰਮ ਹੈ ਕਿ ਅੰਗਰੇਜ਼ੀ ਨਾਲ ਹੀ ਵਿਕਾਸ ਹੋ ਸਕਦਾ ਹੈ। ਦੋਹਾਂ ਮੰਤਰੀਆਂ ਦੇ ਬਿਆਨਾਂ ਦੀ ਤੁਲਨਾ ਹੀ ਦੱਸ ਦਿੰਦੀ ਹੈ ਕਿ ਭਾਸ਼ਾ ਦੇ ਮਾਮਲਿਆਂ ਬਾਰੇ ਭਾਰਤੀ ਨੀਤੀਕਾਰ ਬੜੀ ਉਲਝਣ ਦੀ ਸਥਿਤੀ ਵਿੱਚ ਹਨ।

ਪਰ ਪ੍ਰਕਾਸ਼ ਜਾਵੜੇਕਰ ਦਾ ਬਿਆਨ ਵੀ ਕੇਵਲ ਬਿਆਨ ਮਾਤਰ ਹੈ ਤੇ ਕੋਈ ਸਬੂਤ ਹਾਸਲ ਨਹੀਂ ਹੈ ਕਿ ਭਾਜਪਾ ਦੀ ਸਰਕਾਰ ਭਾਰਤੀ ਭਾਸ਼ਾਵਾਂ ਨੂੰ ਉਨ੍ਹਾਂ ਦਾ ਘਰ ਵਾਪਸ ਦਿਵਾਉਣ ਲਈ ਕੋਈ ਠੋਸ ਹੀਲਾ ਕਰ ਰਹੀ ਹੈ। ਭਾਰਤ ਵਿੱਚ ਜਿੰਨੀ ਰਾਜਸੀ ਏਕਤਾ ਅੰਗਰੇਜ਼ੀ ਭਾਸ਼ਾ ਦੇ ਹੱਕ ਵਿੱਚ ਮਿਲਦੀ ਹੈ ਓਨੀ ਸ਼ਾਇਦ ਹੀ ਕਿਸੇ ਹੋਰ ਸਵਾਲ 'ਤੇ ਮਿਲਦੀ ਹੋਵੇ।

ਇਹ ਏਕਤਾ ਪ੍ਰਸ਼ੰਸਾਯੋਗ ਵੀ ਹੋ ਸਕਦੀ ਸੀ ਜੇ ਇਹ ਭਾਰਤ ਵਿੱਚ ਅਗਿਆਨਤਾ ਦਾ ਪਸਾਰ ਕਰਨ ਵਾਲੀ ਭਾਸ਼ਾ ਅੰਗਰੇਜ਼ੀ ਦੇ ਹੱਕ ਵਿੱਚ ਨਾ ਹੁੰਦੀ। ਹੋਰ ਤਾਂ ਹੋਰ, ਅੰਗਰੇਜ਼ੀ ਮਾਧਿਅਮ ਦਾ ਇਹ ਝੁਰਲੂ ਤਾਂ ਚੰਗੀ ਤਰ੍ਹਾਂ ਅੰਗਰੇਜ਼ੀ ਸਿੱਖਣ ਲਈ ਵੀ ਨੁਕਸਾਨਦੇਹ ਹੈ; ਦੁਨੀਆਂ ਭਰ ਦੀ ਖੋਜ ਅਤੇ ਵਿਹਾਰ ਇਹ ਦੱਸਦਾ ਹੈ ਕਿ ਜੇ ਬਾਕੀ ਗੱਲਾਂ ਇੱਕੋ ਜਿਹੀਆਂ ਹੋਣ (ਜਿਵੇਂ ਕਿ ਪੜ੍ਹਾਈ ਦਾ ਪੱਧਰ ਤੇ ਬੱਚੇ ਦਾ ਸਮਾਜਿਕ ਪਿਛੋਕੜ, ਆਦਿ) ਤਾਂ ਮਾਤ ਭਾਸ਼ਾ ਮਾਧਿਅਮ ਵਿੱਚ ਪੜ੍ਹਨ ਵਾਲਾ ਅਤੇ ਵਿਦੇਸ਼ੀ ਭਾਸ਼ਾ ਨੂੰ ਇੱਕ ਵਿਸ਼ੇ ਵਜੋਂ ਪੜ੍ਹਨ ਵਾਲਾ ਬੱਚਾ ਵਿਦੇਸ਼ੀ ਭਾਸ਼ਾ ਵੀ ਉਸ ਬੱਚੇ ਨਾਲੋਂ ਬਿਹਤਰ ਸਿੱਖਦਾ ਹੈ ਜਿਸ ਨੂੰ ਸ਼ੁਰੂ ਤੋਂ ਹੀ ਵਿਦੇਸ਼ੀ ਭਾਸ਼ਾ ਮਾਧਿਅਮ ਵਿੱਚ ਪੜ੍ਹਾਇਆ ਜਾਂਦਾ ਹੈ। ਸੰਯੁਕਤ ਰਾਸ਼ਟਰ ਸੰਘ ਦੇ ਸਿੱਖਿਆ ਬਾਰੇ ਸੰਗਠਨ ਯੂਨੈਸਕੋ ਵੱਲੋਂ ਸਾਲ 2008 ਵਿੱਚ 'ਇੰਪਰੂਵਮੈਂਟ ਇਨ ਦਿ ਕੁਆਲਟੀ ਆਫ ਮਦਰ ਟੰਗ ਬੇਸਡ ਲਿਟਰੇਸੀ ਐਂਡ ਲਰਨਿੰਗ' ਨਾਂ ਦੀ ਪੁਸਤਕ ਵਿਚਲੀ ਇਹ ਟੂਕ ਇਹੀ ਦੱਸਦੀ ਹੈ (ਪੰਨਾ 12): ਸਾਡੇ ਰਾਹ ਵਿੱਚ ਵੱਡੀ ਰੁਕਾਵਟ ਭਾਸ਼ਾ ਤੇ ਸਿੱਖਿਆ ਬਾਰੇ ਕੁਝ ਅੰਧ-ਵਿਸ਼ਵਾਸ ਹਨ ਤੇ ਲੋਕਾਂ ਦੀਆਂ ਅੱਖਾਂ ਖੋਲ੍ਹਣ ਲਈ ਇਨ੍ਹਾਂ ਅੰਧ-ਵਿਸ਼ਵਾਸਾਂ ਦਾ ਭਾਂਡਾ ਭੰਨਣਾ ਚਾਹੀਦਾ ਹੈ। ਅਜਿਹਾ ਹੀ ਇੱਕ ਅੰਧ-ਵਿਸ਼ਵਾਸ ਇਹ ਹੈ ਕਿ ਵਿਦੇਸ਼ੀ ਭਾਸ਼ਾ ਸਿੱਖਣ ਦਾ ਵਧੀਆ ਤਰੀਕਾ ਇਸ ਦੀ ਪੜ੍ਹਾਈ ਦੇ ਮਾਧਿਅਮ ਵਜੋਂ ਵਰਤੋਂ ਹੈ। (ਅਸਲ ਵਿੱਚ, ਹੋਰ ਭਾਸ਼ਾ ਨੂੰ ਇੱਕ ਵਿਸ਼ੇ ਵਜੋਂ ਪੜ੍ਹਨਾ ਵਧੇਰੇ ਕਾਰਗਰ ਹੁੰਦਾ ਹੈ)। ਦੂਜਾ ਅੰਧ-ਵਿਸ਼ਵਾਸ ਇਹ ਹੈ ਕਿ ਵਿਦੇਸ਼ੀ ਭਾਸ਼ਾ ਸਿੱਖਣ ਲਈ ਜਿੰਨਾ ਛੇਤੀ ਸ਼ੁਰੂ ਕੀਤਾ ਜਾਏ ਓਨਾ ਚੰਗਾ ਹੈ। (ਛੇਤੀ ਸ਼ੁਰੂ ਕਰਨ ਨਾਲ ਲਹਿਜ਼ਾ ਤਾਂ ਬਿਹਤਰ ਹੋ ਸਕਦਾ ਹੈ ਪਰ ਲਾਭ ਦੀ ਸਥਿਤੀ ਵਿੱਚ ਉਹ ਸਿੱਖਣ ਵਾਲਾ ਹੁੰਦਾ ਹੈ ਜੋ ਮਾਤ ਭਾਸ਼ਾ 'ਤੇ ਚੰਗੀ ਮੁਹਾਰਤ ਹਾਸਲ ਕਰ ਚੁੱਕਿਆ ਹੋਵੇ)। ਤੀਜਾ ਅੰਧ-ਵਿਸ਼ਵਾਸ ਇਹ ਹੈ ਕਿ ਮਾਤ ਭਾਸ਼ਾ ਵਿਦੇਸ਼ੀ ਭਾਸ਼ਾ ਸਿੱਖਣ ਦੇ ਰਾਹ ਵਿੱਚ ਰੁਕਾਵਟ ਹੈ। (ਮਾਤ ਭਾਸ਼ਾ ਵਿੱਚ ਮਜ਼ਬੂਤ ਨੀਂਹ ਨਾਲ ਵਿਦੇਸ਼ੀ ਭਾਸ਼ਾ ਬਿਹਤਰ ਸਿੱਖੀ ਜਾਂਦੀ ਹੈ)। ਸਪਸ਼ਟ ਹੈ ਕਿ ਇਹ ਅੰਧ-ਵਿਸ਼ਵਾਸ ਹਨ ਅਸਲੀਅਤ ਨਹੀਂ, ਪਰ ਫਿਰ ਵੀ ਇਹ ਨੀਤੀ ਘਾੜਿਆਂ ਦੀ ਇਸ ਸੁਆਲ 'ਤੇ ਅਗਵਾਈ ਕਰਦੇ ਹਨ ਕਿ ਭਾਰੂ ਭਾਸ਼ਾ ਕਿਵੇਂ ਸਿੱਖੀ ਜਾਵੇ। ਇਹ ਪੁਸਤਕ 5 ਮਹਾਂਦੀਪਾਂ ਦੇ 12 ਦੇਸਾਂ ਵਿੱਚ ਹੋਈ ਪੜਤਾਲ ਦਾ ਨਤੀਜਾ ਹੈ। ਇਸ ਪੜਤਾਲ ਲਈ ਪੈਸਾ ਵਿਸ਼ਵ ਬੈਂਕ ਨੇ ਦਿੱਤਾ ਸੀ।




ਇਸ ਮਾਮਲੇ 'ਤੇ ਪਹਿਲੀਆਂ ਪੜਤਾਲਾਂ ਦਾ ਸਿੱਟਾ ਵੀ ਇਹੀ ਰਿਹਾ ਹੈ। ਹੱਥਲੀ ਇਕੱਲੀ ਟੂਕ ਹੀ ਇਹ ਦੱਸਣ ਲਈ ਕਾਫੀ ਹੈ ਕਿ ਅੰਗਰੇਜ਼ੀ ਮਾਧਿਅਮ ਦੀ ਨੀਤੀ ਭਾਰਤੀਆਂ ਲਈ ਮਦਾਰੀ ਦੇ ਝੁਰਲੂ ਤੋਂ ਵੱਧ ਕੁਝ ਨਹੀਂ ਹੈ। ਭਾਸ਼ਾ ਦਾ ਸਵਾਲ ਸਿੱਖਿਆ, ਵਿਕਾਸ, ਸੁਚਾਰੂ ਪ੍ਰਸ਼ਾਸਨ, ਸੱਭਿਆਚਾਰ, ਪਛਾਣ ਤੇ ਤਾਕਤ ਦੀ ਵੰਡ, ਆਦਿ ਨਾਲ ਡੂੰਘੀ ਤਰ੍ਹਾਂ ਜੁੜਿਆ ਹੋਇਆ ਹੈ। ਇਸ ਲਈ ਇਹ ਕਿਸੇ ਦੇਸ ਦੀ ਹੋਣੀ ਨੂੰ ਤੈਅ ਕਰਨ ਵਾਲੇ ਸਵਾਲਾਂ 'ਚੋਂ ਵੀ ਹੈ। ਇਸ ਲਈ ਇਸ ਸਬੰਧੀ ਹੋਰ ਸਬੂਤਾਂ ਦੀ ਚੰਗੀ ਪੜਚੋਲ ਜ਼ਰੂਰੀ ਹੈ। ਆਓ ਸਭ ਤੋਂ ਪਹਿਲਾਂ ਸਭ ਤੋਂ ਮਹੱਤਵਪੂਰਨ ਖੇਤਰ ਸਿੱਖਿਆ ਨੂੰ ਵੇਖਦੇ ਹਾਂ। ਪ੍ਰੋਗਰਾਮ ਫਾਰ ਇੰਟਰਨੈਸ਼ਨਲ ਸਟੂਡੈਂਟਸ ਅਸੈਸਮੈਂਟ (ਪੀਸਾ) ਨਾਂ ਦੀ ਸੰਸਥਾ ਵੱਖ-ਵੱਖ ਦੇਸਾਂ ਦੀ ਸਕੂਲੀ ਸਿੱਖਿਆ ਦੀ ਦਰਜਾਬੰਦੀ ਲਈ ਹਰ ਤਿੰਨ ਸਾਲ ਬਾਅਦ ਵੱਡੇ ਪੱਧਰ 'ਤੇ 15 ਸਾਲ ਦੀ ਉਮਰ ਦੇ ਬੱਚਿਆਂ ਦੇ ਗਣਿਤ, ਵਿਗਿਆਨ ਤੇ ਆਮ ਪਠਨ ਦੇ ਪੱਧਰ ਦਾ ਮੁਲੰਕਣ ਕਰਦੀ ਹੈ। 2015 ਦੀ ਦਰਜਾਬੰਦੀ ਵਿੱਚ ਗਣਿਤ ਵਿੱਚ ਪਹਿਲੇ ਚਾਲੀ ਦੇਸ਼ਾਂ ਵਿੱਚੋਂ ਅੰਗਰੇਜ਼ੀ ਭਾਸ਼ੀ ਦੇਸਾਂ ਦਾ ਦਰਜਾ ਦਸਵਾਂ (ਕੈਨੇਡਾ), ਇੱਕੀਵਾਂ (ਨਿਊਜ਼ੀਲੈਂਡ) ਤੇ ਸਤਾਈਵਾਂ (ਯੂ.ਕੇ.) ਸੀ। ਇਥੇ ਦੋ ਹੋਰ ਗੱਲਾਂ ਵੀ ਧਿਆਨ ਦੇਣ ਵਾਲੀਆਂ ਹਨ; ਪਹਿਲੀ ਇਹ ਕਿ ਕੈਨੇਡਾ ਤੇ ਨਿਊਜ਼ੀਲੈਂਡ ਵਿੱਚ ਵੀ ਪਹਿਲੇ ਸਾਲਾਂ ਵਿੱਚ ਸਿੱਖਿਆ ਕੇਵਲ ਅੰਗਰੇਜ਼ੀ ਮਾਧਿਅਮ ਵਿੱਚ ਹੀ ਨਹੀਂ ਹੁੰਦੀ, ਹੋਰ ਮਾਤ ਭਾਸ਼ਾਵਾਂ ਵਿੱਚ ਵੀ ਹੁੰਦੀ ਹੈ, ਤੇ ਦੂਜੀ ਇਹ ਕਿ ਦੁਨੀਆਂ ਦਾ ਸਭ ਤੋਂ ਤਾਕਤਵਰ ਅੰਗਰੇਜ਼ੀ ਭਾਸ਼ੀ ਦੇਸ ਅਮਰੀਕਾ ਗਣਿਤ ਦੀ ਸਿੱਖਿਆ ਵਿੱਚ ਪਹਿਲੇ ਚਾਲ੍ਹੀਆਂ ਵਿੱਚ ਵੀ ਨਹੀਂ ਆਉਂਦਾ। ਵਿਗਿਆਨ ਅਤੇ ਆਮ ਪਠਨ ਦੇ ਅੰਕੜੇ ਵੀ ਲਗਭਗ ਇੰਨੇ ਹੀ ਦਿਲਚਸਪ ਹਨ - ਵਿਗਿਆਨ ਵਿੱਚ ਯੂ.ਕੇ. ਦੇ ਪੰਦਰਾਂ ਸਾਲਾ ਬੱਚੇ ਪੰਦਰਵੇਂ ਦਰਜੇ 'ਤੇ ਅਤੇ ਅਮਰੀਕਾ ਦੇ ਪੰਜ਼ੀਵੇਂ ਦਰਜੇ 'ਤੇ ਸਨ। ਭਾਰਤ ਬਾਰੇ ਤੱਥ ਬੜੇ ਮਹੱਤਵਪੂਰਨ ਹਨ; ਭਾਰਤ ਦੀ ਸਰਕਾਰ ਪੀਸਾ ਨੂੰ ਨਿਰੀਖਣ ਦੀ ਆਗਿਆ ਨਹੀਂ ਦਿੰਦੀ। 2009 ਵਿੱਚ ਤਾਮਿਲਨਾਡੂ ਤੇ ਹਿਮਾਚਲ ਨੇ ਆਪਣੇ ਸਕੂਲਾਂ ਦੇ ਨਿਰੀਖਣ ਦੀ ਆਗਿਆ ਦਿੱਤੀ ਸੀ ਤੇ ਇਨ੍ਹਾਂ ਦਾ ਦਰਜਾ ਚੁਹੱਤਰ ਦੇਸ਼ਾਂ'ਚੋਂ ਤਿਹੱਤਰਵਾਂ ਆਇਆ ਸੀ। ਸੋ ਇਹ ਸਮਝਣਾ ਕਿ ਅੰਗਰੇਜ਼ੀ ਭਾਸ਼ਾ ਨਾਲ ਵਿਗਿਆਨ, ਗਣਿਤ ਜਾਂ ਹੋਰ ਵਿਸ਼ਿਆਂ ਦੀ ਪੜ੍ਹਾਈ ਲਈ ਕੋਈ ਵਾਧੂ ਲਾਭ ਹੁੰਦਾ ਹੈ ਬਿਲਕੁਲ ਭਰਮਾਂ 'ਤੇ ਆਧਾਰਿਤ ਹੈ। ਹਾਂ, ਜੇ ਅੰਗਰੇਜ਼ੀ ਬੱਚੇ ਦੀ ਮਾਤ ਭਾਸ਼ਾ ਨਹੀਂ ਹੈ ਤਾਂ ਅੰਗਰੇਜ਼ੀ ਮਾਧਿਅਮ ਰਾਹੀਂ ਪੜ੍ਹਾਉਣ ਨਾਲ ਬਹੁਤ ਵੱਡੇ ਨੁਕਸਾਨ ਨਿਸ਼ਚਤ ਹਨ ਕਿਉਂਕਿ ਸਿੱਖਿਆ ਕਾਮਯਾਬੀ ਨਾਲ ਕਿਸੇ ਅਬੋਧ ਭਾਸ਼ਾ ਰਾਹੀਂ ਦਿੱਤੀ ਹੀ ਨਹੀਂ ਜਾ ਸਕਦੀ। ਅਬੋਧ ਭਾਸ਼ਾ ਤਾਂ ਅਗਿਆਨਤਾ ਦਾ ਮੁੱਢ ਬੰਨ੍ਹਦੀ ਹੈ। ਦੁਨੀਆਂ ਭਰ ਦੀ ਖੋਜ ਤੇ ਵਿਹਾਰ ਇਹੀ ਸਾਬਤ ਕਰਦੇ ਹਨ। ਹੋਰ ਤਾਂ ਹੋਰ, ਭਾਰਤ ਦਾ ਸੰਵਿਧਾਨ, ਸੁਤੰਤਰਤਾ ਉਪਰੰਤ ਭਾਰਤ ਵਿੱਚ ਬਣੇ ਸਾਰੇ ਆਯੋਗ ਤੇ ਸਮਿਤੀਆਂ ਅਤੇ ਸਾਰੇ ਭਾਸ਼ਾ ਤੇ ਸਿੱਖਿਆ ਮਾਹਿਰਾਂ ਦੀ ਇਹੀ ਸਿਫਾਰਿਸ਼ ਰਹੀ ਹੈ ਕਿ ਸਿੱਖਿਆ ਮਾਤ ਭਾਸ਼ਾ ਵਿੱਚ ਹੀ ਦਿੱਤੀ ਜਾਣੀ ਚਾਹੀਦੀ ਹੈ। ਸੋ, ਸਾਰੇ ਤੱਥਾਂ ਤੇ ਪੇਸ਼ੇਵਰ ਸਮਝ ਦੀ ਰੋਸ਼ਨੀ ਵਿੱਚ ਭਾਰਤ ਵਿੱਚ ਅੰਗਰੇਜ਼ੀ ਮਾਧਿਅਮ ਵਾਲੀ ਸਿੱਖਿਆ ਪ੍ਰਣਾਲੀ ਅਗਿਆਨਤਾ ਤੇ ਭਰਮਾਂ 'ਤੇ ਆਧਾਰਤ ਹੋਣ ਤੋਂ ਇਲਾਵਾ ਕੁਝ ਨਹੀਂ ਹੈ। ਅੰਗਰੇਜ਼ੀ ਮਾਧਿਅਮ ਦੀ ਵਿਚਾਰਕ ਸਰਦਾਰੀ ਨੇ ਭਾਰਤੀ ਸਿੱਖਿਆ ਨੂੰ ਤਬਾਹ ਕਰ ਦਿੱਤਾ ਹੈ। ਅਸਰ-ਰਸੂਖ ਵਾਲੇ ਵਰਗ ਦੇ ਬੱਚੇ ਸਰਕਾਰੀ ਸਕੂਲਾਂ ਵਿੱਚ ਨਹੀਂ ਪੜ੍ਹਦੇ। ਇਸ ਦੇ ਨਤੀਜੇ ਵਜੋਂ ਸਰਕਾਰੀ ਸਿੱਖਿਆ ਪ੍ਰਣਾਲੀ ਦਾ ਲਗਪਗ ਭੋਗ ਪੈ ਚੁੱਕਿਆ ਹੈ। ਅੰਗਰੇਜ਼ੀ ਮਾਧਿਅਮ ਵਿੱਚ ਪੜ੍ਹਨ ਵਾਲੇ ਬੱਚੇ ਸਿੱਖਿਆ ਦਾ ਚੰਗਾ ਪੱਧਰ ਹਾਸਲ ਨਹੀਂ ਕਰ ਸਕਦੇ ਕਿਉਂਕਿ ਓਪਰੀ ਭਾਸ਼ਾ ਵਿੱਚ ਪੜ੍ਹਾਇਆ ਜਾਣ ਕਰਕੇ ਉਨ੍ਹਾਂ ਦੇ ਪੱਲੇ ਘੱਟ ਹੀ ਪੈਂਦਾ ਹੈ। ਯੂਨੈਸਕੋ ਦੀ ਕਿਤਾਬ ਵਿੱਚੋਂ ਪਿੱਛੇ ਦਿੱਤੀ ਉਕਤੀ ਨਿਸ਼ਚਤ ਰੂਪ ਵਿੱਚ ਦੱਸਦੀ ਹੈ ਕਿ ਉਨ੍ਹਾਂ ਦਾ ਅੰਗਰੇਜ਼ੀ ਦਾ ਪੱਧਰ ਵੀ ਬਹੁਤਾ ਚੰਗਾ ਨਹੀਂ ਹੋ ਸਕਦਾ। ਇਸ ਲਈ ਹਰ ਉਹ ਭਾਸ਼ਾ ਅਗਿਆਨਤਾ ਦੀ ਭਾਸ਼ਾ ਹੋਵੇਗੀ ਜੋ ਬੱਚੇ ਲਈ ਅਬੋਧ ਹੈ ਤੇ ਉਸ ਦੀ ਸਿੱਖਿਆ ਜਾਂ ਕੰਮ-ਕਾਜ ਦੀ ਭਾਸ਼ਾ ਬਣਦੀ ਹੈ। ਅੰਗਰੇਜ਼ੀ ਭਾਸ਼ਾ ਦੇ ਹੱਕ ਵਿੱਚ ਭੁਗਤਣ ਵਾਲੇ ਭਰਮਾਂ ਵਿੱਚੋਂ ਇੱਕ ਭਰਮ ਇਹ ਵੀ ਹੈ ਕਿ ਇਸ ਨਾਲ ਅੰਤਰਰਾਸ਼ਟਰੀ ਪੱਧਰ 'ਤੇ ਵਪਾਰ-ਕਾਰੋਬਾਰ ਵਿੱਚ ਲਾਭ ਹੁੰਦਾ ਹੈ। ਇਸ ਲਈ ਅੰਤਰਰਾਸ਼ਟਰੀ ਵਪਾਰ-ਕਾਰੋਬਾਰ ਦੇ ਸਿੱਖਿਆ ਦੇ ਮਾਧਿਅਮ ਨਾਲ ਸਬੰਧਾਂ ਦੀ ਪੜਚੋਲ ਵੀ ਜ਼ਰੂਰੀ ਹੋ ਜਾਂਦੀ ਹੈ। ਪ੍ਰਤੀ ਵਿਅਕਤੀ ਬਰਾਮਦਾਂ (ਐਕਸਪੋਰਟ) ਵਿੱਚ ਚੋਟੀ ਦੇ 50 ਦੇਸਾਂ ਵਿੱਚੋਂ ਅੰਗਰੇਜ਼ੀ ਭਾਸ਼ੀ ਦੇਸਾਂ ਦੇ ਦਰਜੇ ਇੱਕੀਵਾਂ (ਕੈਨੇਡਾ), ਚੌਂਤੀਵਾਂ (ਯੂ.ਕੇ.) ਅਤੇ ਛਿਆਲੀਵਾਂ (ਅਮਰੀਕਾ) ਹਨ।

# ਜੰਗ ਦਾ ਖਮਿਆਜ਼ਾ ਹਮੇਸ਼ਾਂ ਬੇਕਸੂਰ ਔਰਤਾਂ ਅਤੇ ਮਾਸੂਮ ਬੱਚਿਆਂ ਨੂੰ ਹੀ ਭੁਗਤਣਾ ਪੈਂਦਾ ਹੈ



ਵਿਸ਼ਵ ਵਿੱਚ ਇਸ ਵੇਲੇਹੱਮਾਸ- ਇਜ਼ਰਾਈਲ ਅਤੇ ਰੂਸ - ਯੂਕਰੇਨ,ਦੋ ਵੱਡੀਆਂ ਜੰਗਾਂ ਚੱਲ ਰਹੀਆਂ ਹਨ। ਇਸ ਤੋਂ ਇਲਾਵਾ ਬਰਮਾ, ਯਮਨ, ਸੁਡਾਨ, ਨਾਈਜ਼ੀਰੀਆ ਅਤੇ ਮਾਲੀ ਆਦਿ ਦੇਸ਼ਾਂ ਵਿੱਚ ਵੀ ਫੌਜ ਅਤੇ ਬਾਗੀਆਂ ਦਰਮਿਆਨ ਗਹਿਗੱਚ ਝੜਪਾਂ ਚੱਲ ਰਹੀਆਂ ਹਨ। ਪਰ ਅੱਜ ਕਲ੍ਹ ਦੀਆਂ ਜੰਗਾਂ ਦੀ ਹੈਰਾਨੀਜਨਕ ਗੱਲ ਇਹ ਹੈ ਕਿ ਸੈਨਿਕ ਸੈਂਕੜਿਆਂ ਦੀ ਗਿਣਤੀ ਵਿੱਚ ਜਦ ਕਿ ਆਮ ਜਨਤਾ ਹਜ਼ਾਰਾਂ ਦੀ ਗਿਣਤੀ ਵਿੱਚ ਮੌਤ ਦੇ ਮੂੰਹ ਪੈ ਰਹੀ ਹੈ।ਜੰਗ ਦਾ ਜ਼ਿੰਮੇਵਾਰ ਚਾਹੇ ਕੋਈ ਵੀ ਹੋਵੇ, ਖਮਿਆਜ਼ਾਆਖਰ ਬੇਕਸੂਰ ਔਰਤਾਂ, ਬੱਚਿਆਂ, ਬਿਮਾਰਾਂ ਤੇ ਬਜ਼ੁਰਗਾਂ ਨੂੰ ਹੀ ਭੁਗਤਣਾ ਪੈਂਦਾ ਹੈ।

ਪ੍ਰਚੀਨ ਅਤੇ ਮੱਧ ਕਾਲ ਦੀਆਂ ਜੰਗਾਂ ਸਮੇਂ ਜਿੱਤਣ ਵਾਲੀਆਂ ਫੌਜਾਂ ਹਾਰਨ ਵਾਲੇ ਦੇਸ਼ ਵਿੱਚ ਰੱਜ ਕੇ ਲੁੱਟ ਮਾਰ, ਕਤਲੇਆਮ ਅਤੇ ਔਰਤਾਂ ਦੀ ਬੇਇੱਜ਼ਤੀ ਕਰਦੀਆਂ ਸਨ। ਮੰਗੋਲ ਬਾਦਸ਼ਾਹ ਚੰਗੇਜ਼ ਖਾਨ ਅਤੇ ਸੁਲਤਾਨ ਤੈਮੂਰ ਲੰਗੜੇ ਵਰਗੇ ਜ਼ਾਲਮ ਹਾਕਮ ਤਾਂ ਆਪਣੇ ਪਿੱਛੇ ਸਿਰਫ ਸੜੇ ਹੋਏ ਸ਼ਹਿਰ ਅਤੇ ਲਾਸ਼ਾਂ ਦੇ ਢੇਰ ਹੀ ਛੱਡਦੇ ਸਨ। ਪਰ ਜਦੋਂ ਸੰਸਾਰ ਵਿੱਚ ਯੂਰਪੀਨ ਦੇਸ਼ਾਂ ਦੀ ਚੜ੍ਹਾਈ ਹੋਈ ਤਾਂ ਜੰਗਾਂ ਸਿਰਫ ਫੌਜਾਂ ਦਰਮਿਆਨਹੋਣ ਲੱਗੀਆਂ। ਦੋ ਚਾਰ ਵਾਕਿਆਤ ਨੂੰ ਛੱਡ ਦਿੱਤਾ ਜਾਵੇ ਤਾਂ ਜਿੱਤੇ ਹੋਏ ਦੇਸ਼ ਵਿੱਚ ਲੁੱਟ ਮਾਰ ਅਤੇ ਕਤਲੇਆਮ ਕਰਨ ਤੋਂ ਗੁਰੇਜ਼ ਕੀਤਾ ਜਾਂਦਾ ਸੀ। ਪਹਿਲੇ ਸੰਸਾਰ ਯੁੱਧ (1914 ਤੋਂ 1918 ਈਸਵੀ) ਵੇਲੇ ਵੀ ਜਰਮਨੀ ਅਤੇ ਇੰਗਲੈਂਡ – ਫਰਾਂਸ ਨੇ ਇੱਕ ਦੂਸਰੇ ਦੇ ਸੈਨਿਕ ਟਿਕਾਣਿਆਂ 'ਤੇ ਹੀ ਗੋਲਾਬਾਰੀ ਕੀਤੀ ਸੀ।ਸ਼ਹਿਰੀ ਅਬਾਦੀ 'ਤੇ ਬੰਬਾਰੀ ਕਰਨਾ ਦੂਸਰੇ ਸੰਸਾਰ ਯੁੱਧ ਵੇਲੇ ਸ਼ੁਰੂ ਹੋਇਆ ਸੀ, ਉਹ ਵੀ ਇੱਕ ਜਰਮਨ ਪਾਇਲਟ ਦੀ ਗਲਤੀ ਕਾਰਨ।

7 ਸਤੰਬਰ 1940 ਦੀ ਰਾਤ ਨੂੰ ਇੱਕ ਜਰਮਨ ਪਾਇਲਟ ਨੇ ਲੰਡਨ 'ਤੇ ਬੰਬਾਰੀ ਕਰਦੇ ਸਮੇਂਗਲਤੀ ਨਾਲ ਨਿਸ਼ਚਿਤ ਨਿਸ਼ਾਨੇ (ਇੱਕ ਸੈਨਿਕ ਅੱਡੇ) ਦੀ ਬਜਾਏ ਨਜ਼ਦੀਕ ਦੇ ਸ਼ਹਿਰੀ ਇਲਾਕੇ'ਤੇ ਬੰਬ ਸੁੱਟ ਦਿੱਤੇ ਜਿਸ ਕਾਰਨ ਅਨੇਕਾਂ ਘਰ ਨਸ਼ਟ ਹੋ ਗਏ ਤੇ 100 ਤੋਂ ਵੱਧ ਨਾਗਰਿਕ ਮਾਰੇ ਗਏ। ਇਸ ਦੇ ਜਵਾਬ ਵਿੱਚ ਇਤਿਹਾਦੀ ਫੌਜਾਂ ਨੇ ਵੀ ਜਰਮਨੀ ਅਤੇ ਇਟਲੀ ਦੇ ਸ਼ਹਿਰਾਂ ਵਿੱਚ ਤਬਾਹੀ ਮਚਾ ਦਿੱਤੀ ਜੋ 2 ਸਤੰਬਰ 1945 ਨੂੰ ਜਰਮਨੀ ਦੀ ਹਾਰ ਤੱਕ ਚੱਲਦੀ ਰਹੀ। ਇਸ ਦੇ ਸਿੱਟੇ ਵਜੋਂ ਲੱਖਾਂ ਦੀ ਗਿਣਤੀ ਵਿੱਚ ਬੇਕਸੂਰਲੋਕ ਮਾਰੇ ਗਏ ਤੇ ਲੰਡਨ, ਸਟਾਲਿਨਗਰਾਦ(ਹੁਣ ਵੋਲਗੋਗਰਾਦ) ਅਤੇ ਬਰਲਿਨ ਵਰਗੇ ਇਤਿਹਾਸਿਕ ਸ਼ਹਿਰ ਮਲਬੇ ਦਾ ਢੇਰ ਬਣ ਗਏ। ਇਸ ਜੰਗ ਵਿੱਚ ਇਤਿਹਾਦੀ ਦੇਸ਼ਾਂ ਦੇ ਕਰੀਬ ਸਾਢੇ ਚਾਰ ਕਰੋੜ ਅਤੇ ਜਰਮਨੀ ਤੇ ਸਾਥੀਆਂ ਦੇ ਕਰੀਬ 40 ਲੱਖ ਆਮ ਸ਼ਹਿਰੀ ਮਾਰੇ ਗਏ ਸਨ। ਇਕੱਲੇ ਰੂਸ ਦੇ 87 ਲੱਖ ਫੌਜੀ ਅਤੇ ਦੋ ਕਰੋੜ ਦੇ ਕਰੀਬ ਆਮ ਸ਼ਹਿਰੀ ਮਾਰੇ ਗਏ ਸਨ ਜੋ ਕੁੱਲ ਅਬਾਦੀ ਦਾ ਚੌਥਾ ਹਿੱਸਾ ਬਣਦੇ ਸਨ।ਹਿਟਲਰ ਯਹੂਦੀਆਂ ਨੂੰ ਬੇਹੱਦ ਨਫਰਤ ਕਰਦਾ ਸੀ। ਉਸ ਨੇ ਫਾਇਰਿੰਗ ਸੁਕੈਡਾਂ ਅਤੇ ਗੈਸ ਚੈਂਬਰਾਂ ਵਿੱਚ ਸੁੱਟ ਕੇ 60 ਲੱਖ ਦੇ ਕਰੀਬ ਯਹੂਦੀਆਂ ਨੂੰ ਕਤਲ ਕਰ ਦਿੱਤਾ ਸੀ ਤੇ ਹੋਰ ਲੱਖਾਂ ਨੂੰ ਭੁੱਖੇ ਮਰਨ ਲਈ ਤਸੀਹਾ ਕੈਂਪਾਂ ਵਿੱਚ ਬੰਦ ਕਰ ਦਿੱਤਾ ਸੀ। ਉਨ੍ਹਾਂ ਯਹੂਦੀਆਂ ਦੇ ਵਾਰਸਾਂ ਨੇ ਹੀ 1948 ਈਸਵੀ ਵਿੱਚ ਇਜ਼ਰਾਈਲ ਦੇਸ਼ ਦੀ ਸਥਾਪਨਾ ਕੀਤੀ ਸੀ।

ਕਿੰਨੀ ਹੈਰਾਨੀ ਦੀ ਗੱਲ ਹੈ ਕਿ ਜਿਹੜੀਆਂ ਦੋ ਕੌਮਾਂ ਨੇ ਨਾਜ਼ੀ ਜਰਮਨੀ ਦੇ ਸਭ ਤੋਂ ਵੱਧ ਜ਼ੁਲਮ ਸਹਾਰੇ ਸਨ, ਹੁਣ ਉਹ ਹੀ ਉਸਤਰਾਂ ਦਾ ਵਿਹਾਰਯੂਕਰੇਨ ਅਤੇ ਗਾਜ਼ਾ ਪੱਟੀ ਵਿੱਚ ਕਰ ਰਹੇ ਹਨ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਅੱਤਵਾਦੀ ਜਥੇਬੰਦੀ ਹੱਮਾਸ ਨੇ 7 ਅਕਤੂਬਰ 2023 ਨੂੰ ਜੋ 1200 ਦੇ ਕਰੀਬ ਇਜ਼ਰਾਈਲੀ ਮਰਦਾਂ, ਔਰਤਾਂ ਤੇ ਮਾਸੂਮ ਬੱਚਿਆਂ ਦੀ ਹੱਤਿਆ ਕੀਤੀ ਸੀ ਤੇ 247 ਨੂੰ ਬੰਦੀ ਬਣਾ ਲਿਆ ਸੀ, ਉਹ ਵਹਿਸ਼ਿਆਨਾ ਅਤੇ ਇਖਲਾਕ ਤੋਂ ਬੇਹੱਦ ਗਿਰੀ ਹੋਈ ਘਟਨਾ ਸੀ। ਪਰ ਹੁਣ ਜੋ ਇਜ਼ਰਾਈਲੀ ਫੌਜ ਗਾਜ਼ਾ ਪੱਟੀ ਦੇ ਪਹਿਲਾਂ ਤੋਂ ਹੀ ਨਰਕ ਵਰਗੀ ਜ਼ਿੰਦਗੀ ਭੋਗ ਰਹੇ24 ਲੱਖ ਦੇ ਕਰੀਬ ਮਰਦਾਂ, ਔਰਤਾਂ ਅਤੇ ਬੱਚਿਆਂ ਨਾਲ ਕਰ ਰਹੀ ਹੈ, ਉਸ ਨੂੰ ਵੀ ਕਿਸੇ ਤਰਾਂ ਨਾਲ ਠੀਕ ਨਹੀਂ ਠਹਿਰਾਇਆ ਜਾ ਸਕਦਾ। ਸਿਰਫ 20 - 25 ਹਜ਼ਾਰ ਮੈਂਬਰਾਂ ਵਾਲੀ ਹੱਮਾਸ ਅੱਤਵਾਦੀ ਜਥੇਬੰਦੀ ਵੱਲੋਂ ਕੀਤੀ ਕਰਤੂਤ ਦੀ ਸਜ਼ਾ ਬੇਕਸੂਰ ਲੋਕਾਂ ਨੂੰ ਦੇਣਾ ਅਣਮਨੁੱਖੀ ਤੇ ਵਿਆਨਾ ਕੰਨਵੈਨਸ਼ਨ ਦੇ ਅਸੂਲਾਂ ਦੀ ਘੋਰ ਉਲੰਘਣਾ ਹੈ। ਗਾਜ਼ਾ ਪੱਟੀ ਸਿਰਫ 45 ਕਿ.ਮੀ. ਲੰਬਾ ਤੇ 6 ਤੋਂ 10 ਕਿ.ਮੀ. ਚੌੜਾ (365 ਸੁਕੇਅਰ ਕਿ.ਮੀ) ਧਰਤੀ ਦਾ ਇੱਕ ਛੋਟਾ ਜਿਹਾ ਟੁਕੜਾ ਹੈ ਜੋ ਦੋ ਪਾਸਿਆਂ ਤੋਂ ਇਜ਼ਰਾਈਲ, ਤੀਸਰੇ ਪਾਸੇ ਤੋਂ ਸਮੁੰਦਰ ਤੇ ਚੌਥੇ ਪਾਸੇ ਤੋਂ ਮਿਸਰ ਨਾਲ ਘਿਰਿਆ ਹੋਇਆ ਹੈ। ਸਮੁੰਦਰ ਵੀ ਪੂਰੀ ਤਰਾਂ ਇਜ਼ਰਾਈਲ ਦੇ ਕੰਟਰੋਲ ਹੇਠ ਹੈ। ਗਾਜ਼ਾ ਪੱਟੀ ਦਾ ਇਲਾਕਾ ਦੁਨੀਆਂ ਦਾ ਇੱਕ ਸਭ ਤੋਂ ਵੱਧ ਸੰਘਣੀ ਅਬਾਦੀ ਵਾਲਾ ਇਲਾਕਾ ਹੈ। ਇਥੇ ਕੋਈ ਉਦਯੋਗ ਜਾਂ ਰੋਜ਼ਗਾਰ ਨਹੀਂ ਹੈ ਤੇ ਇਹ ਪੂਰੀ ਤਰਾਂ ਨਾਲ ਯੂ.ਐਨ.ਉ., ਦਾਨੀ ਸੰਸਥਾਵਾਂ, ਇਜ਼ਰਾਈਲ ਅਤੇ ਮਿਸਰ ਦੀ ਮਦਦ 'ਤੇ ਨਿਰਭਰ ਹੈ।

ਹਰੇਕ ਜੰਗ ਜਾਂ ਗੜਬੜ ਸਮੇਂ ਸਭ ਤੋਂ ਵੱਧ ਮੁਸੀਬਤ ਔਰਤਾਂ ਅਤੇ ਬੱਚਿਆਂ ਨੂੰ ਸਹਿਣੀ ਪੈਂਦੀ ਹੈ ਤੇ ਗਾਜ਼ਾ ਵਿੱਚ ਵੀ ਇਹ ਕੁਝ ਹੀ ਹੋ ਰਿਹਾ ਹੈ। ਇਸ ਜੰਗ ਵਿੱਚ ਹੁਣ ਤੱਕ 14000 ਦੇ ਕਰੀਬ ਗਾਜ਼ਾ ਵਾਸੀਆਂ ਦੀ ਮੌਤ ਹੋ ਚੁੱਕੀ ਹੈ ਤੇ ਲੱਖਾਂ ਲੋਕ ਬੇਘਰ ਹੋ ਗਏ ਹਨ ਜਿਨ੍ਹਾਂ ਵਿੱਚ ਵੱਡੀ ਗਿਣਤੀ ਔਰਤਾਂ ਤੇ ਬੱਚਿਆਂ ਦੀ ਹੈ।ਔਰਤਾਂ ਅਤੇ ਬੱਚਿਆਂ ਸਾਹਮਣੇ ਸਭ ਤੋਂ ਵੱਡੀ ਮੁਸ਼ਕਿਲ ਪਾਣੀ, ਖਾਣੇ ਅਤੇ ਦਵਾਈਆਂ ਦੀ ਪੇਸ਼ ਆ ਰਹੀ ਹੈ ਕਿਉਂਕਿ ਇਜ਼ਰਾਈਲ ਨੇ ਬਾਰਡਰ ਦੀ ਬਿਲਕੁਲ ਨਾਕਾਬੰਦੀ ਕਰ ਦਿੱਤੀ ਹੈ। ਧਾਰਮਿਕ ਅਕੀਦਿਆਂ ਅਤੇ ਨਿੱਤ ਦੀਆਂ ਜੰਗਾਂ ਕਾਰਨ ਗਾਜ਼ਾ ਪੱਟੀ ਦੀਆਂ ਜਿਆਦਾਤਰ ਔਰਤਾਂ ਨੇ ਹੁਣ ਤੱਕ ਪਰਦੇ ਵਾਲੀ ਜ਼ਿੰਦਗੀ ਬਿਤਾਈ ਹੈ। ਬੇਘਰ ਹੋਣ ਤੋਂ ਬਾਅਦ ਹੁਣ ਉਹ ਆਰਥਿਕ ਮਦਦ,ਘਰ, ਪਾਣੀ ਅਤੇ ਖਾਣੇ ਤੋਂ ਮਹਿਰੂਮ ਹੋ ਗਈਆਂ ਹਨ। ਗਰਭਵਤੀ ਔਰਤਾਂ ਦੇ ਹਾਲਾਤ ਤਾਂ ਹੋਰ ਵੀ ਬੁਰੇ ਹਨ। ਥਕਾਵਟ, ਭੁੱਖ, ਪਿਆਸ, ਕਮਜ਼ੋਰੀ, ਮੈਡੀਕਲ ਸਹੂਲਤਾਂ ਦੀ ਅਣਹੋਂਦ ਅਤੇ ਤਣਾਅ ਕਾਰਨ ਹਜ਼ਾਰਾਂ ਔਰਤਾਂ ਦਾ ਗਰਭਪਾਤ ਹੋ ਗਿਆ ਹੈ, ਸੈਂਕੜੇ ਬੱਚੇ ਮੁਰਦਾਪੈਦਾ ਹੋ ਰਹੇ ਹਨ ਜਾਂ ਪੈਦਾ ਹੋਣ ਤੋਂ ਬਾਅਦ ਜ਼ਰੂਰੀ ਦਵਾਈਆਂ ਤੇ ਟੀਕੇ ਆਦਿ ਨਾ ਮਿਲਣ ਕਾਰਨ ਅਣਿਆਈ ਮੌਤੇ ਮਰ ਰਹੇ ਹਨ।

ਗਾਜ਼ਾ ਦੀਆਂ ਅੱਧ ਤੋਂ ਵੱਧ ਬੇਸਹਾਰਾਔਰਤਾਂ ਭੈਅ ਅਤੇ ਡੈਪਰੈਸ਼ਨ ਦੀਆਂ ਸ਼ਿਕਾਰ ਹੋ ਚੁੱਕੀਆਂ ਹਨ। ਕਿਸੇ ਦਾ ਪਤੀ ਮਰ ਗਿਆ ਹੈ, ਕਿਸੇ ਦੇ ਬੱਚੇ ਤੇ ਕਿਸੇ ਦੇ ਭੈਣ ਭਰਾ ਤੇ ਨਜ਼ਦੀਕੀ ਰਿਸ਼ਤੇਦਾਰ। ਔਰਤਾਂ ਦੀਆਂ ਅੱਖਾਂ ਦੇ ਹੰਝੂ ਸੁੱਕ ਗਏ ਹਨ। ਇੱਕ ਰਿਸ਼ਤੇਦਾਰ ਦਾ ਅਫਸੋਸ ਅਜੇ ਮਨਾਇਆ ਜਾ ਰਿਹਾ ਹੁੰਦਾ ਹੈ ਕਿ ਦੂਸਰੇ ਦੇ ਮਰਨ ਦੀ ਖਬਰ ਪਹੁੰਚ ਜਾਂਦੀ ਹੈ। ਕੈਂਪਾਂ ਵਿੱਚ ਸ਼ਰਨ ਲਈ ਬੈਠੀਆਂਔਰਤਾਂ ਨੂੰ ਹਰ ਵੇਲੇ ਸ਼ੋਹਦਿਆਂ ਕੋਲੋਂ ਆਪਣੀ ਤੇ ਬੱਚੀਆਂ ਦੀ ਇੱਜ਼ਤ ਬਚਾਉਣ ਦਾ ਫਿਕਰ ਲੱਗਾ ਰਹਿੰਦਾ ਹੈ। ਗਾਜ਼ਾ ਵਿੱਚ ਪਾਣੀ ਦੀ ਬੇਹੱਦ ਕਮੀ ਹੋਣ ਕਾਰਨ ਇਜ਼ਰਾਈਲ ਨੇ ਸਭ ਤੋਂ ਪਹਿਲਾ ਵਾਰ ਪਾਣੀ 'ਤੇ ਕੀਤਾ ਹੈ। ਇਹ ਇਜ਼ਰਾਈਲ ਤੋਂ ਸਪਲਾਈ ਹੁੰਦਾ ਸੀ ਤੇ ਇਜ਼ਰਾਈਲ ਨੇ ਪਾਈਪ ਲਾਈਨ ਬੰਦ ਕਰ ਦਿੱਤੀ ਹੈ।ਗਾਜ਼ਾ ਵਿੱਚ ਕੋਈ ਦਰਿਆ ਜਾਂ ਪੀਣ ਯੋਗ ਧਰਤੀ ਹੇਠਲਾ ਪਾਣੀ ਨਹੀਂ ਹੈ।ਪਾਣੀ ਦੀ ਕਮੀ ਕਾਰਨਸੈਂਕੜੇ ਔਰਤਾਂ ਅਤੇ ਬੱਚਿਆਂ ਨੇ ਦਮ ਤੋੜ ਦਿੱਤਾ ਹੈ। ਪਰ ਹੱਮਾਸ 'ਤੇ ਇਨ੍ਹਾਂ ਨਾਕਾਬੰਦੀਆਂ ਦਾ ਕੋਈ ਖਾਸ ਅਸਰ ਨਹੀਂ ਹੋਇਆ ਕਿਉਂਕਿ ਉਸ ਨੇ ਇਸ ਹਮਲੇ ਦੀ ਤਿਆਰੀ ਕਈ ਸਾਲ ਪਹਿਲਾਂ ਤੋਂ ਹੀ ਕੀਤੀ ਹੋਈ ਸੀ। ਉਸ ਦੇ ਲੜਾਕਿਆਂ ਕੋਲ ਇੱਕ ਸਾਲ ਤੋਂ ਵੱਧ ਦੀ ਜਰੂਰਤ ਦਾ ਦਾਣਾ ਪਾਣੀ ਜਮ੍ਹਾਂ ਹੈ।

ਅਮਰੀਕਾ ਅਤੇ ਇਸ ਦੇ ਸਾਥੀਆਂ ਨੂੰ ਹੱਮਾਸ ਵੱਲੋਂ ਇਜ਼ਰਾਈਲ ਵਿੱਚ ਕੀਤੇ ਗਏ ਜ਼ੁਲਮ ਤਾਂ ਦਿਸਦੇ ਹਨ ਪਰ ਇਜ਼ਰਾਈਲ ਵੱਲੋਂ ਗਾਜ਼ਾ ਪੱਟੀ ਦੀਆਂ ਔਰਤਾਂ ਅਤੇ ਬੱਚਿਆਂ ਪ੍ਰਤੀ ਕੀਤੇ ਜਾ ਰਹੇ ਪਾਪ ਨਜ਼ਰ ਨਹੀਂ ਆ ਰਹੇ। ਕੋਈ ਵੀ ਪੱਛਮੀ ਦੇਸ਼ ਸਖਤੀ ਨਾਲ ਇਜ਼ਰਾਈਲ ਨੂੰ ਬੇਬਸ ਜਨਤਾ ਨੂੰ ਤਬਾਹੋ ਬਰਬਾਦ ਕਰਨ ਤੋਂ ਰੋਕਣ ਦੀ ਕੋਸ਼ਿਸ਼ ਨਹੀਂ ਕਰ ਰਿਹਾਉਲਟਾਉਸ ਨੂੰ ਵੱਡੀ ਗਿਣਤੀ ਵਿੱਚ ਮਾਰੂ ਹਥਿਆਰ ਭੇਜੇ ਜਾ ਰਹੇ ਹਨ। ਆਮ ਨਾਗਰਿਕਾਂ ਦੀਆਂ ਐਨੀਆਂ ਹੱਤਿਆਵਾਂ ਕਰਨ ਦੇ ਬਾਵਜੂਦ ਇਜ਼ਰਾਈਲ ਨੂੰ ਹੱਮਾਸ ਦੇ ਖਿਲਾਫ ਅਜੇ ਤੱਕ ਕੋਈ ਖਾਸ ਕਾਮਯਾਬੀ ਹਾਸਲ ਨਹੀਂ ਹੋ ਸਕੀ। ਹੱਮਾਸ ਦੇ ਮੁਖੀ ਇਸਮਾਈਲ ਹਾਨੀਏਹ, ਉੱਪ ਮੁਖੀ ਸਾਲਾਏਹ ਅਰੋਰੀ, ਮਿਲਟਰੀ ਚੀਫ ਮੁਹੰਮਦ ਦਾਇਫ, ਉੱਪ ਫੌਜੀ ਮੁਖੀ ਮਰਵਾਨ ਈਸਾ ਅਤੇ ਯਾਹੀਆ ਸਿਨਵਾਰ ਵਰਗੇ ਕਿਸੇ ਵੀ ਚੋਟੀ ਦੇ ਕਮਾਂਡਰ ਨੂੰ ਨਾ ਤਾਂ ਹੁਣ ਤੱਕ ਗ੍ਰਿਫਤਾਰ ਕੀਤਾ ਜਾ ਸਕਿਆ ਹੈ ਤੇ ਨਾ ਹੀ ਮਾਰਿਆ। ਇਤਿਹਾਸ ਗਵਾਹ ਹੈ ਕਿ ਕਿਸੇ ਦੇਸ਼ ਦੇ ਅੰਦਰ ਜਾ ਕੇ ਉਸ ਦੇ ਛਾਪਾਮਾਰ ਲੜਾਕਿਆਂ ਤੋਂ ਜੰਗ ਜਿੱਤਣੀ ਲੱਗਭਗ ਅਸੰਭਵ ਹੁੰਦੀ ਹੈ। ਅਮਰੀਕਾ ਅਤੇ ਰੂਸ ਵੀਅਤਨਾਮ ਅਤੇ ਅਫਗਾਨਿਸਤਾਨ ਵਿੱਚ ਇਹ ਸਬਕ ਸਿੱਖ ਚੁੱਕੇ ਹਨ।ਮਹੀਨੇ ਡੇਢ ਮਹੀਨੇ ਬਾਅਦ ਇਹ ਨਤੀਜਾ ਵੀ ਸਭ ਦੇ ਸਾਹਮਣੇ ਆ ਜਾਵੇਗਾ ਕਿ ਗਾਜ਼ਾ ਪੱਟੀ 'ਤੇ ਕਬਜ਼ਾ ਕਰ ਕੇ ਇਜ਼ਰਾਈਲ ਨੇ ਠੀਕ ਕੀਤਾ ਹੈ ਜਾਂ ਗਲਤ।

**ਬਲਰਾਜ ਸਿੰਘ ਸਿੱਧੂ ਏ.ਆਈ.ਜੀ. (ਰਿਟਾ.)**
**ਪੰਡੋਰੀ ਸਿੱਧਵਾਂ 9501100062**

# ਬਿਨ੍ਹ ਮੰਗਿਆਂ ਨਾ ਦਿਓ ਕਿਸੇ ਨੂੰ ਸਲਾਹ ...

ਅਸੀਂ ਸਾਰੇ ਹੀ ਸਮਾਜ ਵਿੱਚ ਵਿਚਰਦੇ ਹਾਂ ।ਤਰ੍ਹਾਂ ਤਰ੍ਹਾਂ ਦੇ ਬੰਦਿਆਂ ਨਾਲ ਸਾਡਾ ਉੱਠਣਾ ਬੈਠਣਾ ਹੁੰਦਾ ਹੈ। ਕੁਝ ਸੱਜਣ ਮਿੱਤਰ ਪ੍ਰੇਮੀ ਸਾਡੇ ਦਿਲੋਂ ਗਰੀਬੀ ਬਣ ਜਾਂਦੇ ਹਨ। ਅਜਿਹੇ ਸੱਜਣਾਂ ਨਾਲ ਪਰਿਵਾਰਿਕ ਸਾਂਝ ਡੂੰਘੀ ਹੋ ਜਾਂਦੀ ਹੈ। ਆਪਣੀ ਪਰਿਵਾਰਕ ਗੱਲਾਂ ਵੀ ਅਸੀਂ ਸਾਂਝੀਆਂ ਕਰ ਲੈਂਦੇ ਹਾਂ। ਜੋ ਅੱਜ ਕੱਲ ਦਾ ਜ਼ਮਾਨਾ ਹੈ ਉਹ ਬਹੁਤ ਬਦਲ ਚੁੱਕਿਆ ਹੈ। ਪਹਿਲੇ ਸਮੇਂ ਤੇ ਅੱਜ ਦੇ ਵੇਲੇ ਵਿੱਚ ਜ਼ਮੀਨ ਅਸਮਾਨ ਦਾ ਫ਼ਰਕ ਹੈ। ਪਹਿਲਾਂ ਆਪਸੀ ਪ੍ਰੀਤ, ਪਿਆਰ ਬਹੁਤ ਹੁੰਦਾ ਸੀ। ਇੱਕ ਦੂਜੇ ਦੀ ਕਦਰ ਕੀਤੀ ਜਾਂਦੀ ਸੀ। ਅੱਜ ਦਾ ਅਜਿਹਾ ਸਮਾਂ ਹੈ ਕਿ ਭਰਾ ਭਰਾ ਨੂੰ ਦੇਖ ਕੇ ਰਾਜ਼ੀ ਨਹੀਂ ਹੈ। ਜੇ ਪਰਮਾਤਮਾ ਵਧੀਆ ਰੋਟੀ ਦੇ ਰਿਹਾ ਹੈ ਤਾਂ ਈਰਖਾਂ ਨਫ਼ਰਤ ਹੈ , ਹਾਏ ! ਇਹ ਮੇਰੇ ਨਾਲੋਂ ਕਿਉਂ ਵਧੀਆ ਰੋਟੀ ਖਾ ਰਿਹਾ ਹੈ। ਜਾਂ ਇਸ ਕੋਲ ਕਰੋੜਾਂ ਦੀ ਪ੍ਰੋਪਰਟੀ ਜਾਂ ਇਸ ਕੋਲ ਮਹਿੰਗੀਆਂ ਗੱਡੀਆਂ ਹਨ ।ਕਹਿਣ ਦਾ ਮਤਲਬ ਹੈ ਕਿ ਪਿਆਰ ਉਪਰੋਂ ਉਪਰੋਂ ਰਹਿ ਗਿਆ ਹੈ । ਦਿਖਾਵੇ ਵਾਲਾ ਪਿਆਰ ਹੈ। ਅੰਦਰੂਨੀ ਕਿਸੇ ਦੀ ਮਦਦ ਕਰਨੀ ਪਿਆਰ, ਵਧੀਆ ਸਲਾਹ ਦੇਣੀ ਇਹ ਸਭ ਖ਼ਤਮ ਹੋ ਚੁੱਕਿਆ ਹੈ।ਮਨ ਵਿੱਚ ਈਰਖਾਂ ,ਵੈਰ ਨਫਰਤ ਭਰ ਚੁੱਕੀ ਹੈ। ਕੋਈ ਵੀ ਇਨਸਾਨ ਕਿਸੇ ਦੀ ਤਰੱਕੀ ਦੇਖ ਕੇ ਖੁਸ਼ ਨਹੀਂ ਹੁੰਦਾ।

ਕਿਸੇ ਦੇ ਘਰ ਵਾਰ ਵਾਰ ਨਹੀਂ ਜਾਣਾ ਚਾਹੀਦਾ । ਇੱਜ਼ਤ ਤੁਹਾਡੀ ਆਪਣੇ ਹੱਥ ਹੁੰਦੀ ਹੈ।ਅਗਲਾ ਚਾਹੇ ਤੁਹਾਨੂੰ ਨਾ ਕਹੇ ਪਰ ਉਸ ਦੇ ਚਿਹਰੇ ਦੇ ਹਾਵ ਭਾਵ ਤੋਂ ਪਤਾ ਲੱਗ ਜਾਂਦਾ ਹੈ ਕਿ ਉਹ ਤੁਹਾਡੇ ਨਾਲੋਂ ਨਫ਼ਰਤ ਕਰਦਾ ਹੈ।ਅਜਿਹਾ ਇਨਸਾਨ ਮਜ਼ਬੂਰ ਹੋ ਜਾਂਦਾ ਹੈ ਕਿ ਤੁਹਾਨੂੰ ਕਹਿਣ ਨਾਲੋਂ ਕਿ ਮੇਰੇ ਘਰ ਨਹੀਂ ਆਉਣਾ ਹੈ, ਪਰ ਤੁਸੀਂ ਸਮਝੋ ! ਇਸ ਗੱਲ ਨੂੰ ਕਿ ਬਾਰ ਬਾਰ ਕਿਸੇ ਦੇ ਘਰ ਆਉਣ ਜਾਣ ਨਾਲ ਇੱਜ਼ਤ ਘੱਟਦੀ ਹੈ। ਠੀਕ ਹੈ ਜੇ ਕੋਈ ਦੁੱਖ ,ਤਕਲੀਫ ਹੈ ਤਾਂ ਜਰੂਰ ਜਾਓ ।ਮਦਦ ਲਈ ਗੁਹਾਰ ਲਾਓ। ਪਰ 24 ਘੰਟੇ ਕਿਸੇ ਦੇ ਘਰ ਛਾਉਣੀ ਨਾ ਪਾਓ। ਅਗਲੇ ਦੇ ਚਿਹਰੇ ਤੇ ਤੁਹਾਡੇ ਆਉਣ ਦੀ ਖੁਸ਼ੀ ਨਹੀਂ ਹੈ, ਚਾਹੇ ਉਹ ਉੱਪਰੋਂ ਦਿਲ ਤੋਂ ਤੁਹਾਡੀ ਇੱਜ਼ਤ ਕਰ ਰਿਹਾ ਹੈ ।ਇਹ ਗੱਲ ਸਮਝਣ ਦੀ ਬਹੁਤ ਲੋੜ ਹੁੰਦੀ ਹੈ ਕਿ ਮੇਰੀ ਇੱਜ਼ਤ ਕੌਣ ਕਰ ਰਿਹਾ ਹੈ, ਕਿੱਥੇ ਮੇਰੀ ਇੱਜ਼ਤ ਹੋ ਰਹੀ ਹੈ। ਜਦੋਂ ਤੱਕ ਤੁਹਾਨੂੰ ਨਿਉਂਦਾ ਸੱਦਾ ਨਹੀਂ ਦਿੱਤਾ ਜਾਂਦਾ, ਚਾਹੇ ਕੋਈ ਵੀ ਖੁਸ਼ੀ ਦਾ ਮਾਹੌਲ ਹੋਵੇ ਨਹੀਂ ਜਾਣਾ ਚਾਹੀਦਾ। ਹਾਂ ਇੱਕ ਗੱਲ ਜ਼ਰੂਰ ਹੈ ਦੁੱਖ ਵਿੱਚ ਜਰੂਰ ਜਾਓ। ਜਦੋਂ ਖੁਸ਼ੀ ਵੇਲੇ ਤੁਹਾਨੂੰ ਸੱਦਾ ਨਹੀਂ ਦਿੱਤਾ ਜਾਂਦਾ ਤਾਂ ਆਪਣੇ ਆਪ ਜਾ ਕੇ ਉੱਥੇ ਆਪਣੀ ਇੱਜਤ ਨਾ ਗਵਾਓ।

ਸਮਾਜ ਵਿੱਚ ਵਿਚਰਦੇ ਹੋਏ ਸਾਨੂੰ ਕਿਸ ਤਰ੍ਹਾਂ ਕਿਸੇ ਇਨਸਾਨ ਨਾਲ ਕੀ ਗੱਲ ਕਰਨੀ ਹੈ ,ਇਹ ਲਿਆਕਤ ਹੋਣੀ ਚਾਹੀਦੀ ਹੈ। ਬਿਨਾਂ ਮੰਗਿਆਂ ਕਿਸੇ ਨੂੰ ਵੀ ਕੋਈ ਵੀ ਸਲਾਹ ਨਹੀਂ ਦੇਣੀ ਚਾਹੀਦੀ । ਜਦੋਂ ਤੁਹਾਨੂੰ ਕਿਸੇ ਗੱਲ ਦਾ ਪਤਾ ਹੀ ਨਹੀਂ ਹੈ ਤਾਂ ਉਸ ਗੱਲ ਤੇ ਕੋਈ ਵੀ ਟਿੱਪਣੀ ਨਾ ਕਰੋ। ਜਦੋਂ ਤੁਹਾਨੂੰ ਪੁੱਛਿਆ ਜਾਏ ਤਾਂ ਤੁਸੀਂ ਉਸ ਗੱਲ ਬਾਰੇ ਜ਼ਿਕਰ ਕਰੋ, ਨਹੀਂ ਤਾਂ ਚੁੱਪ ਰਹੋ। ਸਮੇਂ ਦੀ ਨਜ਼ਾਕਤ ਨੂੰ ਦੇਖਦਿਆਂ ਹੋਇਆਂ ਚੁੱਪ ਰਹਿਣਾ ਹੀ ਭਲਾ ਹੈ। ਅਕਸਰ ਕਈ ਵਾਰ ਇਨਸਾਨ ਇੰਨਾਂ ਗ਼ਲਤ ਬੋਲ ਦਿੰਦੇ ਹਨ ਕਿ ਉਸਦੇ ਕਹੇ ਹੋਏ ਸ਼ਬਦ ਦਿਲ ਤੇ ਲੱਗ ਜਾਂਦੇ ਹਨ। ਕਈ ਵਾਰ ਤਾਂ ਗੱਲ ਮਾਰ ਕੁਟਾਈ ਤੱਕ ਵੀ ਪੁੱਜ ਜਾਂਦੀ ਹੈ ।ਅਕਸਰ ਅਸੀਂ ਅਜਿਹੀਆਂ ਗੱਲਾਂ ਸਮਾਜ ਵਿੱਚ ਰਹਿੰਦੇ ਹੋਏ ਆਮ ਸੁਣਦੇ ਹਾਂ ।ਬਾਅਦ ਵਿੱਚ ਚਾਹੇ ਉਹ ਇਨਸਾਨ ਕਿੰਨਾਂ ਵੀ ਚੰਗਾ ਕਿਉਂ ਨਾ ਬਣ ਜਾਏ ਉਸਦੀ ਕਹੀ ਹੋਈ ਗੱਲ ਹਮੇਸ਼ਾ ਯਾਦ ਰਹਿੰਦੀ ਹੈ। ਅਕਸਰ ਸਿਆਣੇ ਵੀ ਕਹਿੰਦੇ ਹਨ ਕਿ ਕਮਾਨ ਵਿੱਚੋਂ ਨਿਕਲਿਆ ਹੋਇਆ ਤੀਰ ਤੇ ਮੂੰਹੋਂ ਨਿਕਲੀ ਹੋਈ ਗੱਲ ਕਦੇ ਵੀ ਵਾਪਸ ਨਹੀਂ ਆਉਂਦੀ। ਸਿਆਣੇ ਪਹਿਲਾਂ ਅਕਸਰ ਕਿਹਾ ਕਰਦੇ ਸਨ ਕਿ ਜੋ ਵੀ ਗੱਲ ਕਰਨੀ ਹੈ ਉਸ ਉੱਤੇ ਵਿਚਾਰ ਜ਼ਰੂਰ ਕਰ ਲੈਣਾ ਚਾਹੀਦਾ ਹੈ।÷ਪਹਿਲਾਂ ਤੋਲੋ ,ਫਿਰ ਬੋਲੋ।

ਜਦੋਂ ਸਾਨੂੰ ਕਿਸੇ ਗੱਲ ਬਾਰੇ ਪਤਾ ਹੀ ਨਹੀਂ ਹੁੰਦਾ ਤਾਂ ਸਾਹਮਣੇ ਵਾਲੇ ਨੂੰ ਕਹਿ ਦਿਓ ਕਿ ਮੈਨੂੰ ਤਾਂ ਪਤਾ ਹੀ ਨਹੀਂ ਹੈ। ਜਦੋਂ ਤੱਕ ਭਰਪੂਰ ਜਾਣਕਾਰੀ ਨਹੀਂ ਹੁੰਦੀ ਤਾਂ ਆਪਣਾ ਮੂੰਹ ਬੰਦ ਰੱਖਣਾ ਹੀ ਜਰੂਰੀ ਸਮਝੋ। ਅੱਜ ਲੋਕਾਂ ਵਿੱਚ ਸਹਿਣਸ਼ੀਲਤਾ ਖ਼ਤਮ ਹੋ ਚੁੱਕੀ ਹੈ । ਛੋਟੀ ਜਿਹੀ ਗੱਲ ਤੇ ਹੀ ਮਾਰ ਕੁਟਾਈ ਕਰਨੀ ਸ਼ੁਰੂ ਕਰ ਦਿੰਦੇ ਹਨ। ਕਹਿਣ ਦਾ ਵੀ ਕਿਸੇ ਨੂੰ ਕੋਈ ਸਮਾਂ ਹੀ ਨਹੀਂ ਰਿਹਾ। ਜਦ ਵੀ ਤੁਸੀਂ ਕਿਸੇ ਦੇ ਘਰ ਜਾਂਦੇ ਹੋ ਜਾਂ ਦੋਸਤਾਂ ਮਿੱਤਰਾਂ ਵਿੱਚ ਵਿਚਰ ਰਹੇ ਹੋ ਤਾਂ ਚੁੱਪ ਰਹੋ। ਸਾਰਿਆਂ ਦੀ ਗੱਲ ਨੂੰ ਧਿਆਨ ਨਾਲ ਸੁਣੋ। ਦੇਖਦੇ ਹਾਂ ਕਿ ਜੇ ਕਿਸੇ ਵੀ ਸਿਆਸੀ ਪਾਰਟੀ ਦੀ ਕੋਈ ਵੀ ਗੱਲ ਹੋ ਜਾਵੇ ਤਾਂ ਉਸ ਸਬੰਧੀ ਲੀਡਰ ਨੂੰ ਪੁੱਛਿਆ ਜਾਂਦਾ ਹੈ ਕਿ ਤੁਹਾਡੀ ਇਸ ਘਟਨਾ ਬਾਰੇ ਕੀ ਰਾਏ ਹੈ ? ਅਗਲਾ ਸਾਫ਼ ਸਾਫ਼ ਮਨਾ ਕਰ ਦਿੰਦਾ ਹੈ ਕਿ ਮੈਨੂੰ ਤਾਂ ਇਸ ਗੱਲ ਬਾਰੇ ਬਿਲਕੁਲ ਵੀ ਪਤਾ ਨਹੀਂ ਹੈ ।ਹਾਲਾਂਕਿ ਚਾਹੇ ਉਹ ਉਸ ਪਾਰਟੀ ਦਾ ਨੁਮਾਇੰਦਾ ਹੀ ਕਿਉਂ ਨਾ ਹੋਵੇ। ਜਿੱਥੇ ਤੁਹਾਨੂੰ ਲੱਗਦਾ ਹੈ ਕਿ ਤੁਹਾਡੇ ਬੋਲਣ ਨਾਲ ਕੋਈ ਤਕਰਾਰ ਹੋ ਜਾਂਦਾ ਹੈ ਤਾਂ ਉਸ ਥਾਂ ਤੇ ਵੈਸੇ ਤਾਂ ਜਾਣਾ ਹੀ ਨਹੀਂ ਚਾਹੀਦਾ। ਜੇ ਤੁਹਾਨੂੰ ਲੱਗਦਾ ਹੈ ਕਿ ਤੁਹਾਡਾ ਜਾਣਾ ਉਥੇ ਜਰੂਰੀ ਹੈ ਤਾਂ ਚੁੱਪ ਰਹੋ। ਜਦੋਂ ਤੱਕ ਤੁਹਾਨੂੰ ਕਿਹਾ ਨਾ ਜਾਏ ਜਾਂ ਤੁਹਾਡੇ ਤੋਂ ਕਿਸੇ ਵੀ ਵਿਸ਼ੇ ਤੇ ਸਲਾਹ ਮਸ਼ਵਰਾ ਨਹੀਂ ਲਿਆ ਜਾਂਦਾ ਉਦੋਂ ਤੱਕ ਬਿਲਕੁਲ ਚੁੱਪ ਰਹਿਣਾ ਚਾਹੀਦਾ ਹੈ ।ਦੇਖੋ ! ਸਾਰਿਆਂ ਦੀ ਗੱਲਾਂ ਨੂੰ ਨੋਟ ਕਰੋ। ਧਿਆਨ ਨਾਲ ਸੁਣੋ। ਹਾਂ ਜਿੱਥੇ ਕੁਝ ਗਲਤ ਹੋ ਰਿਹਾ ਹੈ, ਉਥੇ ਆਪਣੀ ਜਰੂਰ ਰਾਏ ਦੇਵੋ।

ਹਰ ਇਨਸਾਨ ਹਰ ਇੱਕ ਲਈ ਕਦੇ ਵੀ ਚੰਗਾ ਨਹੀਂ ਹੋ ਸਕਦਾ। ਜਦੋਂ ਤੁਹਾਡਾ ਕਿਸੇ ਮਿੱਤਰ ਨਾਲ ਪਿਆਰ ਹੁੰਦਾ ਹੈ, ਤਾਂ ਉਸ ਮਿੱਤਰ ਦੇ ਵੀ ਅੱਗੇ ਦੋਸਤ ਹੁੰਦੇ ਹਨ। ਉਹ ਜਰੂਰ ਤੁਹਾਨੂੰ ਦੱਸਣਗੇ ਕਿ ਇਹ ਬੰਦਾ ਸਹੀ ਨਹੀਂ ਹੈ ।ਚਾਹੇ ਤੁਹਾਡਾ ਉਸ ਇਨਸਾਨ ਨਾਲ ਸਲੂਕ ਬਹੁਤ ਚੰਗਾ ਕਿਉਂ ਨਾ ਹੋਵੇ। ਸੋ ਸਮਾਜ ਵਿੱਚ ਵਿਚਰਦੇ ਹੋਏ ਬਹੁਤ ਗੱਲਾਂ ਦਾ ਧਿਆਨ ਰੱਖਣਾ ਪੈਂਦਾ ਹੈ, ਕਿ ਕਿੱਥੇ ਤੁਹਾਡੀ ਕਦਰ ਹੋ ਰਹੀ ਹੈ ? ਕਿ ਕੌਣ ਤੁਹਾਨੂੰ ਭੰਡ ਰਿਹਾ ਹੈ ? ਇਹ ਤੁਹਾਡੇ ਆਪਣੇ ਹੱਥ ਹੁੰਦੀ ਹੈ ਕਿ ਤੁਸੀਂ ਆਪਣੀ ਇੱਜ਼ਤ ਕਿੱਥੇ ਕਰਵਾਉਣੀ ਹੈ।

**ਸੰਜੀਵ ਸਿੰਘ ਸੈਣੀ,**
**ਮੋਹਾਲੀ,7888966168**

# ਲਾਂਗਾ ਪੱਥਰ ਗੇਲਾ (ਕਹਾਣੀ)

ਗਿੰਦਰਾ, ਉਏ ਗਿੰਦਰਾ। ਡਾਕੂਆਂ ਦੇ ਜੱਗਸੀਰ ਨੇ ਗਿੰਦਰ ਕੇ ਬੂਹੇ ਅੱਗੇ ਮੋਟਰ ਸਾਈਕਲ ਖੜ੍ਹਾ ਕਰਕੇ ਉਸ ਨੂੰ ਉੱਚੀ ਉੱਚੀ ਦੋ ਆਵਾਜ਼ਾਂ ਮਾਰੀਆਂ। ਆਥਣ ਦਾ ਘੁਸਮੁਸਾ ਜਾ ਹੋ ਰਿਹਾ ਸੀ। ਵਿਸਾਖ ਮਹੀਨੇ ਦੇ ਪਹਿਲੇ ਪੱਖ ਨੇ ਹੀ ਆਪਣੀ ਆਮਦ ਉੱਤੇ ਕਣਕਾਂ ਦਾ ਰੰਗ ਵਟਾਅ ਦਿੱਤਾ ਸੀ ਅਤੇ ਵਾਢੀ ਲਈ ਦਾਤੀ ਪੈ ਗਈ ਸੀ। ਦੂਰ ਦੂਰ ਤੱਕ ਨਜ਼ਰ ਤੱਕਦੇ ਹੀ ਖੇਤਾਂ ਵਿੱਚ ਸੁਨਹਿਰੀ ਭਾਅ ਮਾਰ ਰਹੀ ਸੀ। ਡੁੱਬ ਰਹੇ ਸੂਰਜ ਨਾਲ਼, ਚੋਗਾ ਚੁਗਣ ਗਏ ਪੰਛੀ ਆਥਣੇ ਆਪਣੇ ਆਲ੍ਹਣਿਆਂ ਵੱਲ ਵਹੀਰਾਂ ਘੱਤ ਪਰਤ ਰਹੇ ਸਨ ਅਤੇ ਅਜੇ ਵੀ ਤੱਤੀ ਲੂਅ ਪਿੰਡੇ ਨੂੰ ਲੂੰਹਦੀ ਸੀ। ਗਿੰਦਰ ਅਜੇ ਹੁਣੇ ਹੀ ਖੇਤੋਂ ਕਣਕ ਵੱਢ ਕੇ ਘਰ ਆਇਆ ਸੀ। ਉਸਦੇ ਪਿੰਡੇ ਤੇ ਕਣਕ ਦੀ ਸਾਰੇ ਦਿਨ ਦੀ ਪਈ ਕੰਡ ਲੜ ਰਹੀ ਸੀ। ਸਿਰ ਤੇ ਬੰਨ੍ਹਿਆ ਸਾਫ਼ਾ ਲਾਹ ਉਸ ਨੇ ਧੌਣ ਤੇ ਆਏ ਮੁੜ੍ਹਕੇ ਨੂੰ ਪੂੰਝਿਆ ਤਾਂ ਉਸ ਦੇ ਸਾਫ਼ੇ ਵਿੱਚ ਲੱਗੇ ਕਸੀਰ ਧੌਣ ਉੱਤੇ ਚੁੱਭ ਗਏ। ਹਾਂ ਬਾਈ ,ਕੌਣ ਆ ? ਅੌਨਾ । ਉਸ ਨੇ ਵਿਹੜੇ ਵਿੱਚੋਂ ਹੀ ਅਵਾਜ਼ ਦਿੱਤੀ ਅਤੇ ਉਸੇ ਸਾਫ਼ੇ ਨੂੰ ਝਾੜ ਕੇ ਲੱਕ ਦੁਆਲ਼ੇ ਲਪੇਟ ਲਿਆ।ਬੂਹਾ ਖੋਲਦੇ ਹੀ ਗਿੰਦਰ ਬੋਲਿਆ, ÷ਜੱਗਸੀਰ ਬਾਈ ਆ, ਹਾਂ ਬਾਈ ,ਕੀ ਹੁਕਮ ਆ ?÷ ਗਿੰਦਰ ਨੇ ਸੱਜਾ ਹੱਥ ਆਪਣੇ ਮੱਥੇ ਵੱਲ ਨੂੰ ਉਲਾਰਦੇ ਹੋਏ ਪੁੱਛਿਆ।ਗਿੰਦਰਾ, ਦੋ ਕਿੱਲੇ ਨਿਆਈਂ ਵਾਲ਼ੀ ਕਣਕ ਦੇ ਆਏ ਪਏ ਨੇ , ਕੱਲ੍ਹ ਨੂੰ ਦਾਤੀ ਪਾ ਲਿਓ÷। ਜੱਗਸੀਰ ਨੇ ਮੋਟਰ ਸਾਈਕਲ ਤੇ ਬੈਠੇ ਨੇ ਕਿਹਾ ।ਬਾਈ, ਗੱਲ ਅਸਲ @ਚ ਇਹ ਆ ਕਿ ਮੇਜਰ ਕੇ ਤਿੰਨ ਦਿਨਾਂ ਦਾ ਕੰਮ ਰਹਿ ਗਿਆ, ਤਿੰਨ ਦਿਨ ਅਟਕ ਜਾ, ਫਿਰ ਤੇਰੇ ਲੱਗ ਜਾਂਗੇ, ਉਹ ਵੀ ਬਾਹਲ਼ੇ ਖਹਿੜੇ ਪੈਗੇ ਕਿ ਪਹਿਲਾਂ ਸਾਡੇ ਵੱਢੋ। ਗਿੰਦਰ, ਝੇਪ ਜਿਹੀ ਵਿੱਚ ਮਸਾਂ ਹੀ ਬੋਲਿਆ।ਓਏ, ਉਨ੍ਹਾਂ ਦੇ ਤੂੰ ਇੱਕ ਦਿਨ ਵੱਧ ਲਾ ਲਵੀਂ, ਸਾਡੇ ਭਰਜਾਈ ਤੇ ਜਬਾਕਾਂ ਨੂੰ ਘੱਲ ਦੇਵੀਂ ਕੱਲ੍ਹ ਨੂੰ÷। ਜੱਗਸੀਰ ਨੇ ਖਚਰੇ ਜੇ ਹਾਸੇ ਨਾਲ਼ ਕਿਹਾ।ਬਾਈ ਸਾਡੇ ਗਰੀਬਾਂ ਕੋਲ਼ੇ ਤਾਂ ਆਹ ਹੀ ਢਾਈ ਦਿਨ ਹੁੰਦੇ ਆ ,ਚਾਰ ਮਣ ਦਾਣੇ ਕੱਠੇ ਕਰਨ ਦੇ। ਚੱਲ ਕੋਈ ਨਾ ਦੇਖਦੇ ਹਾਂ ਤੜਕੇ, ਕਿਹੜੇ ਰਾਜੇ ਦੀ ਪਰਜਾ ਹੁੰਦੀ ਆ। ਗਿੰਦਰ ਨੇ ਬੇਬਸੀ ਜਿਹੀ ਜ਼ਾਹਿਰ ਕੀਤੀ। ਅਸਲ ਵਿੱਚ ਗਿੰਦਰ ਜੱਗਸੀਰ ਕੇ ਨਿਆਈਂ ਵਾਲੇ ਦੋ ਕਿੱਲੇ ਕਣਕ ਦੇ ਵੱਢਣ ਜਾਣਾ ਹੀ ਨਹੀਂ ਸੀ ਚਾਹੁੰਦਾ। ਸਾਲ਼ੇ ਢੇਡ ਨੇ, ਰਾਹ ਹੀ ਨਹੀਂ ਦਿੱਤਾ, ਜੱਗਸੀਰ ਮੂੰਹ ਵਿੱਚ ਹੀ ਬੁੜ- ਬੁੜਾਇਆ ਅਤੇ ਮੋਟਰਸਾਈਕਲ ਨੂੰ ਰੇਸ ਦੇ ਕੇ ਕੌਲੇ ਕੇ ਵਿਹੜੇ ਦੀ ਭੀੜੀ ਗਲੀ ਵਿੱਚੋਂ ਲੰਘ ਗਿਆ। ਜੱਗਸੀਰ ਕੇ ਲਾਣੇ ਨੂੰ ਸਾਰੇ ਗੰਗਾ ਪਿੰਡ ਵਿੱਚ ਡਾਕੂਆਂ ਕਾ ਲਾਣਾ ਕਹਿੰਦੇ ਸਨ। ਗੰਗਾ ,ਨਥਾਣੇ ਦੇ ਕੋਲ਼ ਛੋਟਾ ਜਿਹਾ ਪਿੰਡ ਹੈ। ਜੱਗਸੀਰ ਦੇ ਦਾਦੇ ਹੋਰੀ ਦੋ ਭਰਾ ਸਨ, ਜੈਬ ਤੇ ਨੈਬ। ਵੱਡਾ ਜੈਬ ਛੜਾ ਰਹਿ ਗਿਆ ਸੀ। ਛੋਟਾ ਨੈਬ ਕਾਮਾ ਹੋਣ ਕਰਕੇ ਵਿਆਹਾ ਗਿਆ ਸੀ। ਇਹਦੇ ਨੈਬ ਦੇ ਤਿੰਨ ਜਬਾਕ ਸਨ,ਦੋ ਕੁੜੀਆਂ ਤੇ ਇੱਕ ਮੁੰਡਾ। ਜੱਗਸੀਰ ਨੈਬ ਦਾ ਹੀ ਮੁੰਡਾ ਸੀ। ਜੈਬ ਵੈਲੀ ਸੀ ਅਤੇ ਡਾਕੂਆਂ ਨਾਲ ਰਲ਼ ਗਿਆ ਸੀ। ਨੇੜੇ -ਤੇੜੇ ਦੇ ਪਿੰਡਾਂ ਵਿੱਚ ਜੇ ਕਿਸੇ ਨੇ ਜ਼ਮੀਨ ਦਾ ਕਬਜ਼ਾ ਲੈਣਾ ਹੁੰਦਾ ਤਾਂ ਜੈਬ ਡਾਕੂ ਕੋਲ਼ੇ ਝੱਟ ਖ਼ਬਰ ਪਹੁੰਚ ਜਾਂਦੀ। ਉਹ ਸਾਝਰੇ ਹੀ ਚਿੱਟਾ ਕਲੀਆਂ ਵਾਲਾ ਕੁੜਤਾ ਪਾ , ਨਾਲ਼ ਚਿੱਟਾ ਹੀ ਚਾਦਰਾ, ਟੁਰਲੇ ਵਾਲੀ ਪੱਗ ਬੰਨ੍ਹ ਅਤੇ ਮੁੱਛਾਂ ਨੂੰ ਦੇ ਕੇ ਤਾਅ, ਦੁਨਾਲੀ ? ਮੋਢੇ ਲਟਕਾ ਕੇ ਲੱਕ ਨਾਲ਼ ਰੌਂਦਾਂ ਦੀ ਪੇਟੀ ਬੰਨ੍ਹ ਘੋੜੇ ਉੱਤੇ ਸਵਾਰ ਹੋ ਜਾਂਦਾ। ਉਸ ਦੀਆਂ ਮੋਟੀਆਂ ਮੋਟੀਆਂ ਅੱਖਾਂ ਵਿੱਚ ਅੰਗਾਰ ਦੱਗਦੇ ਸਨ। ਕੁਝ ਪਲ ਵੀ ਉਹਦੀਆਂ ਅੱਖਾਂ ਵੱਲ ਕੋਈ ਸਧਾਰਨ ਆਦਮੀ ਝਾਕ ਨਹੀਂ ਸੀ ਸਕਦਾ। ਗੰਗਾ ਦੇ ਆਸੇ ਪਾਸੇ ਦੇ ਪੰਜਾਹ ਪਿੰਡਾਂ ਦੇ ਲੋਕ ਨਥਾਣਾ,ਨਾਥਪੁਰਾ,ਗਿੱਦੜ, ਢੇਲਵਾਂ, ਪੂਹਲਾ ,ਪੂਹਲੀ, ਸੇਮਾ ਆਦਿ ਉਸ ਦੇ ਨਾਂ ਤੋਂ ਤ੍ਰਹਿੰਦੇ ਸਨ। ਜ਼ਮੀਨ ਦਾ ਕਬਜ਼ਾ ਲੈਣ ਪਿੱਛੋਂ ਜ਼ਮੀਨ ਦੇ ਮਾਲਕ ਉਸ ਨੂੰ ਕਿੱਲਾ ਜਾਂ ਦੋ ਕਿੱਲੇ ਜ਼ਮੀਨ ਬਖ਼ਸ਼ਿਸ਼ ਕਰ ਦਿੰਦੇ ਸਨ। ਵੱਢਾ- ਟੁੱਕੀ ਤੋਂ ਪਹਿਲਾਂ, ਅਬਾਦੀ ਘੱਟ ਹੋਣ ਕਰਕੇ ਉਹਨਾਂ ਸਮਿਆਂ ਵਿੱਚ ਜਮੀਨਾਂ ਖੁੱਲ੍ਹੀਆਂ ਹੋਇਆ ਕਰਦੀਆਂ ਸਨ। ਫਿਰ ਹੌਲੀ ਹੌਲੀ ਉਸਨੇ ਉਮਰ ਦੇ ਤਕਾਜ਼ੇ ਨਾਲ਼ ਜ਼ਮੀਨਾਂ ਦੇ ਕਬਜ਼ੇ ਲੈਣ ਜਾਣਾ ਛੱਡ ਦਿੱਤਾ, ਪਰ ਪਿੰਡ ਵਿੱਚ ਉਸਦਾ ਦਬਦਬਾ ਉਵੇਂ ਹੀ ਕਾਇਮ ਰਿਹਾ। ਹੁਣ ਉਹ ਕੀ ਕਰਦਾ ਕਿ ਪਿੰਡ ਦੇ ਹੀ ਕੁਝ ਥੋੜ੍ਹੀ ਜ਼ਮੀਨ ਵਾਲੇ ਵਿਹੜੇ ਵਾਲਿ ?ਆਂ ਦੀ ਜ਼ਮੀਨ ਦੇ ਉਹਨਾਂ ਨੂੰ ਥੋੜ੍ਹੇ ਪੈਸੇ ਦੇ ਕੇ ਅਤੇ ਵਹੀ ਉੱਤੇ ਦੁਗਣੇ ਪੈਸਿਆਂ ਦਾ ਅੰਗੂਠਾ ਲਵਾ ਕੇ ਹੜੱਪਣੀ ਸ਼ੁਰੂ ਕਰ ਦਿੱਤੀ। ਬਾਲਮੀਕੀਆਂ ਦਾ ਛੱਜੂ ਸੱਥ ਵਿੱਚ ਇਹ ਗੱਲ ਬੜੇ ਫ਼ਖ਼ਰ ਨਾਲ ਦੱਸਦਾ ਕਿ ਸਾਡੇ ਪੁਰਖਿਆਂ ਨੂੰ ਇਹ ਜ਼ਮੀਨ ਬਖ਼ਸ਼ਿਸ਼ ਵਿੱਚ ਮਿਲੀ ਹੋਈ ਹੈ। ਸਾਡੇ ਬਜ਼ੁਰਗਾਂ ਨੇ ਸਰਦਾਰਾਂ ਨਾਲ਼ ਲੜਾਈਆਂ ਵਿੱਚ ਹਿੱਸਾ ਲਿਆ, ਡਾਂਗ ਨਾਲ ਡਾਂਗ ਖੜਕਾਈ ਤਾਂ ਕਿਤੇ ਜਾ ਕੇ ਸਰਦਾਰਾਂ ਨੇ ਦਿੱਤੀਆਂ ਨੇ ਜ਼ਮੀਨਾਂ। ਨੈਬ ਨੇ ਜੈਬ ਨੂੰ ਬਹੁਤ ਵਾਰੀ ਸਮਝਾਇਆ ਵੀ, ਦੇਖ ਬਾਈ, ਕਬਜੇ ਲੈ ਲਾ ਜੀ ਸਦਕੇ ,ਪਰ ਪਿੰਡ ਵਿੱਚ ਇਹ ਕੰਮ ਨਾ ਕਰ, ਐਵੇਂ ਕਈ ਵਾਰ ਗਰੀਬ ਦੀ ਦੁਰਸੀਸ ਲੱਗ ਜਾਂਦੀ ਆ। ਓਏ ਨੈਬਿਆ, ਐਵੇਂ ਡਰੀ ਜਾਨਾ, ਮੇਰੀ ਕੋਈ ਸਾਲ਼ਾ ਵਾਅ ਵੱਲ ਨਹੀਂ ਝਾਕ ਸਕਦਾ, ਜੱਟ ਦੀ ਮੁੱਛ ਤੇ ਨਿੰਬੂ ਖੜਦੇ ਆ , ਸਾਲੇ ਦੀਆਂ ਅੱਖਾਂ ਕੱਢਦੂੰ, ਜੇ ਕੋਈ ਜੱਟ ਵੰਨੀ ਝਾਕ ਵੀ ਗਿਆ। ਅਤੇ ਜੈਬ ਹੰਕਾਰ ਵਿੱਚ ਆਇਆ ਪੈਰ ਧਰਤੀ ਤੇ ਪਟਕਾ ਮਾਰਦਾ। ਉਹਦੇ ਆਪਣੇ ਹੀ ਪੈਰਾਂ ਦੀ ਧਰਤੀ ਤੇ ਉੱਠੀ ਹੋਈ ਧੂੜ ਉਸਦੇ ਮੂੰਹ ਉੱਤੇ ਪੈ ਜਾਂਦੀ। ਨੈਬ ਨੀਵੀਂ ਜਿਹੀ ਪਾ ਕੇ ਆਪਣੇ ਕੰਮ ਲੱਗ ਜਾਂਦਾ।ਜੱਗਸੀਰ ਦਾ ਪਿਓ ਨੈਬ ਆਵਦੀ ਕਬੀਲਦਾਰੀ ਵਿੱਚ ਉਲਝ ਗਿਆ ਸੀ। ਉਸ ਨੇ ਦੋਨੋਂ ਕੁੜੀਆਂ ਵਿਆਹ ਦਿੱਤੀਆਂ ਸਨ। ਜੱਗਸੀਰ ਅਜੇ ਉਦੋਂ ਛੋਟਾ ਸੀ। ਗਿੰਦਰ ਨੇ ਸਵੇਰ ਦੇ ਬਾਲਟੀ ਵਿੱਚ ਧੁੱਪੇ ਪਏ ਕੋਸੇ ਪਾਣੀ ਨਾਲ ਨਹਾ ਕੇ ਰੋਟੀ ਖਾਧੀ ਅਤੇ ਆਪਣੇ ਘਰ ਵਾਲੀ ਪੰਮੋ ਨੂੰ ਅਵਾਜ਼ ਦਿੱਤੀ , ਮਖਿਆਂ ਬੋਲਦੀ ਨੀ, ਐਥੋਂ ਗੁੜ ਦੀ ਡਲੀ ? ਫੜਈਂ, ਸੰਘ @ਚ ਕੁਰਕਰੀ ਜੀ ਹੋਈ ਜਾਂਦੀ ਆ ਕੰਡ ਦੀ।ਸਵੇਰ ਦੀ ਤਾਂ ਭੌਂਕੀ ਜਾਂਦੀ ਸੀ, ਕਿ ਘਰੇ ਗੁੜ ਨੀ ਹੈਗਾ ,ਸਵੇਰ ਦੀ ਚਾਹ ਨੂੰ ਵੀ ,ਹੁਣ ਭਾਲਦਾ ਭੇਲੀ÷, ਪੰਮੋ ਨੇ ਖਿੱਝ ਕੇ ਜਵਾਬ ਦਿੱਤਾ।ਚੱਲ ਕੋਈ ਨਾ,ਔਖੀ ਭਾਰੀ ਕਿਉਂ ਹੁੰਨੀ ਆ ,ਹੁਣ ਜਾ ਕੇ ਲੈ ਆਉਨਾ, ਬੀਸੇ ਦੀ ਹੱਟੀ ਤੋਂ, ਅਜੇ ਖੁੱਲ੍ਹੀ ਹੋਊ । ਕਿੰਨਾ ਲਿਆਵਾਂ ? ਕੇਰਾਂ ਅੱਧਾ ਕਿਲੋ ਲਿਆਉਨਾ , ਫਿਰ ਮਗਰੋਂ ਲੈ ਆਵਾਂਗੇ÷। ਗਿੰਦਰ ਥੱਕਿਆ ਟੁੱਟਿਆ ਹੋਇਆ ਬੀਸੇ ਦੀ ਦੁਕਾਨ ਨੂੰ ਹੋ ਤੁਰਿਆ। ਬੀਸੇ, ਬਾਈ ਅੱਧਾ ਕਿਲੋ ਗੁੜ ਤੋਲੀ , ਪੈਸੇ ਝਰੀਟ ਲਵੀਂ÷ , ਗਿੰਦਰ ਨੇ ਸਿਰ ਦੇ ਪਰਨੇ ਨੂੰ ਠੀਕ ਕਰਦਿਆਂ ਕਿਹਾ।ਮੰਦਾ ਚੱਲਦਾ ਗਿੰਦਰਾ,ਪੱਲਾ ਵੀ ਪੂਰਾ ਨੀ ਝੜਦਾ, ਉਧਾਰ ਬੰਦ ਆ ਬਾਈ÷,ਬੀਸੇ ਨੇ ਮਿੱਠਾ ਜਾ ਜਵਾਬ ਦੇ ਦਿੱਤਾ।ਲਾਲਾ,ਬਸ ਦਸ ਦਿਨ ਹੋ ਠਹਿਰ ਜਾ, ਫਿਰ ਅਗਲਾ ਪਿਛਲਾ ਸਾਰਾ ਸਾਰਾ ਨਬੇੜ ਦੂੰ, ਗਿੰਦਰ ਨੇ ਬੀਸੇ ਅੱਗੇ ਲੇਲ੍ਹੜੀਆਂ ਕੱਢਦੇ ਹੋਏ ਕਿਹਾ। ਬੀਸੇ ਨੇ ਦਾਰੂ ਕੱਢਣ ਵਾਲਾ ਗੁੜ ਉਸ ਨੂੰ ਤੋਲ ਦਿੱਤਾ।ਮਖਿਆਂ ਬੋਲਦੀ ਨੀ, ਐਨੇ ਕੁ ਗੁੜ ਨਾਲ਼ ਹਫਤਾ ਦਸ ਦਿਨ ਕੱਢ ਲਿਓ, ਫਿਰ ਲੈ ਆਵਾਂਗੇ, ਬੀਸਾ ਐਵੇਂ ਵੱਟੀਆਂ ਜੀਆਂ ਝਾੜਦਾ ਸੀ, ਮੈਂ ਕਿਹਾ ਕਿਤੇ ਨੀ ਪਿੰਡੋਂ ਨਿਕਲਣ ਲੱਗੇ ,ਪਾਈ ਪਾਈ ਚੁਕਾ ਦਿਆਂਗੇ।ਗਿੰਦਰ ਨੇ ਅਗਲੇ ਹੀ ਸਾਹ ਪੰਮੋ ਨੂੰ ਕਿਹਾ,ਕਿਵੇਂ ਕਰੀਏ ਕੱਲ੍ਹ ਨੂੰ ਫਿਰ ? ਡਾਕੂਆਂ ਦੇ ਜਾਣਾ ਕਿ ਨਹੀਂ ? ਜੇ ਸੱਚ ਪੁੱਛੇਂ ਤਾਂ ਮੇਰਾ ਉੱਕਾ ਹੀ ਦਿਲ ਨਹੀਂ ਕਰਦਾ÷, ਗਿੰਦਰ ਨੇ ਪੰਮੋ ਦਾ ਮੂੰਹ ਸੁੰਘਣਾ ਚਾਹਿਆ। ਪੰਮੋ ਚੁੱਪ ਕਰ ਗਈ, ਉਸ ਨੇ ਕੋਈ ਹੁੰਗਾਰਾ ਨਾ ਦਿੱਤਾ। ਤਾਰਿਆਂ ਭਰੀ ਚੁੱਪਚਾਪ ਰਾਤ ਗਿੰਦਰ ਦੇ ਮਨ ਵਿੱਚ ਉੱਠੇ ਤੂਫਾਨ ਨੂੰ ਠੱਲ੍ਹ ਨਹੀਂ ਸੀ ਰਹੀ। ਉਹ ਬਾਣ ਦੇ ਮੰਜੇ ਉੱਤੇ ਪਿਆ ਤਾਰਿਆਂ ਵੱਲ ਟਿੱਕਟਿਕੀ ਲਾ ਵੇਖ ਰਿਹਾ ਸੀ। ਜੱਗਸੀਰ ਕੇ ਨਿਆਈਂ ਵਾਲੇ ਦੋ ਕਿੱਲੇ ਸੁਤੇ ਸਿਧ ਉਸ ਦੀ ਬੇਚੈਨੀ ਵਧਾ ਰਹੇ ਸਨ। ਉਸ ਨੂੰ ਪਤਾ ਹੀ ਨਾ ਲੱਗਿਆ ਕਦੋਂ ਪਿਆਂ ਪਿਆਂ ਉਸ ਦੀ ਸੁਰਤੀ ਗੇਲੇ ਵੱਲ ਚਲੀ ਗਈ।ਗੇਲਾ ਛੜਾ ਸੀ। ਨਾਂ ਤਾਂ ਉਸ ਦਾ ਗੁਰਮੇਲ ਸੀ, ਪਰ ਸਾਰੇ ਉਸ ਨੂੰ ਗੇਲਾ ਮਜ ?ਬੀ ਕਹਿੰਦੇ ਸਨ। ਆਪਣੀ ਜਵਾਨੀ ਦੇ ਦਿਨਾਂ ਵਿੱਚ ਸਾਰੇ ਵਿਹੜੇ ਵਾਲਿਆਂ ਉੱਤੇ ਉਸ ਦਾ ਰੋਅਬ ਸੀ। ਲੜਾਈ ਵਿੱਚ ਡਾਂਗ ਚਲਾਉਣ ਦਾ ਧਨੀ ਸੀ। ਇਸੇ

ਅੰਮ੍ਰਿਤਪਾਲ ਕਲੇਰ ਚੀਦਾ
ਸੰ. 9915780980

ਹੁਨਰ ਕਰਕੇ ਉਸ ਨੂੰ ਆਸੇ ਪਾਸੇ ਦੇ ਪਿੰਡਾਂ ਵਾਲੇ ਜ਼ਮੀਨ ਦੇ ਕਬਜੇ ਉੱਤੇ ਲੈ ਕੇ ਜਾਂਦੇ ਸਨ। ਗਿੰਦਰ ਨੂੰ ਯਾਦ ਆਇਆ ਕਿ ਬਾਪੂ ਦੱਸਦਾ ਹੁੰਦਾ ਸੀ, @ ਨਾਲ ਲਾਗੇ ਪਿੰਡ ਨਾਥਪੁਰੇ ਦੇ ਜ਼ਿਮੀਂਦਾਰਾਂ ਦੀ ਜ਼ਮੀਨ ਆਪਣੇ ਪਿੰਡ (ਗੰਗਾ) ਸੀ। ਮੁਜਾ ?ਰਿਆਂ ਨੇ ਉਹ ਜ਼ਮੀਨ ਨੱਪ ਲਈ। ਕਬਜ਼ਾ ਲੈਣ ਲਈ ਜ਼ਿਮੀਂਦਾਰਾਂ ਦੇ ਨਾਲ਼ ਗੇਲਾ ਵੀ ਸੀ। ਕਹਿੰਦੇ ਪੂਰਾ ਘੰਟਾ ਡਾਂਗਾ ਚੱਲੀਆਂ। ਅਖੀਰ ਨੂੰ ਮੁਜਾ ?ਰੇ ਜ਼ਮੀਨ ਛੱਡ ਕੇ ਭੱਜ ਗਏ। ਫਿਰ ਉਦੋਂ ਨਾਥਪੁਰੇ ਦੇ ਸਰਦਾਰਾਂ ਨੇ ਨਿਆਈਂ ਵਾਲੇ ਦੋ ਕਿੱਲੇ ਜ਼ਮੀਨ ਗੇਲੇ ਨੂੰ ਬਖਸ਼ਿਸ਼ ਕਰ ਦਿੱਤੀ। ਗੇਲੇ ਦੀ ਵਿਆਹ ਦੀ ਉਮਰ ਲੰਘ ਚੁੱਕੀ ਸੀ। ਉਸ ਨੇ ਆਪਣੇ ਭਾਣਜੇ ਨੂੰ ਘਰ ਮਿਹਰ ਰੱਖ ਲਿਆ। ਭਾਣਜੇ ਦਾ ਵਿਆਹ ਬੜੇ ਚਾਵਾਂ ਨਾਲ਼ ਕੀਤਾ। ਉਮਰ ਦੇ ਤਕਾਜ਼ੇ ਨਾਲ਼ ਗੇਲੇ ਤੋਂ ਬਹੁਤਾ ਕੰਮ ਧੰਦਾ ਨਾ ਹੁੰਦਾ। ਹੁਣ ਉਹ ਜੈਬ ਡਾਕੂ ਕੋਲ਼ੇ ਜਾਣ ਲੱਗ ਪਿਆ ਸੀ। ਜੈਬ ਵੀ ਉਹਨੂੰ ਮੁਸਕੜੀਏਂ ਹੱਸ ਕੇ ਬਿਠਾਉਂਦਾ। ਉਸਦੇ ਹਾਸੇ ਵਿੱਚ ਤਿਉਹ ਨਹੀਂ, ਸਗੋਂ ਧੋਖਾ ਹੁੰਦਾ।ਇਕ ਦਿਨ ਗੇਲਾ ਉਸ ਕੋਲ਼ ਚੁੱਪ ਚਾਪ ਜੇ ਜਾ ਕੇ ਬੈਠ ਗਿਆ। ਭਾਂਪ ਜੈਬ ਵੀ ਗਿਆ ਕਿ ਲੱਗਦਾ ਮੁਰਗਾ ਆਪੇ ਹੀ ਫਸ ਗਿਆ। ਉਸ ਨੇ ਪੈਰ ਵਿੱਚ ਪਾਏ ਜੋੜੇ ਨੂੰ ਲਾਹ ਕੇ ਝਾੜਿਆ ਅਤੇ ਨਿੰਮੋਝੂਣਾ ਜਾ ਹੋ ਕੇ ਕਿਹਾ, ਜੈਬ ਸਿਆਂ ,ਕੁਝ ਰੁਪਿਆਂ ਦੀ ਲੋੜ ਆ।ਗੇਲਿਆ ਜੈਬ ਦੇ ਹੁੰਦਿਆਂ ਤੂੰ ਥੁੜ੍ਹ ਕੇ ਬੈਠੇਂ ? ਦਸ ਕਿੰਨੇ ਰੁਪੀਏ ਚਾਹੀਦੇ ਨੇ ?÷ ਜੈਬ ਨੇ ਮੁੱਛਾਂ ਨੂੰ ਤਾਅ ਦੇ ਕੇ ਗਹਿਰੀ ਅੱਖ ਨਾਲ਼ ਗੇਲੇ ਵੱਲ ਝਾਕ ਕੇ ਕਿਹਾ।

ੱਡੇ ਬਾਈ ਸੌ ਕੁ ਰੁਪੀਏ ਚਾਹੀਦੇ ਸੀ÷। ਇੰਨਾ ਕਹਿ ਕੇ ਗੇਲੇ ਨੇ ਨੀਵੀਂ ਜਿਹੀ ਪਾ ਲਈ। ਉਸ ਸਮੇਂ ਚਾਂਦੀ ਦੇ ਰੁਪੀਏ ਹੋਇਆ ਕਰਦੇ ਸਨ। ਜੈਬ ਅੰਦਰਲੀ ਸਬ੍ਹਾਤ ਵਿੱਚ ਗਿਆ ਅਤੇ ਤੌੜੇ @ਚੋਂ ਚਾਂਦੀ ਦੇ ਰੁਪਈਏ ਬੁੱਕ ਭਰ ਕੇ ਸਾਫ਼ੇ ਦੇ ਲੜ @ਚ ਪਾ ਲਏ। ਬਾਹਰ ਮੰਜੇ ਤੇ ਆ ਕੇ ਇੱਕ ਇੱਕ ਰੁਪੀਆ ਗਿਣ ਕੇ ਗੇਲੇ ਨੂੰ ਦੇ ਦਿੱਤੇ ਅਤੇ ਵਹੀ ਤੇ ਅੰਗੂਠਾ ਲਵਾ ਲਿਆ। ਕਰਦੇ ਕਰਾਉਂਦੇ ਗੇਲੇ ਨੇ ਸਾਲ ਵਿੱਚ ਤਿੰਨ ਚਾਰ ਵਾਰੀ ਜੈਬ ਤੋਂ ਰੁਪੀਏ ਲੈ ਲਏ। ਜੈਬ ਵਹੀ ਉੱਤੇ ਗੇਲੇ ਤੋਂ ਦੁਗਣੇ ਪੈਸਿਆਂ ਦਾ ਅੰਗੂਠਾ ਲਵਾ ਲੈਂਦਾ। ਇਕ ਦਿਨ ਗੇਲਾ ਫਿਰ ਪੈਸੇ ਮੰਗਣ ਆ ਗਿਆ। ਜੈਬ ਦੇ ਤੇਵਰ ਬਦਲ ਗਏ। ਗੇਲੇ ਨੂੰ ਦੇਖਦੇ ਹੀ ਉਸਨੇ ਕਿਹਾ, ÷ਕਿਧਰ ਮੂੰਹ ਚੱਕਿਆ ਉਏ ਢੇਡਾ ÷ ? ਗੇਲਾ ਇੱਕ ਦਮ ਠਠੰਬਰ ਗਿਆ ਅਤੇ ਮਸਾਂ ਹੀ ਬੋਲਿਆ ,÷ਬਾਈ , ਰੁਪੀਈਆਂ ਦੀ ਲੋੜ ਸੀ÷। ਕਿਹੜੇ ਉਏ ਰੁਪੀਏ ?, ਭਾਜਾ ਇਥੋਂ, ਸਾਲਾ ਰੁਪੀਆਂ ਦਾ, ਨਾਲ਼ੇ ਗੱਲ ਸੁਣ ਲਾ ਉਹ ਨਿਆਂਈਂ ਵਾਲੇ ਦੋ ਕਿੱਲੇ ਸਾਡੇ ਹੋਗੇ ਨੇ, ਜੇ ਉਸ ਵਿੱਚ ਪੈਰ ਵੀ ਧਰਿਆ ਲੱਤਾਂ ਵੱਢ ਦੂੰ, ÷ ਜੈਬ ਦੀਆਂ ਅੱਖਾਂ ਵਿੱਚ ਲਹੂ ਉਤਰ ਆਇਆ ਸੀ,। ਬਾਈ ਤੂੰ ਤਾਂ ਮੇਰਾ ਵੱਡਾ ਭਾਈ ਆਂ÷, ਗੇਲੇ ਦੀਆ ਥਾਂਏ ਗਈਆਂ ਅਤੇ ਉਸਦੇ ਗਲੇ ਵਿੱਚ ਸ਼ਬਦ ਅਟਕ ਗਏ।ਕਿਹੜਾ ਉਏ ਭਾਈ ?, ਅਖੇ ਜਾਤ ਦੀ ਕੋੜ੍ਹ ਕਿਰਲੀ, ਸ਼ਤੀਰਾਂ ਨਾਲ ਜੱਫੇ, ਦਫਾ ਹੋ ਜਾ ਇਥੋਂ ,ਮੁੜ ਕੇ ਨਾ ਦਿਸੀਂ ਇੱਧਰ । ਗੇਲੇ ਦੇ ਪੈਰਾਂ ਹੇਠੋਂ ਜ਼ਮੀਨ ਨਿਕਲ਼ ਗਈ। ਬਹੁਤਾ ਹੇਜ ਜਤਾਉਣ ਵਾਲਾ ? ਜੈਬ ਅੱਜ ਭੇੜੀਏ ਦਾ ਰੂਪ ਧਾਰਨ ਕਰ ਗਿਆ ਸੀ। ਉਸ ਦੀਆਂ ਅੱਖਾਂ ਮੂਹਰੇ ਨੇਰ੍ਹਾ ਆ ਗਿਆ। ਉਹ ਭਾਰੇ ਕਦਮੀਂ ਕੌਲੇ ਕੇ ਵਿਹੜੇ ਵੱਲ ਨੂੰ ਹੋ ਤੁਰਿਆ। ਮਖਿਆਂ, ਅਜੇ ਜਾਗਦਾ ਪਿਆਂ ? ਨੀਂਦ ਨੀ ਆਈ ?÷, ਪੰਮੋ ਨੇ ਤਾਰਿਆਂ ਬੰਨੀ ਬਿਟਰ ਬਿਟਰ ਝਾਕਦੇ ਗਿੰਦਰ ਨੂੰ ਹਲੂਣਾ ਦੇ ਕੇ ਪੁੱਛਿਆ। ਗਿੰਦਰ ਤ੍ਰੱਬਕ ਗਿਆ। ÷ਨਹੀਂ ,ਕੁੱਝ ਨਹੀਂ ,÷।ਪੰਮੋ ਪਾਣੀ ਦਾ ਗਿਲਾਸ ਪੀ ਕੇ ਪੈ ਗਈ। ਗਿੰਦਰ ਦੀ ਸੁਰਤੀ ਫਿਰ ਗੇਲੇ ਵਿੱਚ ਪਹੁੰਚ ਗਈ।ਅੱਠ ਨੌ ਮਹੀਨਿਆਂ ਬਾਅਦ ਗੇਲੇ ਦਾ ਭਾਣਜਾ ਅਤੇ ਉਹਦਾ ਪਰਿਵਾਰ ਗੇਲੇ ਨੂੰ ਛੱਡ ਕੇ ਆਪਣੇ ਪਿੰਡ ਚਲੇ ਗਏ। ਆਖੇ ਅਸੀਂ ਤਾਂ ਰੇਤ ਦੀ ਮੁੱਠੀ ਦੀ ਖ਼ਾਤਰ ਆਏ ਸੀ। ਜੇ ਜ਼ਮੀਨ ਹੀ ਨਾ ਰਹੀ ਤਾਂ ਅਸੀਂ ਕੀ ਕਰਨਾ ਇੱਥੇ ਰਹਿ ਕੇ। ਹੁਣ ਗੇਲਾ ਕੱਲਾ ਰਹਿ ਗਿਆ ਸੀ। ਦੋ ਮਹੀਨੇ ਆਵਦੇ ਛੱਤੜੇ ਹੇਠਾਂ ਚੁੱਪਚਾਪ ਕੱਲਾ ਪਿਆ ਰਿਹਾ। ਗੁਆਂਢੀ ਜੇ ਰੋਟੀ ਦੇ ਦਿੰਦੇ ਤਾਂ ਉਹ ਖਾ ਲੈਂਦਾ, ਨਹੀਂ ਉਵੇਂ ਹੀ ਪਿਆ ਰਹਿੰਦਾ। ਹੁਣ ਉਹ ਕਮਲ਼ਾ ਹੋਇਆ ਗਲ਼ੀਆਂ ਵਿੱਚ ਆਪ ਮੁਹਾਰੇ ਬੋਲਦਾ ਅਤੇ ਘੁੰਮਦਾ ਰਹਿੰਦਾ। ਬਹੂ ਕਦੋਂ ਆਊਗੀ, ਰੋਟੀ ਕਿੱਥੋਂ ਖਾਵਾਂਗੇ, ਬਹੂ ਕਿੱਥੇ ਬੈਠੂਗੀ, ਮੰਜਾ ਕਿੱਥੇ ਡਾਹਾਂਗੇਂ, ਪੀੜ੍ਹੀ ਕਿੱਥੇ ਡਾਹਾਂਗੇਂ । ਇਕ ਦਿਨ ਉਸ ਨੂੰ ਕੀ ਸੁੱਝਿਆ ਕਿ, ਰੂੜੀ ਤੋਂ ਲਾਲ ਰੰਗ ਦੀਆਂ ਲੀਰਾਂ ਚੁੱਕ ਲਈਆਂ । ਉਹਨਾਂ ਨੂੰ ਸੋਟੀ ਤੇ ਲਪੇਟ ਕੇ ਬੰਨ੍ਹ ਲਿਆ। ਬੀਹੀਆਂ ਵਿੱਚ ਉੱਚੀ ਉੱਚੀ ਬੋਲਦਾ ਫਿਰੇ , ਅੱਜ ਬਹੂ ਆਊਗੀ, ਪੀੜ੍ਹੀ ਕਿੱਥੇ ਡਾਹਾਂਗੇਂ, ਜੈਬ ਤੇਰਾ ਕੱਖ ਨਾ ਰਹੇ, ਤੈਨੂੰ ਅੰਬਰੋਂ ਪੱਥਰ ਪੈਣ, ਤੈਨੂੰ ਲਾਲ ਬਾਬਾ ਚੱਕ ਲੇ।ਹੁਣ ਉਹ ਗਲ਼ੀ ਵਿੱਚ ਲੰਘਦੇ ਜਾਂਦੇ ਦੇ ਮੂਹਰੇ ਹੋ ਕੇ ਲੀਰਾਂ ਲਪੇਟੀ ਸੋਟੀ ਦਿਖਾ ਕੇ ਕਹਿਣ ਲੱਗ ਜਾਂਦਾ ,÷ਮੇਰੇ ਕੋਲ਼, ਲਾਲ ਬਾਬਾ ਹੈ, ਆਹ ਦੇਖ, ਜੈਬ ਨੂੰ ਅੰਬਰੋਂ ਪੱਥਰ ਪੈਣਗੇ, ਮੈਨੂੰ ਲਾਲ ਬਾਬੇ ਨੇ ਦੱਸਿਆ ।ਫਿਰ ਉਹੀ ਧੁਨ ਛੇੜ ਲੈਂਦਾ,÷ਬਹੂ ਕਦੋਂ ਆਊਗੀ, ਪੀੜ੍ਹੀ ਕਿੱਥੇ ਡਾਹਾਂਗੇਂ, ਮੰਜਾ ਕਿੱਥੇ ਡਾਹਾਂਗੇਂ ,ਬਹੂ ਕਿੱਥੇ ਬੈਠੂਗੀ ।ਵਿਸਾਖ ਮਹੀਨੇ ਦਾ ਅੱਧ ਸੀ। ਗੇਲਾ ਰਾਤ ਨੂੰ ਜੈਬ ਕੇ ਦਰਵਾਜੇ ਅੱਗੇ ਆ ਕੇ ਬੈਠ ਗਿਆ ਅਤੇ ਸਵੇਰੇ ਨੂੰ ਮੁੱਕਿਆ ਪਿਆ ਸੀ। ਲੀਰਾਂ ਸੋਟੀ ਨਾਲੋਂ ਖੋਲ੍ਹ ਗੁੱਟ ਤੇ ਬੰਨ੍ਹੀਆਂ ਹੋਈਆਂ ਸਨ। ਵਿਹੜੇ ਵਾਲਿ ?ਆਂ ਨੇ ਚੁੱਕ ਕੇ ਸਸਕਾਰ ਕਰ ਦਿੱਤਾ। ਉਸੇ ਦਿਨ ਪਿਛਲਾ ਕੁ ਪਹਿਰ ਸੀ। ਤਪਾੜ ਪਿਆ ਮਾਰਦਾ ਸੀ। ਜੈਬ ਨਿਆਂਈਂ ਵਾਲ਼ੀ ਜ਼ਮੀਨ ਵਿੱਚ ਲਾਂਗਾਂ ਕੱਠਾ ਕਰਦੇ ਦਿਹਾੜੀਆਂ ਕੋਲ਼ ਗੇੜਾ ਮਾਰਨ ਚਲਾ ਗਿਆ। ਛੋਟੀ ਜਿਹੀ ਬੱਦਲੀ ਪੂਰਬ@ਚੋਂ ਉੱਠੀ ਅਤੇ ਦੇਖਦੇ ਹੀ ਦੇਖਦੇ ਕਣੀਆਂ ਪੈਣ ਲੱਗ ਗਈਆਂ। ਜੈਬ ਅਜੇ ਲਾਂਗੇ ਦੀ ਮੰਡਲੀ ਕੋਲ਼ ਗਿਆ ਹੀ ਸੀ ਕਿ, ਇੱਕਦਮ ਜ਼ੋਰ ਦੀ ਬਿਜਲੀ ਕੜਕੀ। ਅੱਖਾਂ ਚੁੰਧਿਆਉਂਦੀ ਰੌਸ਼ਨੀ ਦੀ ਤਾਰ ਤੇਜ਼ੀ ਨਾਲ਼ ਧਰਤੀ ਵੱਲ ਆਈ। ਬਹੁਤ ਜ਼ੋਰ ਦੀ ਖੜਕਾ ਹੋਇਆ। ਦੇਖਦੇ ਹੀ ਦੇਖਦੇ ਲਾਂਗੇ ਦੀਆਂ ਲਾਟਾਂ ਅਸਮਾਨ ਛੂਹਣ ਲੱਗੀਆਂ। ਪਿੰਡ ਵਿੱਚ ਰੌਲ਼ਾ ਪੈ ਗਿਆ ਕਿ, ÷ਜੈਬ ਉੱਤੇ ਬਿਜਲੀ ਡਿੱਗ ਪਈ,ਥਾਂਏ ਹੀ ਸੜ ਗਿਆ , ਤੇ ਨਾਲ਼ੇ ਸਾਰਾ ਲਾਂਗਾਂ ਸੁਆਹ ਹੋ ਗਿਆ।ਗਿੰਦਰ ਨੇ ਲੰਮਾ ਹਾਉਕਾ ਭਰਿਆ, ਪਰਨੇ ਨਾਲ ਮੱਥੇ ਤੇ ਆਇਆ ਮੁੜ੍ਹਕਾ ਪੂੰਝਿਆ, ਅਸਮਾਨ ਵੱਲ ਤੱਕਿਆ, ਉਸ ਨੂੰ ਪੂਰਬ ਵੱਲ ਸੂਹੀ ਭਾਅ ਮਾਰਦੀ ਦਿਸੀ।

## ਰੱਬ ਦਾ ਵਰਕਾ...

ਕਾਫੀ ਸਮਾਂ ਪਹਿਲਾਂ ਮੈਨੂੰ ਕਿਸੇ ਹੋਰ ਸਕੂਲ ( ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਦਸਗਰਾਈਂ ) ਵਿਖੇ ਡਿਊਟੀ ਦੇਣ ਦਾ ਸੁਭਾਗ ਪ੍ਰਾਪਤ ਹੋਇਆ ਤੇ ਮੈਂ ਸਕੂਲ ਵਿੱਚ ਪਹੁੰਚ ਕੇ ਪੜ੍ਹਾਈ ਕਰਵਾਉਣ ਤੋਂ ਬਾਅਦ ਬੱਚਿਆਂ ਦੀਆਂ ਕਾਪੀਆਂ ਦਾ ਕੰਮ ਦੇਖਣ ਲੱਗ ਪਿਆ। ਕੁਝ ਸਮੇਂ ਬਾਅਦ ਇੱਕ ਬੱਚੀ ਆਪਣਾ ਕੰਮ ਮੈਨੂੰ ਦਿਖਾਉਣ ਲਈ ਲਿਆਈ। ਅੱਜ ਉਸ ਨੇ ਆਪਣਾ ਕੰਮ ਇੱਕ ਨਵੀਂ ਕਾਪੀ @ਤੇ ਕੀਤਾ ਹੋਇਆ ਸੀ। ਉਸਨੇ ਬੜੇ ਚਾਅ ਨਾਲ ਮੈਨੂੰ ਦੱਸਿਆ , ÷ ਸਰ ਜੀ ! ਕੱਲ੍ਹ ਮੇਰੇ ਪਾਪਾ ਮੇਰੇ ਲਈ ਇਹ ਨਵੀਂ ਕਾਪੀ ਲਿਆਏ । ÷ ਉਸ ਬੱਚੀ ਦੀ ਖੁਸ਼ੀ ਦਾ ਕੋਈ ਠਿਕਾਣਾ ਨਹੀਂ ਸੀ। ਮੈਂ ਵੀ ਉਸ ਦੀ ਨਵੀਂ ਸੁੰਦਰ ਕਾਪੀ ਦੀ ਦਿਲੋਂ ਤਾਰੀਫ ਕੀਤੀ ਤੇ ਉਸ ਬੱਚੀ ਦੀ ਖੁਸ਼ੀ ਮੈਨੂੰ ਵੀ ਬਹੁਤ ਚੰਗੀ ਲੱਗੀ। ਜਦੋਂ ਉਸ ਨਿੱਕੀ - ਪਿਆਰੀ ਬੱਚੀ ਦੀ ਕਾਪੀ ਖੋਲ ਕੇ ਮੈਂ ਉਸਦਾ ਕੰਮ ਦੇਖਣ ਲੱਗਾ ਤਾਂ ਸਭ ਤੋਂ ਪਹਿਲਾਂ ਮੇਰੀ ਨਜ਼ਰ ਉਸ ਦੀ ਕਾਪੀ ਦੇ ਪਹਿਲੇ ਸਫੇ @ਤੇ ਪਈ। ਉਸ ਨਿੱਕੀ - ਪਿਆਰੀ ਬੱਚੀ ਨੇ ਉਸ ਪਹਿਲੇ ਸਫੇ @ਤੇ ਲਿਖਿਆ ਸੀ ÷ ਰੱਬ ਦਾ ਵਰਕਾ ÷। ਉਸਨੇ ਸਕੂਲ ਦਾ ਕੰਮ ਅਗਲੇ ਸਫੇ ਤੋਂ ਕਰਨਾ ਸ਼ੁਰੂ ਕੀਤਾ ਹੋਇਆ ਸੀ। ਜਦੋਂ ਮੈਂ ਉਸ ਨੂੰ ਇਸ ਬਾਰੇ ਪੁੱਛਿਆ ਤਾਂ ਉਸਨੇ ਬੜੀ ਮਾਸੂਮੀਅਤ ਅਤੇ ਰੱਬ ਪ੍ਰਤੀ ਆਪਣੀ ਆਸਥਾ ਤੇ ਭਾਵਨਾ ਵਿਅਕਤ ਕਰਦੇ ਹੋਏ ਕਿਹਾ , ÷ ਸਰ ਜੀ ! ਜਦੋਂ ਮੇਰੇ ਪਿਤਾ ਜੀ ਨੂੰ ਕੰਮ ਦੇ ਪੈਸੇ ਮਿਲਦੇ ਹਨ ਤਾਂ ਉਹ ਲੋੜਵੰਦਾਂ ਦੀ ਮਦਦ ਲਈ ਕੁਝ ਪੈਸੇ ਵੱਖਰੇ ਕੱਢ ਲੈਂਦੇ ਹਨ ਤੇ ਜਦੋਂ ਮੇਰੀ ਮੰਮੀ ਰੋਟੀ ਬਣਾਉਂਦੀ ਹੈ ਤਾਂ ਪਹਿਲੀ ਰੋਟੀ ਰੱਬ ਲਈ ਕੱਢ ਦਿੰਦੀ ਹੈ। ਇਸੇ ਤਰ੍ਹਾਂ ਮੇਰੇ ਸਰ ਜੀ ( ਸ਼੍ਰੀ ਪਵਨ ਕੁਮਾਰ ਬ੍ਰਹਮਪੁਰੀ ਜੀ ) ਨੇ ਵੀ ਮੈਨੂੰ ਲੋਕਾਂ ਦੀ ਭਲਾਈ ਕਰਨ ਲਈ ਸਮਝਾਇਆ ਹੈ। ÷ ਜਦੋਂ ਮੈਂ ਉਸ ਨਿੱਕੀ ਪਿਆਰੀ ਬੱਚੀ ਨੂੰ ਉਸਦੇ ਜਮਾਤ ਇੰਚਾਰਜ ਬਾਰੇ ਪੁੱਛਿਆ ਤਾਂ ਉਸ ਨੇ ਦੱਸਿਆ ਕਿ ਮੈਨੂੰ ਸ਼੍ਰੀ ਪਵਨ ਕੁਮਾਰ ਬ੍ਰਹਮਪੁਰੀ ਜੀ ਅਧਿਆਪਕ ਪੜਾਉਂਦੇ ਹਨ ਅਤੇ ਮੇਰੇ ਸਕੂਲ ਮੁਖੀ ਸ਼੍ਰੀ ਸੁਰਿੰਦਰ ਕੁਮਾਰ ਕਾਲੀਆ ਜੀ ਹਨ। ਇਸ ਦੇ ਨਾਲ ਹੀ ਉਸਨੇ ਮਾਸੂਮੀਅਤ ਭਰੀ ਮਿੱਠੀ ਤੇ ਪਿਆਰੀ ਆਵਾਜ਼ ਵਿੱਚ ਮੈਨੂੰ ਕਿਹਾ , ÷ ਸਰ ਜੀ ! ਮੈਂ ਅਜੇ ਪੈਸੇ ਨਹੀਂ ਕਮਾਉਂਦੀ। ਫਿਰ ਹੁਣ ਜਦੋਂ ਮੇਰੇ ਪਾਪਾ ਮੇਰੇ ਲਈ ਨਵੇਂ ਕਾਪੀ ਲੈ ਕੇ ਆਏ ਤਾਂ ਮੈਂ ਇਸ ਕਾਪੀ ਦਾ ਪਹਿਲਾ ਵਰਕਾ ( ਸਫਾ ) ਰੱਬ ਜੀ ਲਈ ਰੱਖ ਦਿੱਤਾ ਹੈ। ÷ ਐਨੀ ਛੋਟੀ ਉਮਰ ਵਿੱਚ ਉਸ ਨਿੱਕੀ - ਪਿਆਰੀ ਬੱਚੀ ਨੂੰ ਉਸਦੇ ਸਤਿਕਾਰਯੋਗ ਅਧਿਆਪਕਾਂ , ਸਕੂਲ ਸਟਾਫ ਅਤੇ ਉਸਦੇ ਮਿਹਨਤੀ ਤੇ ਆਸਤਿਕ ਪਰਿਵਾਰ ਵੱਲੋਂ ਮਿਲੇ ਵਡਮੁੱਲੇ ਸੰਸਕਾਰ ਅਤੇ ਉਸ ਬੱਚੀ ਦੀ ਪਰਮਾਤਮਾ ਪ੍ਰਤੀ ਆਸਥਾ , ਸ਼ਰਧਾ , ਪਰਉਪਕਾਰ ਅਤੇ ਮਾਸੂਮੀਅਤ ਤੇ ਕੋਮਲ ਜਿਹੀ ਭਾਵਨਾ ਦੇਖ ਕੇ ਮੈਂ ਵੀ ਪ੍ਰਭਾਵਿਤ ਹੋਏ ਬਿਨ੍ਹਾਂ ਨਹੀਂ ਰਹਿ ਸਕਿਆ। ਅੱਜ ਵੀ ਉਸ ਕੋਮਲ ਤੇ ਪਿਆਰੀ ਜਿਹੀ ਨਿੱਕੀ ਬੱਚੀ ਦੁਆਰਾ ਕਾਪੀ ਦੇ ਪਹਿਲੇ ਸਫੇ ਤੇ ਲਿਖੇ ਸ਼ਬਦ ÷ ਰੱਬ ਦਾ ਵਰਕਾ ÷ ਅਤੇ ਉਸ ਬੱਚੀ ਦਾ ਆਸਥਾ ਭਰਪੂਰ ਚਿਹਰਾ ਅੱਜ ਵੀ ਮੇਰੇ ਮਨ - ਮਸਤਕ ਪਟਲ @ਤੇ ਘੁੰਮਦਾ ਰਹਿੰਦਾ ਹੈ ਤੇ ਮੈਂ ਉਸ ਪਿਆਰੀ ਜਿਹੀ ਬੱਚੀ ਦੇ ਸਮਰਪਣ ਨੂੰ , ਉਸਦੇ ਅਧਿਆਪਕਾਂ ਨੂੰ ( ਸ੍ਰੀ ਪਵਨ ਕੁਮਾਰ ਬ੍ਰਹਮਪੁਰੀ ਜੀ ਅਤੇ ਸ੍ਰੀ ਸੁਰਿੰਦਰ ਕੁਮਾਰ ਕਾਲੀਆ ਜੀ ) ਅਤੇ ਉਸਦੇ ਮਾਤਾ - ਪਿਤਾ ਜੀ ਨੂੰ ਵੀ ਦਿਲੋਂ ਸਲਾਮ ਕਰਦਾ ਹਾਂ। ਸੱਚਮੁੱਚ ! ਅਧਿਆਪਕਾਂ , ਮਾਪਿਆਂ ਅਤੇ ਪਰਿਵਾਰ ਵੱਲੋਂ ਦਿੱਤੇ ਗਏ ਸੰਸਕਾਰ ਤੇ ਚੰਗੀਆਂ ਸਿੱਖਿਆਵਾਂ ਇਹਨਾਂ ਨਿੱਕੇ ਬੱਚਿਆਂ ਦੇ ਕੋਮਲ ਮਨ @ਤੇ ਬਹੁਤ ਗਹਿਰਾ ਤੇ ਚੰਗਾ ਪ੍ਰਭਾਵ ਪਾਉਂਦੇ ਹਨ ; ਜੋ ਕਿ ਭਵਿੱਖ ਵਿੱਚ ਚੰਗੇ ਸਮਾਜ ਦੀ ਸਿਰਜਣਾ ਲਈ ਮਹੱਤਵਪੂਰਨ ਯੋਗਦਾਨ ਪਾਉਂਦੇ ਹਨ ਅਤੇ ਦੇਸ਼ ਨੂੰ ਚੰਗੇ ਨਾਗਰਿਕ ਪ੍ਰਦਾਨ ਕਰਦੇ ਹਨ।

ਸਟੇਟ ਐਵਾਰਡੀ ਮਾਸਟਰ ਸੰਜੀਵ ਧਰਮਾਣੀ
9478561356

## ਤੁਹਾਡਾ ਕੀ ਜਾਣਾ/ਮਿੰਨੀ ਕਹਾਣੀ

ਥੱਕਿਆ, ਟੁੱਟਿਆ ਸੁਰਿੰਦਰ ਪੁਰੀ ਮੈਡੀਕਲ ਸਟੋਰ ਤੋਂ ਜਦੋਂ ਸ਼ਾਮ ਨੂੰ ਘਰ ਪੁੱਜਾ, ਤਾਂ ਉਸ ਦੀ ਮੰਮੀ ਨੇ ਕਿਹਾ, ਵੇ ਕਾਕਾ, ਬਲਜੀਤ ਤਾਂ ਮੇਰੇ ਨਾਲ ਵੱਧ, ਘੱਟ ਬੋਲ ਕੇ ਪੇਕਿਆਂ ਨੂੰ ਚਲੀ ਗਈ ਆ। ਮੈਂ ਉਸ ਨੂੰ ਬਥੇਰਾ ਮੋੜ ਹਟੀ,ਪਰ ਉਹ ਰੰਘੜੀ ਮੁੜੀ ਨਹੀਂ। ਤੇਰਾ ਡੈਡੀ ਵੀ ਉਸ ਦੀਆਂ ਮਿੰਨਤਾਂ ਕਰ ਹਟਿਆ।

ਸਵੇਰੇ ਮੈਂ ਉਸ ਨੂੰ ਚੰਗੀ, ਭਲੀ ਛੱਡ ਕੇ ਗਿਆਂ। ਮੰਮੀ ਮੈਂ ਤੈਨੂੰ ਬਥੇਰੀ ਵਾਰੀ ਕਿਹਾ ਕਿ ਤੂੰ ਉਸ ਦੇ ਨਾਲ ਵੱਧ, ਘੱਟ ਨਾ ਬੋਲਿਆ ਕਰ। ਬਹੁਤਾ ਉਸ ਤੇ ਹੁਕਮ ਨਾ ਚਲਾਇਆ ਕਰ ਤੇ ਉਸ ਦੇ ਕੀਤੇ ਕੰਮਾਂ ਵਿੱਚ ਨੁਕਸ ਨਾ ਕੱਢਿਆ ਕਰ, ਪਰ ਤੂੰ ਮੰਨਦੀ ਹੀ ਨਹੀਂ। ਤੇਰੀਆਂ ਇਨ੍ਹਾਂ ਗੱਲਾਂ ਨੇ ਹੀ ਉਸ ਨੂੰ ਗੁੱਸੇ ਖ਼ੋਰ ਬਣਾ ਦਿੱਤਾ ਆ।÷ ਅੱਗੋਂ ਸੁਰਿੰਦਰ ਨੇ ਕਿਹਾ। ਵੇ ਕਾਕਾ, ਤੂੰ ਉਦ੍ਹਾ ਬਹੁਤਾ ਪੱਖ ਨਾ ਪੂਰਿਆ ਕਰ। ਤੂੰ ਆਪ ਸੋਚ, ਪੁਰੀ ਮੈਡੀਕਲ ਸਟੋਰ ਦਾ ਮਾਲਕ ਜਿਹੜੇ 6000 ਰੁਪਏ ਤੈਨੂੰ ਮਹੀਨੇ ਦੇ ਦਿੰਦਾ ਆ, ਭਲਾ ਉਨ੍ਹਾਂ ਨਾਲ ਤੇਰਾ ਟੱਬਰ ਪਲ ਜੂ। ਜਦ ਅਸੀਂ ਤੇਰੇ ਟੱਬਰ ਨੂੰ ਅੱਠ ਸਾਲਾਂ ਤੋਂ ਪਾਲਦੇ ਆ ਰਹੇ ਆਂ, ਤਾਂ ਤੈਨੂੰ ਸਾਡਾ ਕਹਿਣਾ ਵੀ ਮੰਨਣਾ ਪਊ। ਮੇਰੀ ਤੇ ਤੇਰੇ ਡੈਡੀ ਦੀ ਉਸ ਨੇ ਬਹੁਤ ਵਾਰੀ ਬੇਇੱਜ਼ਤੀ ਕੀਤੀ ਆ। ਤੇਰੇ ਥਾਂ ਹੋਰ ਕੋਈ ਹੁੰਦਾ, ਉਸ ਨੂੰ ਕਦੋਂ ਦਾ ਤਲਾਕ ਦੇ ਦਿੰਦਾ, ਪਰ ਤੂੰ ਤਾਂ ਨਿਰਾ ਗੋਹਾ ਆਂ। ਨਾ ਤੈਨੂੰ ਆਪਣੀ ਇੱਜ਼ਤ ਦਾ ਖ਼ਿਆਲ ਆ, ਨਾ ਹੀ ਸਾਡੀ ਦਾ।ਦੇਖ ਮੰਮੀ, ਤੇਰੇ ਜਾਂ ਡੈਡੀ ਦੇ ਕਹੇ ਤੇ ਮੈਂ ਬਲਜੀਤ ਨੂੰ ਤਲਾਕ ਨਹੀਂ ਦੇ ਸਕਦਾ।ਮਾੜੀ, ਮੋਟੀ ਲੜਾਈ, ਝਗੜਾ ਤਾਂ ਹਰ ਘਰ ਵਿੱਚ ਚੱਲਦਾ ਰਹਿੰਦਾ ਆ। ਨਾਲੇ ਤੁਹਾਡਾ ਕੀ ਜਾਣਾ ? ਟੱਬਰ ਤਾਂ ਮੇਰਾ ਰੁਲਣਾ। ਲੋਕ ਥਾਂ, ਥਾਂ ਖੜ੍ਹ ਕੇ ਮੇਰੀਆਂ ਗੱਲਾਂ ਵੱਖ ਕਰਨਗੇ। ਮੈਥੋਂ ਇਹ ਬਰਦਾਸ਼ਤ ਨਹੀਂ ਹੋਣਾ।ਇਹ ਕਹਿ ਕੇ ਸੁਰਿੰਦਰ ਨੇ ਆਪਣੇ ਕਮਰੇ ਦੇ ਬੂਹੇ ਨੂੰ ਅੰਦਰੋਂ ਕੁੰਡੀ ਮਾਰ ਲਈ।

ਮਹਿੰਦਰ ਸਿੰਘ ਮਾਨ
ਫੋਨ 9915803554

# ਭਿਅੰਕਰ ਬਿਮਾਰੀਆਂ ਨੂੰ ਜਨਮ ਦੇ ਰਿਹੈ ਜਲਵਾਯੂ ਪਰਿਵਰਤਨ

ਇਸ ਵੇਲੇ ਧਰਤੀ ਦੀ ਤਪਸ਼ ਵਧਣ ਕਾਰਨ ਜਲਵਾਯੂ ਪਰਿਵਰਤਨ ਸਾਰੀ ਦੁਨੀਆ ਵਿੱਚ ਸਭ ਤੋਂ ਵੱਧ ਚਰਚਿਤ ਵਿਸ਼ਾ ਬਣਿਆ ਹੋਇਆ ਹੈ। ਵਾਤਾਵਰਨ ਵਿਗਿਆਨੀਆਂ ਵੱਲੋਂ ਕੀਤੀ ਗਈ ਪੇਸ਼ੀਨਗੋਈ ਕਾਫੀ ਚਿੰਤਾਜਨਕ ਹੈ। ਕੋਪਨਹੇਗਨ ਸਿਖਰ ਸੰਮੇਲਨ ਵਿਚ 192 ਦੇਸ਼ਾਂ ਦੇ ਕਰੀਬ 1500 ਵਿਗਿਆਨੀਆਂ ਦਾ ਪਹੁੰਚਣਾ ਅਤੇ ਧਰਤੀ ਦੀ ਵਧਦੀ ਤਪਸ਼ ਨੂੰ ਘੱਟ ਕਰਨ ਲਈ ਕੀਤਾ ਗਿਆ ਉਪਰਾਲਾ ਕਾਫੀ ਸ਼ਲਾਘਾਯੋਗ ਅਤੇ ਆਸ ਦੀ ਕਿਰਨ ਨਜ਼ਰ ਆ ਰਿਹਾ ਹੈ। ਸਾਰੀ ਦੁਨੀਆ ਦੇ ਵਾਤਾਵਰਨ ਮਾਹਿਰਾਂ ਦੀ ਰਾਇ ਹੈ ਕਿ ਧਰਤੀ ਦੀ ਤਪਸ਼ ਸਨਅਤੀ ਉਦਯੋਗ ਲਈ ਵਰਤੀ ਜਾ ਰਹੀ ਬੇਤਾਹਾਸ਼ਾ ਊਰਜਾ ਦੀ ਖਪਤ ਤੋਂ ਪੈਦਾ ਹੋ ਰਹੀਆਂ ਗੈਸਾਂ-ਕਾਰਬਨ ਡਾਇਆਕਸਾਈਡ ਆਦਿ ਦਾ ਸਿੱਟਾ ਹੈ। ਇਨ੍ਹਾਂ ਗੈਸਾਂ ਦੇ ਵਧਣ ਨਾਲ ਜਲਵਾਯੂ ਪਰਿਵਰਤਨ ਹੋਣ ਕਰਕੇ ਗਲੇਸ਼ੀਅਰ ਪਿਘਲ ਰਹੇ ਹਨ, ਪਹਾੜਾਂ ਦੀ ਬਰਫ਼ ਸਮੁੰਦਰ ਵੱਲ ਵਹਿ ਤੁਰੀ ਹੈ, ਸਮੁੰਦਰ ਤਲ ਦਿਨ-ਬ-ਦਿਨ ਉੱਚਾ ਹੋ ਰਿਹਾ ਹੈ, ਜੰਗਲਾਂ ਨੂੰ ਅੱਗ ਲੱਗ ਰਹੀ ਹੈ, ਸੁਨਾਮੀ ਵਰਗੀਆਂ ਕੁਦਰਤੀ ਆਫ਼ਤਾਂ ਕਹਿਰ ਢਾਹ ਰਹੀਆਂ ਹਨ ਅਤੇ ਜਵਾਲਾਮੁਖੀ ਫੱਟ ਰਹੇ ਹਨ ਤੇ ਕਿਧਰੇ ਮੀਲਾਂ ਲੰਮੇ ਧਰਤੀ ਵਿਚ ਪਾੜ ਪੈ ਰਹੇ ਹਨ, ਜਿਸ ਕਾਰਨ ਧਰਤੀ ਦੀ ਹੋਂਦ ਨੂੰ ਖ਼ਤਰਾ ਪੈਦਾ ਹੋ ਰਿਹਾ ਹੈ। ਜਿਵੇਂ-ਜਿਵੇਂ ਧਰਤੀ ਦੀ ਤਪਸ਼ ਵੱਧ ਰਹੀ ਹੈ ਅਤੇ ਜਲਵਾਯੂ ਪਰਿਵਰਤਨ ਹੋ ਰਿਹਾ ਹੈ ਤਿਵੇਂ-ਤਿਵੇਂ ਹੀ ਇਸ ਪਰਿਵਰਤਨ ਦਾ ਸਿੱਧਾ ਅਸਰ ਮਨੁੱਖ ਦੀ ਸਰੀਰਕ ਪ੍ਰਣਾਲੀ ਉੱਪਰ ਵੀ ਹੋ ਰਿਹਾ ਹੈ; ਕੁਦਰਤੀ ਤੌਰ 'ਤੇ ਜਿਹੋ ਜਿਹਾ ਵਾਤਾਵਰਨ ਬ੍ਰਹਿਮੰਡ ਵਿਚ ਹੋਏਗਾ ਉਹੋ ਜਿਹਾ ਹੀ ਵਾਤਾਵਰਨ ਮਨੁੱਖੀ ਸਰੀਰ ਵਿਚ ਵੀ ਹੋਏਗਾ। ਇਸ ਸਬੰਧ ਵਿਚ ਗੁਰਬਾਣੀ ਦਾ ਫੁਰਮਾਨ ਹੈ

ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥

ਭਾਵ ਕਿ ਜਿੰਨੀਆਂ ਸ਼ਕਤੀਆਂ ਜਾਂ ਜਿਹੋ ਜਿਹਾ ਵਾਤਾਵਰਨ ਬ੍ਰਹਿਮੰਡ ਵਿੱਚ ਹੁੰਦਾ ਹੈ ਓਨੀਆਂ ਹੀ ਸ਼ਕਤੀਆਂ ਤੇ ਉਹੋ ਜਿਹਾ ਹੀ ਵਾਤਾਵਰਨ ਮਨੁੱਖ ਦੇ ਸਰੀਰ ਵਿਚ ਵੀ ਹੁੰਦਾ ਹੈ।

ਮੈਡੀਕਲ ਸਾਇੰਸ ਦੀ ਖੋਜ ਅਨੁਸਾਰ ਇਹ ਗੱਲ ਸਿੱਧ ਹੋ ਚੁੱਕੀ ਹੈ ਕਿ ਮਨੁੱਖ ਦੇ ਸਰੀਰ ਵਿਚ ਧਰਤੀ, ਪਾਣੀ, ਅਗਨੀ, ਹਵਾ ਅਤੇ ਅਕਾਸ਼ ਹੁੰਦੇ ਹਨ ਤੇ ਇਨ੍ਹਾਂ ਦੀ ਮਾਤਰਾ ਵੀ ਬ੍ਰਹਿਮੰਡ ਵਿਚਲੀ ਮਾਤਰਾ ਜਿੰਨੀ ਹੀ ਹੁੰਦੀ ਹੈ।



**ਡਾ. ਸੁਖਬੀਰ ਸਿੰਘ**

### ਪਾਣੀ ਦੀ ਮਾਤਰਾ

ਜੇਕਰ ਬ੍ਰਹਿਮੰਡ ਵਿੱਚ ਕਿਸੇ ਵਕਤ ਕੁਦਰਤੀ ਨਿਯਮ ਦੇ ਉਲਟ ਪਾਣੀ ਦੀ ਮਾਤਰਾ ਵੱਧਦੀ-ਘਟਦੀ ਹੈ ਤਾਂ ਇਸ ਦਾ ਸਿੱਧਾ ਅਸਰ ਮਨੁੱਖ ਦੇ ਗੁਰਦਿਆਂ, ਜਣਨ ਅੰਗਾਂ, ਨਰਵਜ, ਟਿਸ਼ੂਜ, ਸੈਲਜ਼ ਬੋਨ-ਮੈਰੋ, ਵੀਰਜ ਭੰਡਾਰ, ਸੈਕਸ ਆਰਗਨਜ 'ਤੇ ਪੈਂਦਾ ਹੈ, ਜਿਸ ਕਰਕੇ ਇਨ੍ਹਾਂ ਦੇ ਸਿਸਟਮ ਵਿਚ ਵਿਗਾੜ ਪੈਦਾ ਹੋਣ ਨਾਲ ਬਿਮਾਰੀਆਂ ਜਨਮ ਲੈਂਦੀਆਂ ਹਨ। ਪਾਣੀ ਸਰੀਰ ਵਿੱਚ ਰਕਤ ਪ੍ਰਵਾਹ ਤੇ ਤਾਪ ਪ੍ਰਵਾਹ ਨੂੰ ਚਾਲੂ ਰੱਖਦਾ ਹੈ।

### ਤਪਸ਼ ਦੀ ਮਾਤਰਾ

ਜੇਕਰ ਬ੍ਰਹਿਮੰਡ ਵਿੱਚ ਗਰਮੀ ਦੀ ਮਾਤਰਾ ਵਿਚ ਵਾਧਾ ਘਾਟਾ ਹੋ ਜਾਵੇ ਤਾਂ ਮਨੁੱਖੀ ਸਰੀਰ ਵਿਚ ਉਸ ਦਾ ਅਸਰ ਉਸੇ ਰਫ਼ਤਾਰ ਨਾਲ ਬਰਾਬਰ ਦੀ ਮਾਤਰਾ ਵਿਚ ਹੁੰਦਾ ਹੈ, ਜਿਸ ਕਰਕੇ ਸਰੀਰ ਦੇ ਮੇਹਦੇ, ਜਿਗਰ, ਪੈਂਕਰੀਆਜ, ਐਡਰਨਲ, ਪਾਚਨ ਸ਼ਕਤੀ, ਬਾਇਲ ਐਂਜਾਈਮਜ, ਸਰੀਰਕ ਤਾਪਮਾਨ, ਬਲੱਡ-ਫਾਰਮੇਸ਼ਨ ਅਤੇ ਹੱਡੀਆਂ ਨਾਲ ਸਬੰਧਤ ਗਲੈਂਡ ਆਰਗਨਜ਼ ਦੇ ਪ੍ਰਬੰਧ ਕਿਰਿਆ ਵਿਚ ਵਾਧ ਘਾਟ ਹੋ ਜਾਣ ਕਰਕੇ ਇਨ੍ਹਾਂ ਨਾਲ ਸਬੰਧਤ ਰੋਗ ਪੈਦਾ ਹੋਣੇ ਸ਼ੁਰੂ ਹੋ ਜਾਂਦੇ ਹਨ।

### ਹਵਾ ਦੀ ਮਾਤਰਾ

ਜੇਕਰ ਕਿਸੇ ਕਾਰਨ ਬ੍ਰਹਿਮੰਡ ਵਿਚ ਹਵਾ ਦੀ ਮਾਤਰਾ ਅਤੇ ਵਹਾਅ ਵਿਚ ਵਾਧ ਘਾਟ ਹੋਣੀ ਸ਼ੁਰੂ ਹੋ ਜਾਵੇ ਤਾਂ ਇਸ ਦਾ ਸਿੱਧਾ ਅਸਰ ਮਨੁੱਖੀ ਸਰੀਰ ਦੇ ਦਿਲ, ਛਾਤੀ, ਫੇਫੜੇ, ਥਾਈਮਸ-ਗਲੈਂਡ, ਸੈੱਲ ਫਾਰਮੇਸ਼ਨ, ਸਰੀਰਕ ਤਾਕਤ, ਬਾਡੀ ਬੈਲੈਂਸ, ਟੈਂਪਰਾਮੈਂਟ ਅਤੇ ਮਨ ਤੇ ਦਿਲ ਨਾਲ ਸਬੰਧਤ ਕਾਰਜ ਪ੍ਰਾਣਲੀ ਉੱਪਰ ਪੈਂਦਾ ਹੈ। ਜਿਸ ਕਰਕੇ ਇਨ੍ਹਾਂ ਦੇ ਗਲੈਂਡਜ-ਆਰਗਨਜ਼ ਨਾਲ ਸਬੰਧਤ ਬਿਮਾਰੀਆਂ ਜਨਮ ਲੈਂਦੀਆਂ ਹਨ। ਹਵਾ ਦੇ ਹੋਣ ਕਰਕੇ ਹੀ ਸਾਹ ਪ੍ਰਣਾਲੀ ਅਤੇ ਐਕਸਕਰੇਟਰੀ ਸਿਸਟਮ ਕੰਮ ਕਰਦੇ ਹਨ।

### ਅਕਾਸ਼ ਦਾ ਵਧਣਾ

ਜੇਕਰ ਕਿਸੇ ਕਾਰਨ ਬ੍ਰਹਿਮੰਡੀ ਅਕਾਸ਼ ਵਿਚ ਸਪੇਸ ਘਟਦੀ-ਵਧਦੀ ਹੈ ਤਾਂ ਮਨੁੱਖੀ ਸਰੀਰ ਵਿਚਲੇ ਥਾਇਰਾਡ-ਗਲੈਂਡਜ, ਪਿਚੂਟਰੀ ਗਲੈਂਡ, ਪੀਨੀਅਲ-ਗਲੈਂਡ, ਨਜ਼ਰ, ਸੁਣਨ ਸ਼ਕਤੀ, ਯਾਦਾਸ਼ਤ ਅਤੇ ਦਿਮਾਗ ਆਦਿ ਦੀ ਕਾਰਜ ਪ੍ਰਣਾਲੀ ਪ੍ਰਭਾਵਿਤ ਹੋਣ ਕਰਕੇ ਬਹੁਤ ਸਾਰੀਆਂ ਬਿਮਾਰੀਆਂ ਜਨਮ ਲੈਂਦੀਆਂ ਹਨ। ਇੱਥੋਂ ਤੱਕ ਕਿ ਸਪੇਸ ਦੇ ਘਟਣ ਕਾਰਨ ਜੇਕਰ ਬਲਾਕੇਜ ਹੋ ਜਾਵੇ ਤਾਂ ਹਾਰਟ ਅਟੈਕ ਅਤੇ ਬੇਹੋਸ਼ੀ ਦੇ ਦੌਰੇ ਪੈ ਸਕਦੇ ਹਨ।

ਵਾਤਾਵਰਨ ਮਾਹਿਰ ਵਿਗਿਆਨੀਆਂ ਨੇ ਵਾਤਾਵਰਨ ਦੀ ਸਥਿਰਤਾ ਭੰਗ ਹੋਣ ਤੋਂ ਬਚਾਉਣ ਲਈ ਗਰੀਨ ਗੈਸਾਂ (ਕਾਰਬਨ ਡਾਇਆਕਸਾਈਡ) ਦੇ ਨਿਕਾਸ ਵਿਚ 80 ਤੋਂ 95 ਫ਼ੀਸਦੀ ਤੱਕ ਕਮੀ ਕਰਨ ਦੀ ਸਿਫਾਰਸ਼ ਕੀਤੀ ਹੈ। ਇਹ ਤਾਂ ਅਜੇ ਦਿੱਲੀ ਦੂਰ ਹੈ ਵਾਲੀ ਗੱਲ ਹੈ, ਪ੍ਰੰਤੂ ਜੇਕਰ ਅੱਜ ਦੇ ਮਨੁੱਖ ਨੇ ਭਿਅੰਕਰ ਅਤੇ ਲਾ-ਇਲਾਜ ਬਿਮਾਰੀਆਂ ਦੇ ਪ੍ਰਕੋਪ ਤੋਂ ਬਚਣਾ ਹੈ ਤਾਂ ਸਾਨੂੰ ਆਪਣੇ ਆਪਣੇ ਘਰਾਂ ਤੋਂ ਗਰੀਨ ਗੈਸਾਂ ਦੇ ਨਿਕਾਸ ਨੂੰ ਘੱਟ ਕਰਨਾ ਚਾਹੀਦਾ ਹੈ। ਸਭ ਤੋਂ ਪਹਿਲਾਂ ਸਾਨੂੰ ਕਾਰਾਂ ਤੇ ਸਕੂਟਰਾਂ ਦੀ 50 ਪ੍ਰਤੀਸ਼ਤ ਗਿਣਤੀ ਘਟਾਉਣੀ ਪਏਗੀ। ਸਖ਼ਤ ਜ਼ਰੂਰਤ ਤੋਂ ਬਿਨਾਂ ਜਨਰੇਟਰ ਨਾ ਚਲਾਏ ਜਾਣ। ਆਟੋ ਰਿਕਸ਼ਾ ਦੀ ਥਾਂ ਕੋਈ ਹੋਰ ਬਦਲਵਾਂ ਪ੍ਰਬੰਧ ਹੋਵੇ। ਮਾਲ ਦੀ ਢੋਆ-ਢੁਆਈ ਅਤੇ ਯਾਤਰਾ ਇਲੈਕਟਿਰਕ-ਟਰੇਨਜ਼ 'ਤੇ ਕੀਤੀ ਜਾਵੇ, ਤਾਂ ਜੋ ਬੱਸਾਂ ਟਰੱਕਾਂ ਦੀ ਗਿਣਤੀ ਘਟਾਈ ਜਾ ਸਕੇ। ਹਰੇਕ ਵਿਅਕਤੀ ਹਰ ਤਰ੍ਹਾਂ ਦੇ ਪ੍ਰਦੂਸ਼ਣ ਨੂੰ ਖ਼ਤਮ ਕਰਨ ਲਈ ਹਰ ਸਾਲ ਜਨਮ ਦਿਨ 'ਤੇ ਇਕ ਰੁੱਖ ਜ਼ਰੂਰ ਲਗਾਏ। ਇਸ ਨਾਲ ਅਸੀਂ ਆਪਣੇ ਆਲੇ ਦੁਆਲੇ ਦੀ ਤਪਸ਼ ਤਾਂ ਘਟਾ ਹੀ ਸਕਦੇ ਹਾਂ। ਇਸ ਤਰੀਕੇ ਨਾਲ ਬਿਮਾਰੀਆਂ ਤੋਂ ਕਾਫੀ ਛੁਟਕਾਰਾ ਪਾਇਆ ਜਾ ਸਕਦਾ ਹੈ। ਕਿਉਂਕਿ ਧਰਤੀ ਤੋਂ ਪਹਿਲਾਂ ਮਨੁੱਖ ਨੂੰ ਬਚਾਉਣਾ ਜ਼ਰੂਰੀ ਹੈ ਤੇ ਫਿਰ ਅੱਜ ਦਾ ਅਰੋਗ ਮਨੁੱਖ ਹੀ ਧਰਤੀ ਨੂੰ ਬਚਾਅ ਸਕਦਾ ਹੈ। ਐਮ.ਡੀ., ਪੀ.ਐਚ.ਡੀ (ਏ.ਐਮ) ਡੀ.ਆਰ.ਸੀ.ਟੀ.

**ਮੋਬਾਈਲ : 94653-57706**

# ਹੱਕ (ਵਿਅੰਗ)

ਪੰਜ ਸਾਲ ਬਾਅਦ ਵੋਟਾਂ ਆ ਜਾਂਦੀਆਂ। ਛੋਟੇ ਹੁੰਦਿਆਂ ਤੋਂ ਹੀ ਵੋਟਾਂ ਦਾ ਬੜਾ ਚਾਅ ਜਿਹਾ ਹੁੰਦਾ ਸੀ।ਲਾਊਡ ਸਪੀਕਰਾਂ ਵਾਲੇ ਉੱਚੀ ਉੱਚੀ ਬੋਲਦੇ ਨਾਲ਼ੇ ਗਾਣੇ ਲਾਉਂਦੇ।ਮਨ ਖ਼ੁਸ਼ ਹੋ ਜਾਂਦਾ ਸੀ ਜਦ ਉਹ ਪਾਰਟੀਆਂ ਦੀਆਂ ਝੰਡੀਆਂ ਵੰਡਦੇ , ਨਾਲ਼ ਬਿੱਲੇ ਵੀ ਵੰਡਦੇ। ਗਲ਼ੀ ਦੇ ਜਵਾਕ ਆਪਣੇ ਆਪਣੇ ਘਰਦਿਆਂ ਦੀ ਪਸੰਦ ਦੀ ਪਾਰਟੀ ਦੇ ਬਿੱਲੇ ਕੱਠੇ ਕਰ ਕਰ ਕੇ ਗਿਣਦੇ ਤੇ ਜੀਹਦੇ ਬਿੱਲੇ ਵੱਧ ਹੋਣੇ ਓਹਨੇ ÷ਜਿੱਤੂਗਾ ਬਈ ਜਿੱਤੂਗਾ ਫਲਾਣਾ ਬੰਦਾ ਜਿੱਤੂਗਾ÷ ਦੇ ਨਾਰ੍ਹੇ ਲਾਉਣੇ, ਕਈ ਵਾਰੀ ਇਹ ਬਿੱਲਿਆਂ ਵਾਲੀ ਜਿੱਤ ਝਾਟਮ-ਝੀਟੀ ਹੋਣ ਤੇ ਆ ਕੇ ਮੁੱਕ ਜਾਣੀ। ਬਚਪਨ ਤੋਂ ਹੀ ਦੇਖਦੇ ਦੇਖਦੇ ਪਤਾ ਈ ਨੀ ਲੱਗਿਆ ਕਦ ਆਪ ਵੋਟ ਪਾਉਣ ਜੋਗੇ ਵੀ ਹੋ ਗਏ।ਆਪਣੇ ਹੱਕ ਦਾ ਇਸਤੇਮਾਲ ਕਰਨ ਦਾ ਵਿਆਹ ਜਿੰਨਾ ਚਾਅ ਸੀ। ਉਸ ਦਿਨ ਉਂਗਲੀ ਤੇ ਲੱਗਿਆ ਕਾਲ਼ਾ ਨਿਸ਼ਾਨ ਵਿਆਹ ਆਲ਼ੀ ਮਹਿੰਦੀ ਵਾਂਗੂੰ ਕੁਝ ਵਧੀਆ ਵਧੀਆ ਜਿਹਾ ਅਹਿਸਾਸ ਦਿਵਾ ਰਿਹਾ ਸੀ।

ਉਦੋਂ ਤਾਂ ਆਟੇ, ਦਾਲ਼, ਚੌਲ਼ ਦੇਣ ਦਾ ਰਿਵਾਜ ਤਾਂ ਨਹੀਂ ਹੁੰਦਾ ਸੀ।ਹੋ ਸਕਦਾ ਉਦੋਂ ਜ਼ਮਾਨੇ ਦੇ ਹਿਸਾਬ ਨਾਲ ਲਾਲਚ ਵੀ ਘੱਟ ਹੋਵੇ। ਉਦੋਂ ਮੂੰਹ ਮੁਲਾਹਜ਼ੇ ਤੇ ਦੋ ਚਾਰ ਪੈਗ ਨਾਲ ਹੀ ਕੰਮ ਸਾਰ ਜਾਂਦਾ ਸੀ। ਉਦੋਂ ਲੋਕ ਵੀ ਤਾਂ ਆਪਣੇ ਆਪਣੇ ਹਿਸਾਬ ਨਾਲ ਪਾਰਟੀਆਂ ਦੇ ਨਾਲ ਪੱਕੇ ਜੁੜੇ ਹੋਏ ਸਨ। ਕਦੇ ਇੱਕ ਪਾਰਟੀ ਦੀ ਸਰਕਾਰ ਬਣ ਜਾਣੀ ਤੇ ਕਦੇ ਦੂਜੀ ਪਾਰਟੀ ਦੀ ,ਹਰੇਕ ਸਰਕਾਰ ਬਣਨ ਵੇਲ਼ੇ ਅਸੀਂ ਆਮ ਜਿਹੇ ਲੋਕ ਵੀ ਪੰਜ ਸਾਲ ਹੋਰ ਸਿਆਣੇ ਹੋ ਗਏ ਹੁੰਦੇ।ਪਰ ਸਿਆਸੀ ਪਾਰਟੀਆਂ ਓਦੂੰ ਵੱਧ ਸਿਆਣੀਆਂ ਹੋ ਗਈਆਂ ਜਾਪਦੀਆਂ, ਓਹਨਾਂ ਵੱਲੋਂ ਵੋਟਾਂ ਨੂੰ ਖਰੀਦਣ ਦੇ ਤਰੀਕੇ ਨਵੇਂ ਨਵੇਂ ਆ ਗਏ ਸਨ। ਹਰੇਕ ਵਾਰ ਦੀਆਂ ਵੋਟਾਂ ਪਾਉਣ ਨੂੰ ਜਮ੍ਹਾਂ ਜੀਅ ਨੀ ਕਰਦਾ, ਮਨ ਫੇਰ ਹਲੂਣੇ ਮਾਰਦਾ,÷ਅੜੀਏ ਆਪਣਾ ਹੱਕ ਇਸਤੇਮਾਲ ਤਾਂ ਜ਼ਰੂਰ ਕਰਨਾ ਚਾਹੀਦਾ,ਇਸ ਨੂੰ ਅਜਾਈਂ ਨਹੀਂ ਗਵਾਉਣਾ ਚਾਹੀਦਾ।÷ ਚਲੋ ਫੇਰ ÷ਹੱਕ÷ ਦਾ ਇਸਤੇਮਾਲ ਵੀ ਹੋ ਜਾਂਦਾ, ਸਰਕਾਰ ਵੀ ਬਣ ? ਜਾਂਦੀ, ਧਰਨੇ ਵੀ ਓਵੇਂ ਲੱਗਦੇ , ਲੁਟੇਰੇ ਵੀ ਓਵੇਂ ਫਿਰਦੇ , ਸਕੀਮਾਂ ਵਾਲੇ ਧੋਖੇ ਵੀ ਓਵੇਂ ਹੁੰਦੇ, ਨਸ਼ੇ, ਚੋਰੀਆਂ, ਪਿਛਲੀਆਂ ਸਰਕਾਰਾਂ ਦੇ ਮੰਤਰੀਆਂ ਤੇ ਕੇਸ ਵੀ ਉਵੇਂ ਹੁੰਦੇ। ਇਹੀ ਕੁਝ ਦੇਖਦਿਆਂ ਨੂੰ ਹਰੇਕ ਪੰਜਾਕਾ (ਪੰਜ ਸਾਲ) ਨਿਕਲ ਜਾਂਦਾ ਹੈ। ਮਨ ਨੂੰ ਹਰ ਵਾਰ ਇਹੀ ਤਾਹਨਾ ਵੱਜਦਾ ਹੈ,÷ਤੂੰ ਹੀ ਤਾਂ÷ਹੱਕ÷ ਵਰਤਣ ਨੂੰ ਕਹਿੰਦੈਂ.... ਇਹਨਾਂ ਗੱਲਾਂ ਵਿੱਚ ਕਿਤੇ ਆਪਣਾ ÷ਹੱਕ÷ ਤਾਂ ਲੱਭਿਆ ਈ ਨੀ ?÷ ਮਨ ਵੀ ਹੱਸ ਕੇ ਕਹਿੰਦਾ ,÷ ਹੁਣ ਆਪਣੇ ਹੱਕ ਨੂੰ ਪੰਜ ਸਾਲ ਲਈ ਸਾਂਭ ਕੇ ਰੱਖਦੋ......ਚੁੱਪ ਕਰਕੇ ਜਗਤ ਤਮਾਸ਼ੇ ਵੇਖੋ...ਹੁਣ ਇਹ ÷ਹੱਕ÷ ਪੰਜ ਸਾਲ ਬਾਅਦ ਵਰਤਣਾ ਹੈ... ।

**ਬਰਜਿੰਦਰ ਕੌਰ ਬਿਸਰਾਓ...**

**9988901324**

# ਮਿੰਨੀ ਕਹਾਣੀ - ਆਪਣੀ ਲਿਖੀ

ਉਸ ਦਿਨ ਕਾਵਿ ਉਚਾਰਣ ਮੁਕਾਬਲਿਆਂ ਦੀ ਜਜਮੈਂਟ ਵਿੱਚ ਮੇਰੀ ਵੀ ਡਿਊਟੀ ਲੱਗੀ ਸੀ। ਸਾਡੇ ਹੀ ਕਾਲਜ ਦੇ ਵਿਦਿਆਰਥੀ ਇਸ ਪ੍ਰਤੀਯੋਗਤਾ ਵਿੱਚ ਭਾਗ ਲੈ ਰਹੇ ਸਨ। ਪ੍ਰਤੀਯੋਗੀਆਂ ਨੂੰ ਕਿਹਾ ਗਿਆ ਸੀ ਕਿ ਕਵਿਤਾ ਉਚਾਰਣ ਤੋਂ ਪਹਿਲਾਂ ਇਹ ਜ਼ਰੂਰ ਦੱਸਣ ਕਿ ਕਵਿਤਾ ਉਨ੍ਹਾਂ ਦੀ ਆਪਣੀ ਲਿਖੀ ਹੈ ਜਾਂ ਕਿਸੇ ਹੋਰ ਕਵੀ ਦੀ ਹੈ ? ਜੇ ਹੋਰ ਕਵੀ ਦੀ ਹੈ ਤਾਂ ਉਹਦਾ ਨਾਂ ਵੀ ਦੱਸਣ। ਇੱਕ ਲੜਕੀ ਨੇ ਕਾਫ਼ੀ ਚੰਗੀ ਪੇਸ਼ਕਾਰੀ ਨਾਲ ਵਧੀਆ ਕਵਿਤਾ ਸੁਣਾਈ ਤੇ ਨਾਲ਼ ਇਹ ਵੀ ਦੱਸਿਆ ਕਿ ÷ਕਵਿਤਾ ਮੇਰੀ ਆਪਣੀ ਲਿਖੀ ਹੈ।÷ ਮੈਨੂੰ ਸ਼ੱਕ ਹੋਇਆ ਕਿ ਬੀਏ ਵਿੱਚ ਪੜ੍ਹਦੀ ਕੁੜੀ ਇੰਨੀ ਵਧੀਆ ਕਵਿਤਾ ਨਹੀਂ ਲਿਖ ਸਕਦੀ। ਉਹ ਮੰਚ ਤੋਂ ਉੱਤਰ ਕੇ ਆਪਣੀ ਸੀਟ ਤੇ ਜਾਣ ਲੱਗੀ ਤਾਂ ਮੈਂ ਉਹਨੂੰ ਰੋਕ ਕੇ ਪੁੱਛਿਆ, ÷ਬੇਟਾ, ਇਹ ਕਵਿਤਾ ਤੂੰ ਆਪ ਲਿਖੀ ਹੈ ? ਉਹਨੇ ਬੇਝਿਜਕ ਹੋ ਕੇ ਕਿਹਾ, ਜੀ ਸਰ। ਨਤੀਜੇ ਦਾ ਐਲਾਨ ਹੋਇਆ ਤਾਂ ਉਹਨੂੰ ਪਹਿਲਾ ਸਥਾਨ ਮਿਲਿਆ ਸੀ। ਅਗਲੇ ਦਿਨ ਕਲਾਸ @ਚ ਪੜ੍ਹਾਉਂਦਿਆਂ ਮੈਂ ਉਸ ਲੜਕੀ ਨੂੰ ਫਿਰ ਪੁੱਛਿਆ, ਤੂੰ ਕੱਲ੍ਹ ਜੋ ਕਵਿਤਾ ਸੁਣਾਈ ਸੀ, ਉਹ ਤੇਰੀ ਮੌਲਿਕ ਸੀ ? ਉਹਨੇ ਪੁੱਛਿਆ, ਮੌਲਿਕ ਕੀ ਹੁੰਦਾ ਹੈ, ਸਰ ?÷ ਮੈਂ ਦੱਸਿਆ, ÷ਯਾਨੀ ਤੇਰੀ ਆਪਣੀ ਲਿਖੀ ਹੋਈ ਸੀ ? ਉਹਨੇ ਫਿਰ ਪੂਰੇ ਸਵੈਵਿਸ਼ਵਾਸ ਨਾਲ ਜਵਾਬ ਦਿੱਤਾ, ÷ਜੀ ਸਰ, ਮੈਂ ਹੀ ਲਿਖੀ ਹੈ।ਉਹ ਆਪਣੀ ਸੀਟ ਤੇ ਗਈ ਤੇ ਬੈਗ @ਚੋਂ ਨੋਟਬੁੱਕ ਲੈ ਕੇ ਆਈ ਤੇ ਮੈਨੂੰ ਵਿਖਾਉਂਦੀ ਹੋਈ ਬੋਲੀ, ਆਹ ਵੇਖੋ ਸਰ, ਇਹ ਮੇਰੀ ਆਪਣੀ ਲਿਖੀ ਹੈ। ਇਹ ਮੇਰੀ ਹੀ ਲਿਖਾਈ ਹੈ। ਮੈਂ ਡੌਰ-ਭੌਰ ਹੋਇਆ ਕਦੇ ਉਹਦੇ ਵੱਲ ਤੇ ਕਦੇ ਉਹਦੀ ਨੋਟਬੁੱਕ ਵੱਲ ਵੇਖ ਰਿਹਾ ਸਾਂ।

*** ਪ੍ਰੋ. ਨਵ ਸੰਗੀਤ ਸਿੰਘ**

**# ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ-151302**

**(ਬਠਿੰਡਾ) 9417692015.**

# ਕੀ ਤੁਸੀਂ ਖਿੜ ਖਿੜਾ ਕੇ ਹੱਸ ਰਹੇ ਹੋ ?

ਦੰਦ ਸਾਡੇ ਸਰੀਰ ਦਾ ਪ੍ਰਮੁੱਖ ਅੰਗ ਹਨ।ਦੰਦ ਨਾ ਕਿ ਸਿਰਫ ਖਾਣਾਂ ਖਾਣ ਦੇ ਕੰਮ ਆਉਂਦੇ ਹਨ ਬਲਕਿ ਮੂੰਹ ਅਤੇ ਦੰਦਾਂ ਤੋਂ ਬਾਕੀ ਸਰੀਰ ਦੀਆਂ ਬਾਕੀ ਬਿਮਾਰੀਆਂ ਬਾਰੇ ਵੀ ਪਤਾ ਲਗਾਇਆ ਜਾ ਸਕਦਾ ਹੈ। ਸਿਆਣਿਆਂ ਨੇ ਕਿਹਾ ਹੈ ਕਿ ਦੰਦ ਗਏ ਸਵਾਦ ਗਿਆ। ਖ਼ੂਬਸੂਰਤੀ ਦੇ ਨਾਲ ਨਾਲ ਦੰਦਾਂ ਦਾ ਸਿਹਤਮੰਦ ਹੋਣਾ ਵੀ ਬਹੁਤ ਜ਼ਰੂਰੀ ਹੈ। ਅੱਜ਼ ਕੱਲ ਜੋਂ ਸਾਡਾ ਖਾਣ ਪੀਣ ਹੈ ਉਹ ਮੂੰਹ ਦੇ ਦੰਦਾਂ ਬਾਰੇ ਬਹੁਤ ਹਾਨੀਕਾਰਕ ਹੈ। ਸਟ੍ਰੀਟ ਫੂਡ ਜੋਂ ਕਿ ਅੱਜ ਕੱਲ੍ਹ ਬਹੁਤ ਪ੍ਰਚਲਿਤ ਹੈ ਪਰ ਇਹ ਮੂੰਹ ਵਿੱਚ ਕੀਟਾਣੂਆਂ ਦੀ ਗਿਣਤੀ ਵਿੱਚ ਵਾਧਾ ਕਰਦਾ ਹੈ ਜਿਸ ਨਾਲ ਦੰਦ ਖ਼ਰਾਬ ਹੋ ਜਾਂਦੇ ਹਨ। ਜੇਕਰ ਅਸੀਂ ਸਹੀ ਸਮੇਂ ਤੇ ਦੰਦਾਂ ਦੇ ਡਾਕਟਰ ਨੂੰ ਨਾਂ ਦਿਖਾਵਾਂਗੇ ਤਾਂ ਮਸੂੜਿਆਂ ਅਤੇ ਜਬਾੜ੍ਹੇ ਵਿੱਚ ਰੇਸ਼ਾ ਵੀ ਪੈ ਸਕਦਾ ਹੈ।ਇਸ ਲਈ ਸਾਨੂੰ ਸਮੇਂ ਸਮੇਂ ਤੇ ਦੰਦਾਂ ਦੇ ਡਾਕਟਰ ਕੋਲ ਚੈੱਕਅਪ ਅਤੇ ਇਲਾਜ ਲਈ ਜਾਣਾਂ ਚਾਹੀਦਾ ਹੈ। ਸਮੇਂ ਸਿਰ ਇਲਾਜ ਕਰਵਾਉਣ ਨਾਲ ਦੰਦਾਂ ਵਿਚਲੀ ਖੋੜ ਭਰੀ ਜਾ ਸਕਦੀ ਹੈ ਤੇ ਦੰਦਾਂ ਦੀ ਉਮਰ ਵਧਾਈ ਜਾ ਸਕਦੀ ਹੈ। ਸਾਨੂੰ ਆਪਣੇ ਬੱਚਿਆਂ ਨੂੰ ਬਚਪਨ ਤੋਂ ਹੀ ਦੰਦਾਂ ਦੀ ਦੇਖਭਾਲ ਅਤੇ ਸੰਭਾਲ ਦੀ ਆਦਤ ਪਾਉਣੀ ਚਾਹੀਦੀ ਹੈ। ਦਿਨ ਵਿੱਚ 2 ਵਾਰ ਬੁਰਸ਼ ਘੱਟੋ ਘੱਟ 2 ਮਿੰਟ ਲਈ ਕਰਨਾ ਬਹੁਤ ਜ਼ਰੂਰੀ ਹੈ। ਜਦੋਂ ਬੱਚਿਆਂ ਦੇ ਦੁੱਧ ਦੇ ਦੰਦ ਵਾਲੇ ਦੰਦ ਟੁੱਟਦੇ ਹਨ ਅਤੇ ਨਵੇਂ ਦੰਦ ਆਉਂਦੇ ਹਨ ਤਾਂ ਉਸ ਹਾਲਤ ਵਿੱਚ ਡਾਕਟਰ ਕੋਲ ਜਾਣਾਂ ਬਹੁਤ ਜ਼ਰੂਰੀ ਹੁੰਦਾ ਹੈ। ਜੇਕਰ ਕਿਸੇ ਬੱਚੇ ਨੂੰ ਅੰਗੂਠਾ ਚੂਸਣ ਦੀ ਆਦਤ ਹੋਵੇ ਤਾਂ ਵੀ ਦੰਦਾਂ ਵਾਲਾ ਡਾਕਟਰ ਬਹੁਤ ਮੱਦਦ ਕਰ ਸਕਦਾ ਹੈ। ਖ਼ੂਨ ਦੀ ਕਮੀਂ ਕਾਰਨ,ਪੇਟ ਖ਼ਰਾਬ ਹੋਣ ਕਾਰਨ ਜਾਂ ਫਿਰ ਹੋਰ ਬਿਮਾਰੀ ਕਾਰਨ ਮੂੰਹ ਦੇ ਵਿੱਚ ਛਾਲੇ ਹੋ ਜਾਣ ਜਾਂ ਫਿਰ ਮਿਰਚਾਂ ਲੱਗਣ ਤਾਂ ਵੀ ਦੰਦਾਂ ਵਾਲਾ ਡਾਕਟਰ ਇਸ ਦਾ ਇਲਾਜ ਕਰ ਸਕਦਾ ਹੈ।ਅਗਰ ਅਸੀਂ ਦੰਦਾਂ ਦੀ ਸਾਂਭ ਸੰਭਾਲ ਨਹੀਂ ਕਰਦੇ ਤਾਂ ਦੰਦਾਂ ਦੇ ਵਿੱਚ ਪੀਲ਼ਾਪਣ ਵੀ ਆ ਜਾਦਾਂ ਹੈ ਅਤੇ ਦੰਦ ਢਿੱਲੇ ਵੀ ਹੋ ਜਾਂਦੇ ਹਨ।ਜਿਸ ਨਾਲ ਦੰਦ ਹਿੱਲਣ ਲੱਗਦੇ ਹਨ ਅਤੇ ਮਸੂੜਿਆਂ ਵਿੱਚੋਂ ਖ਼ੂਨ ਆਉਣਾ ਸ਼ੁਰੂ ਹੋ ਜਾਦਾਂ ਹੈ। ਦੰਦਾਂ ਦੀ ਸਹੀ ਸੰਭਾਲ ਅਤੇ ਸਮੇਂ ਤੇ ਇਲਾਜ ਦੰਦਾਂ ਨੂੰ ਖ਼ਰਾਬ ਹੋਣ ਤੋਂ ਬਚਾ ਸਕਦਾ ਹੈ। ਨਸ਼ੀਲੇ ਪਦਾਰਥ ਤੰਬਾਕੂ, ਜ਼ਰਦਾ,ਬੀੜੀ, ਗੁਟਕਾ ਖਾਣ ਨਾਲ ਮੂੰਹ ਵਿੱਚ ਕੈਂਸਰ ਵਰਗੀ ਬਿਮਾਰੀ ਵੀ ਲੱਗ ਸਕਦੀ ਹੈ । ਤੰਬਾਕੂ ਨਸ਼ੇ ਦੀ ਆਦਤ ਨੂੰ ਛਡਾਉਣ ਲਈ ਵੀ ਦੰਦਾਂ ਦਾ ਡਾਕਟਰ ਇੱਕ ਮਹੱਤਵਪੂਰਣ ਰੋਲ ਅਦਾ ਕਰਦਾ ਹੈ।ਅੱਜ ਕੱਲ ਤਰੱਕੀ ਦੇ ਦੋਰ ਵਿੱਚ ਦੰਦਾਂ ਦਾ ਇਲਾਜ ਵੀ ਮਾਡਰਨ ਤਕਨੀਕ ਨਾਲ ਕੀਤਾ ਜਾਂਦਾ ਹੈ। ਪਹਿਲਾਂ ਜਿਹੜੇ ਬਜ਼ੁਰਗਾਂ ਦੇ ਦੰਦ ਟੁੱਟ ਜਾਂਦੇ ਸਨ ਉਹ ਬਜ਼ੁਰਗ ਜਿਹੜੇ ਦੰਦ ਲਗਾਉਂਦੇ ਸਨ ਉਹਨਾਂ ਦੰਦਾਂ ਨੂੰ ਵਾਰ ਵਾਰ ਮੂੰਹ ਵਿੱਚ ਲਗਾਉਣਾ ਲਾਉਣਾ ਪੈਂਦਾ ਸੀ ਪਰ ਅੱਜ ਕੱਲ ਦੰਦ ਹੱਡੀ ਵਿੱਚ ਫਿਕਸ ਕਰ ਦਿੰਤੇ ਜਾਂਦੇ ਹਨ ਅਤੇ ਸਾਰਾ ਕੁਝ ਬੜੇ ਅਰਾਮ ਨਾਲ ਖਾ ਪੀ ਸਕਦੇ ਹਾਂ।



**ਡਾਕਟਰ ਭਵਨਦੀਪ ਕੌਰ ਪ੍ਰੋਫੈਸਰ ਅਤੇ ਐਚ.ਓ.ਡੀ ਜੈਨਸਿਸ ਡੈਂਟਲ ਕਾਲਜ ਫਿਰੋਜ਼ਪੁਰ**

**ਕੌਮਾਂਤਰੀ ਮਨੁੱਖੀ ਅਧਿਕਾਰ ਸੰਸਥਾ ਆਕਸਫੈਮ ਦੀ 16 ਜਨਵਰੀ 2017 ਨੂੰ ਜਾਰੀ ਇਕ ਰਿਪੋਰਟ ਨੇ ਅਮੀਰੀ ਗ਼ਰੀਬੀ ਦੇ ਪਾੜੇ ਨੂੰ ਬਾਖ਼ੂਬੀ ਦਰਸਾਇਆ ਹੈ। ਰਿਪੋਰਟ ਅਨੁਸਾਰ ਦੁਨੀਆ ਦੀ ਅੱਧੀ ਦੌਲਤ ਸਿਰਫ਼ 8 ਵਿਅਕਤੀਆਂ ਕੋਲ ਹੈ ਜੋ ਆਪਣੇ ਆਪ 'ਚ ਹੀ ਅਸਾਧਾਰਨਤਾ ਹੈ। ਇਨ੍ਹਾਂ ਅਮੀਰਾਂ 'ਚ 6 ਅਮਰੀਕਨ, ਇਕ ਯੂਰਪੀਅਨ ਤੇ ਇਕ ਮੈਕਸੀਕੋ ਵਾਸੀ ਹੈ...**




# 8 ਵਿਅਕਤੀ ਦੁਨੀਆ ਦੀ ਅੱਧੀ ਦੌਲਤ ਦੇ ਮਾਲਕ

ਦੁਨੀਆ 'ਚ ਅਮੀਰ-ਗਰੀਬ ਦਾ ਪਾੜਾ ਦਿਨੋ ਦਿਨ ਵਧ ਰਿਹਾ ਹੈ। ਮੁਕੇਸ਼ ਅੰਬਾਨੀ ਭਾਰਤ ਦੇ ਸਭ ਤੋਂ ਅਮੀਰ ਵਿਅਕਤੀ ਹਨ ਇਹ ਤਾਂ ਸਭ ਨੂੰ ਪਤਾ ਹੋਵੇਗਾ ਪਰ ਕੀ ਤੁਸੀਂ ਜਾਣਦੇ ਹੋ ਕਿ ਉਨ੍ਹਾਂ ਕੋਲ ਕਈ ਦੇਸ਼ਾਂ ਤੋਂ ਵੀ ਜ਼ਿਆਦਾ ਦੌਲਤ ਹੈ। ਫੋਰਬਸ ਦੀ ਇਕ ਰਿਪੋਰਟ ਮੁਤਾਬਕ, ਮੁਕੇਸ਼ ਅੰਬਾਨੀ ਦੁਨੀਆ ਦੇ ਕੁੱਲ 19 ਦੇਸ਼ਾਂ ਤੋਂ ਵੀ ਜ਼ਿਆਦਾ ਅਮੀਰ ਹਨ। ਮਤਲਬ ਕਿ ਇਨ੍ਹਾਂ 19 ਦੇਸ਼ਾਂ ਦੀ ਜੀ.ਡੀ.ਪੀ ਮੁਕੇਸ਼ ਅੰਬਾਨੀ ਦੀ ਦੌਲਤ ਅੱਗੇ ਫਿੱਕੀ ਹੈ। ਜਿਨ੍ਹਾਂ ਦੇਸ਼ਾਂ ਦੀ ਜੀ.ਡੀ.ਪੀ ਮੁਕੇਸ਼ ਅੰਬਾਨੀ ਨਾਲੋਂ ਘੱਟ ਹੈ, ਉਸ 'ਚ ਭਾਰਤ ਦੇ 2 ਗੁਆਂਢੀ ਦੇਸ਼ ਨੇਪਾਲ ਅਤੇ ਅਫਗਾਨਿਸਤਾਨ ਦਾ ਨਾਂ ਵੀ ਸ਼ਾਮਲ ਹੈ। ਇਸ ਤੋਂ ਇਲਾਵਾ ਇਸ ਸੂਚੀ 'ਚ ਕੁਝ ਯੂਰਪੀ ਅਤੇ ਅਫਰੀਕੀ ਦੇਸ਼ਾਂ ਦੇ ਨਾਂ ਆਉਂਦੇ ਹਨ। ਮੁਕੇਸ਼ ਅੰਬਾਨੀ ਦੀ ਕੁੱਲ ਦੌਲਤ ਇਸ ਸਮੇਂ ਤਕਰੀਬਨ 23.1 ਅਰਬ ਡਾਲਰ ਹੈ ਜਦੋਂ ਕਿ ਕੁਝ ਅਜਿਹੇ ਦੇਸ਼ ਵੀ ਹਨ, ਜਿਨ੍ਹਾਂ ਦੀ ਜੀ.ਡੀ.ਪੀ 23 ਅਰਬ ਡਾਲਰ ਤੋਂ ਘੱਟ ਹੈ। ਇਨ੍ਹਾਂ 'ਚ ਕੁਝ ਦੇਸ਼ ਭਿਆਨਕ ਭੁੱਖਮਰੀ ਅਤੇ ਗਰੀਬੀ ਦੀ ਮਾਰ ਝੱਲ ਰਹੇ ਹਨ। ਕੁਝ ਦੇਸ਼ ਆਪਣੇ ਛੋਟੇ ਅਕਾਰ ਅਤੇ ਛੋਟੀ ਆਬਾਦੀ ਦੇ ਮੱਦੇਨਜ਼ਰ ਮੁਕੇਸ਼ ਅੰਬਾਨੀ ਦੀ ਦੌਲਤ ਤੋਂ ਘੱਟ ਜੀ.ਡੀ.ਪੀ ਵਾਲੇ ਹਨ। ਇਨ੍ਹਾਂ 'ਚ ਯੂਰਪ ਦਾ ਅਲਬਾਨੀਆ, ਨਿਕਾਰਾਗੁਆ (ਸੈਂਟਰਲ ਅਮਰੀਕਾ), ਲਾਓਸ (ਏਸ਼ੀਆ), ਜਮਾਇਕਾ (ਉੱਤਰੀ ਅਮਰੀਕਾ), ਮਾਲੀ (ਅਫਰੀਕਾ), ਜ਼ਿੰਬਾਬਵੇ (ਅਫਰੀਕਾ), ਜਾਰਜੀਆ, ਗੈਬਾਨ ਆਈਲੈਂਡ (ਸੈਂਟਰਲ ਅਫਰੀਕਾ), ਸੇਨੇਗਲ (ਪੱਛਮੀ ਅਫਰੀਕਾ), ਬੋਸਨੀਆ (ਯੂਰਪ), ਅਫਗਾਨਿਸਤਾਨ (ਏਸ਼ੀਆ), ਕੰਬੋਡੀਆ (ਏਸ਼ੀਆ), ਆਈਸਲੈਂਡ (ਯੂਰਪ), ਪਾਪੂਆ ਨਿਊ ਗਿਨੀ, ਸਾਈਪ੍ਰਸ, ਜ਼ਾਮਬਿਆ, ਹੋਂਡੂਰਾਸ (ਅਮਰੀਕਾ), ਤਰੀਨੀਡੈਡ ਐਂਡ ਤੋਬਾਕੋ (ਸਾਊਥ ਅਮਰੀਕਾ) ਅਤੇ ਨੇਪਾਲ ਸ਼ਾਮਲ ਹਨ। ਇਨ੍ਹਾਂ ਦੇਸ਼ਾਂ ਦੀ ਜੀ.ਡੀ.ਪੀ ਮੁਕੇਸ਼ ਅੰਬਾਨੀ ਦੀ ਆਮਦਨ ਨਾਲੋਂ ਘੱਟ ਹੈ। ਭਾਰਤ ਦੇ ਦੂਜੇ ਸਭ ਤੋਂ ਅਮੀਰ ਵਿਅਕਤੀ ਦਿਲੀਪ ਸ਼ੰਘਵੀ ਦੀ ਕੁੱਲ ਆਮਦਨ ਤਕਰੀਬਨ 15.8 ਅਰਬ ਡਾਲਰ ਹੈ ਤੇ ਭਾਰਤ ਦੇ ਤੀਜੇ ਸਭ ਤੋਂ ਅਮੀਰ ਵਿਅਕਤੀ ਵਿਪਰੋ ਕੰਪਨੀ ਦੇ ਅੰਜੀਮ ਪਰੇਮ ਜੀ ਦੀ ਕੁੱਲ ਆਮਦਨ ਤਕਰੀਬਨ 15.4 ਅਰਬ ਡਾਲਰ ਹੈ। ਇਨ੍ਹਾਂ ਦੋਹਾਂ ਅਮੀਰ ਵਿਅਕਤੀਆਂ ਦੀ ਆਮਦਨ ਵੀ 9 ਦੇਸ਼ਾਂ ਨਾਲੋਂ ਵੱਧ ਹੈ। ਭਾਰਤ ਦੇ ਚੌਥੇ ਸਭ ਤੋਂ ਅਮੀਰ ਵਿਅਕਤੀ ਲਕਸ਼ਮੀ ਮਿੱਤਲ ਦੀ ਕੁੱਲ ਆਮਦਨ 13.3 ਅਰਬ ਡਾਲਰ ਹੈ ਜੋ ਕਿ ਅਲਬਾਨੀਆ ਦੇਸ਼ ਤੋਂ ਵੱਧ ਹੈ।



ਕੌਮਾਂਤਰੀ ਮਨੁੱਖੀ ਅਧਿਕਾਰ ਸੰਸਥਾ ਆਕਸਫੈਮ ਦੀ 16 ਜਨਵਰੀ 2017 ਨੂੰ ਜਾਰੀ ਇਕ ਰਿਪੋਰਟ ਨੇ ਅਮੀਰੀ ਗ਼ਰੀਬੀ ਦੇ ਪਾੜੇ ਨੂੰ ਬਾਖੂਬੀ ਦਰਸਾਇਆ ਹੈ। ਰਿਪੋਰਟ ਅਨੁਸਾਰ ਦੁਨੀਆ ਦੀ ਅੱਧੀ ਦੌਲਤ ਸਿਰਫ਼ 8 ਵਿਅਕਤੀਆਂ ਕੋਲ ਹੈ ਜੋ ਆਪਣੇ ਆਪ 'ਚ ਹੀ ਅਸਾਧਾਰਨਤਾ ਹੈ। ਇਨ੍ਹਾਂ ਅਮੀਰਾਂ 'ਚ 6 ਅਮਰੀਕਨ, ਇਕ ਯੂਰਪੀਅਨ ਤੇ ਇਕ ਮੈਕਸੀਕੋ ਵਾਸੀ ਹੈ। ਦੁਨੀਆ ਦੇ 8 ਅਮੀਰ ਵਿਅਕਤੀਆਂ 'ਚ ਸ਼ਾਮਲ ਹਨ ਮਾਈਕ੍ਰੋਸਾਫਟ ਕੰਪਨੀ ਦੇ ਮਾਲਕ ਬਿਲ ਗੇਟਸ 75 ਬਿਲੀਅਨ ਡਾਲਰ ਦੇ ਮਾਲਕ, ਯੂਰਪ ਦੇ 'ਜ਼ਾਰਾ ਫੈਸ਼ਨ ਸ਼ੌਪ' ਗਰੁੱਪ ਦੇ ਮਾਲਕ ਅਮੈਨਸੀਓ ਓਰਟੇਗਾ 67 ਬਿਲੀਅਨ ਡਾਲਰ ਦੇ ਮਾਲਕ, ਅਮਰੀਕਾ ਦੇ ਵਾਰੇਨ ਬੁਫੇਟ 60.8 ਬਿਲੀਅਨ ਡਾਲਰ ਦੇ ਮਾਲਕ, ਮੈਕਸੀਕਨ ਕਾਰਲੋਸ ਸਲਿਮ ਹੇਲੂ 50 ਬਿਲੀਅਨ ਡਾਲਰ ਦੇ ਮਾਲਕ, ਅਮੇਜ਼ਨ ਡਾਟ ਕਾਮ ਦੇ ਫਾਊਂਡਰ ਜੈਫ ਬੇਜੋਸ 45.2 ਬਿਲੀਅਨ ਡਾਲਰ ਦੇ ਮਾਲਕ, ਫੇਸਬੁੱਕ ਦੇ ਫਾਊਂਡਰ ਮਾਰਕ ਜ਼ੁਕਰਬਰਗ 44.5 ਬਿਲੀਅਨ ਡਾਲਰ ਦੇ ਮਾਲਕ, ਓਰੈਕਲ ਫਾਊਂਡਰ ਲੈਰੀ ਐਲੀਜ਼ਨ 43.6 ਬਿਲੀਅਨ ਡਾਲਰ ਦੇ ਮਾਲਕ ਅਤੇ ਮਾਈਕਲ ਬਲੂਮਬਰਗ 40 ਬਿਲੀਅਨ ਡਾਲਰ ਦੇ ਮਾਲਕ। ਸਭ ਤੋਂ ਵੱਧ ਅਮੀਰ ਅਮਰੀਕਾ ਅਤੇ ਯੂਰਪ 'ਚ ਹਨ ਅਤੇ ਗਰੀਬ ਅਮਰੀਕਾ ਤੇ ਏਸ਼ੀਆ 'ਚ ਹਨ। ਆਕਸਫੈਮ ਦੀ ਪਿਛਲੇ ਸਾਲ ਦੀ ਰਿਪੋਰਟ 'ਚ ਇਹ ਸ਼ੁਮਾਰ ਸੀ ਕਿ ਦੁਨੀਆ ਦੀ ਅੱਧੀ ਦੌਲਤ 62 ਧਨਕੁਬੇਰਾਂ ਕੋਲ ਸੀ ਪਰ ਇਕ ਸਾਲ ਦੇ ਵਿਚ ਹੀ ਇਨ੍ਹਾਂ ਦੀ ਗਿਣਤੀ ਘਟ ਕੇ ਅੱਠ ਰਹਿ ਗਈ ਹੈ। ਭਾਰਤ ਦੇ 57 ਵਿਅਕਤੀਆਂ ਕੋਲ 70 ਫ਼ੀਸਦੀ ਅਬਾਦੀ ਦੇ ਬਰਾਬਰ ਦੌਲਤ ਹੈ। ਸਾਡੇ ਮੁਲਕ 'ਚ ਇਕ ਫ਼ੀਸਦੀ ਅਰਬਪਤੀ ਦੇਸ਼ ਦੀ 58 ਫ਼ੀਸਦੀ ਦੌਲਤ 'ਤੇ ਕਾਬਜ਼ ਹਨ। ਦੇਸ਼ ਦੀ ਕੁੱਲ 3.2 ਲੱਖ ਕਰੋੜ ਡਾਲਰ ਦੀ ਪੂੰਜੀ 'ਚੋਂ ਮੁਕੇਸ਼ ਅੰਬਾਨੀ 1.30 ਲੱਖ ਕਰੋੜ ਡਾਲਰ ਦਾ ਮਾਲਕ ਹੈ।

ਸਾਡਾ ਦੇਸ਼ ਵਿਕਾਸਸ਼ੀਲ ਦੇਸ਼ਾਂ ਦੀ ਕਤਾਰ ਵਿਚ ਹੈ ਤੇ ਵਿਕਸਤ ਦੇਸ਼ਾਂ ਦੇ ਬਰਾਬਰ ਜਾਣ ਲਈ ਤਤਪਰ ਹੈ।ਗਰੀਬੀ, ਭੁੱਖਮਰੀ, ਗੁਲਾਮੀ ਅਤੇ ਭ੍ਰਿਸ਼ਟਾਚਾਰ ਸਾਰੇ ਵਿਕਾਸਸ਼ੀਲ ਦੇਸ਼ਾਂ ਦੀ ਸਮੱਸਿਆ ਹੈ। ਇਨ੍ਹਾਂ ਦੇ ਹੱਲ ਲਈ ਸੂਝਵਾਨ ਨੇਤਾਵਾਂ ਤੇ ਪ੍ਰਬੰਧਕਾਂ ਵੱਲੋਂ ਇਮਾਨਦਾਰੀ ਨਾਲ ਚੰਗੀਆਂ ਨੀਤੀਆਂ ਲਾਗੂ ਕਰਨ ਲਈ ਪੂਰੇ ਦੇਸ਼ ਦੀ ਇਕਜੁਟਤਾ ਲਾਜ਼ਮੀ ਹੈ। ਸੋਨੇ ਦੀ ਚਿੜੀ ਸਮਝੇ ਜਾਂਦੇ ਇਸ ਦੇਸ਼ ਨੂੰ ਵਿਦੇਸ਼ੀ ਹਮਲਾਵਾਰਾਂ ਅਤੇ ਇਥੋਂ ਦੇ ਭ੍ਰਿਸ਼ਟ ਹਾਕਮਾਂ ਨੇ ਨੋਚ-ਨੋਚ ਕੇ ਖਾ ਲਿਆ ਹੈ, ਇਸ ਕਰਕੇ ਕੁਦਰਤੀ ਨਿਆਮਤਾਂ ਨਾਲ ਲਬਰੇਜ ਹੋਣ ਦੇ ਬਾਵਜੂਦ ਦੇਸ਼ ਦੇ ਲੋਕ ਗੁਰਬਤ ਦੇ ਦਿਨ ਕੱਟਣ ਲਈ ਮਜਬੂਰ ਹਨ। ਇਥੋਂ ਦੇ ਲੋਕਾਂ ਦੀ ਗ਼ਰੀਬੀ ਦਾ ਮੁੱਖ ਕਾਰਨ ਅਨਪੜ੍ਹਤਾ, ਬੇਰੁਜ਼ਗਾਰੀ, ਸਹੀ ਨੀਤੀਆਂ ਦੀ ਕਮੀ ਤੇ ਭ੍ਰਿਸ਼ਟਾਚਾਰ ਆਦਿ ਹੈ। ਭ੍ਰਿਸ਼ਟਾਚਾਰ ਕਾਰਨ ਦੇਸ਼ ਦਾ ਅਰਬਾਂ ਰੁਪਇਆ ਵਿਦੇਸ਼ੀ ਬੈਂਕਾਂ ਵਿਚ ਜਮ੍ਹਾਂ ਪਿਆ ਹੈ ਤੇ ਹੋਰ ਵੀ ਜਮ੍ਹਾ ਹੋ ਰਿਹਾ ਹੈ, ਜੋ ਕਾਲਾ ਧਨ ਹੋਣ ਕਾਰਨ ਦੇਸ਼ ਦੇ ਲੋਕਾਂ ਦੀ ਜ਼ਿੰਦਗੀ ਦੇ ਅਹਿਮ ਦਿਨ ਕਾਲੇ ਕਰ ਰਿਹਾ ਹੈ। ਗ਼ਰੀਬ ਲੋਕਾਂ ਦਾ ਨਾ ਤਾਂ ਸਰੀਰਕ ਵਿਕਾਸ ਹੁੰਦਾ ਹੈ ਤੇ ਨਾ ਹੀ ਮਾਨਸਿਕ। ਉਹ ਸਾਰੀ ਉਮਰ ਰੋਜ਼ੀ ਰੋਟੀ ਲਈ ਖਪਦੇ ਮਰ ਜਾਂਦੇ ਹਨ। ਗ਼ਰੀਬੀ ਨੂੰ ਭਾਵੇਂ ਧਰਮਾਂ ਨੇ ਸਲਾਹਿਆ ਹੈ ਪਰ ਜ਼ਿੰਦਗੀ ਬਸਰ ਕਰਨ ਲਈ ਪੈਸੇ ਦੀ ਅਹਿਮ ਲੋੜ ਹੈ। ਪੈਸੇ ਤੋਂ ਬਿਨਾਂ ਕਿਸੇ ਨੂੰ ਕੋਈ ਨਹੀਂ ਸਿਆਣਦਾ। ਸਾਡੇ ਦੇਸ਼ ਦੀ ਜ਼ਿਆਦਾਤਰ ਆਬਾਦੀ ਗ਼ਰੀਬੀ ਤੋਂ ਪੀੜਤ ਹੈ। ਪੇਟ ਦੀ ਅੱਗ ਬੁਝਾਉਣ ਲਈ ਲੋਕ ਖ਼ੂਨ, ਸਰੀਰ ਦੇ ਅੰਗ ਵੇਚਣ ਤਕ ਮਜਬੂਰ ਹਨ। ਛੋਟੇ ਛੋਟੇ ਬੱਚੇ ਸਕੂਲ ਜਾਣ ਦੀ ਉਮਰੇ ਮਜ਼ਦੂਰੀ ਕਰਦੇ ਹਨ। ਇਨ੍ਹਾਂ ਸਭ ਸਮੱਸਿਆਵਾਂ ਦੀ ਜੜ੍ਹ ਗ਼ਰੀਬੀ ਹੈ। ਗ਼ਰੀਬਾਂ ਲਈ ਕੁੱਲੀ, ਗੁੱਲੀ, ਜੁੱਲੀ, ਸਿੱਖਿਆ ਤੇ ਚੰਗੀ ਸਿਹਤ ਦਾ ਪ੍ਰਬੰਧ ਹੋਣਾ ਚਾਹੀਦਾ ਹੈ। ਦਾਨ ਦੇ ਮਹੱਤਵ ਨੂੰ ਸਮਝਦੇ ਹੋਏ ਸਮਾਜ ਇਸ ਪਾਸੇ ਲਾਮਬੰਦ ਹੋਵੇ ਕਿ ਗ਼ਰੀਬਾਂ ਲਈ ਕੁਝ ਚੰਗਾ ਕੀਤਾ ਜਾਵੇ। ਉਨ੍ਹਾਂ ਨੂੰ ਗ਼ਰੀਬੀ ਦੇ ਸਰਾਪ ਤੋਂ ਮੁਕਤ ਕਰਨ ਲਈ ਹਰ ਸੰਭਵ ਯਤਨ ਕਰਨੇ ਚਾਹੀਦੇ ਹਨ। ਲੋਕਾਂ ਨੂੰ ਵੀ ਚਾਹੀਦਾ ਹੈ ਗ਼ਰੀਬੀ ਨੂੰ ਕਿਸਮਤ ਦੀ ਖੇਡ ਨਾ ਸਮਝ ਕੇ ਇਸ ਨੂੰ ਦੂਰ ਕਰਨ ਲਈ ਜਾਗਰੂਕਤਾ ਨਾਲ ਸਖ਼ਤ ਮਿਹਨਤ ਦਾ ਪੱਲਾ ਫੜਨ। ਰੁਜ਼ਗਾਰ ਦੇ ਮੌਕੇ ਵੱਧ ਤੋਂ ਵੱਧ ਪੈਦਾ ਕੀਤੇ ਜਾਣ।•

*ਮੁਕੇਸ਼ ਅੰਬਾਨੀ ਦੀ ਕੁੱਲ ਦੌਲਤ ਇਸ ਸਮੇਂ ਤਕਰੀਬਨ 23.1 ਅਰਬ ਡਾਲਰ ਹੈ ਜਦੋਂ ਕਿ ਕੁਝ ਅਜਿਹੇ ਦੇਸ਼ ਵੀ ਹਨ, ਜਿਨ੍ਹਾਂ ਦੀ ਜੀ.ਡੀ.ਪੀ 23 ਅਰਬ ਡਾਲਰ ਤੋਂ ਘੱਟ ਹੈ। ਇਨ੍ਹਾਂ 'ਚ ਕੁਝ ਦੇਸ਼ ਭਿਆਨਕ ਭੁੱਖਮਰੀ ਅਤੇ ਗ਼ਰੀਬੀ ਦੀ ਮਾਰ ਝੱਲ ਰਹੇ ਹਨ। ਕੁਝ ਦੇਸ਼ ਆਪਣੇ ਛੋਟੇ ਅਕਾਰ ਅਤੇ ਛੋਟੀ ਆਬਾਦੀ ਦੇ ਮੱਦੇਨਜ਼ਰ ਮੁਕੇਸ਼ ਅੰਬਾਨੀ ਦੀ ਦੌਲਤ ਤੋਂ ਘੱਟ ਜੀ.ਡੀ.ਪੀ ਵਾਲੇ ਹਨ।*



*ਦੇਸ਼ ਦੀ ਕੁੱਲ 3.2 ਲੱਖ ਕਰੋੜ ਡਾਲਰ ਦੀ ਪੂੰਜੀ 'ਚੋਂ*
***1.30 ਲੱਖ ਕਰੋੜ ਡਾਲਰ***
*ਦਾ ਮੁਕੇਸ਼ ਅੰਬਾਨੀ ਮਾਲਕ ਹੈ।*

# Preetnama

ਪ੍ਰੀਤਨਾਮਾ
ਖ਼ਰਾ ਸੱਚ

Khara Sach

On our English language New Website
WWW.PREET NEWS.COM

Cheif Editor
Pritpal Kaur
+1 201-312-4180

Vol 4, Issue 230

Website: www.preetnama.com Email preetnamausa@gmail.com

08 DEC TO 14 DEC, 2023




# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREET NEWS.COM

Cheif Editor
Pritpal Kaur
+1 201-312-4180

Vol 4, Issue 230

Website: www.preetnama.com Email preetnamausa@gmail.com

08 DEC TO 14 DEC, 2023




# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREET NEWS.COM

Cheif Editor
Pritpal Kaur
+1 201-312-4180

Vol 4, Issue 230

Website: www.preetnama.com Email preetnamausa@gmail.com

08 DEC TO 14 DEC, 2023




# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREET NEWS.COM

Cheif Editor
Pritpal Kaur
+1 201-312-4180

Vol 4, Issue 230

Website: www.preetnama.com Email preetnamausa@gmail.com

08 DEC TO 14 DEC, 2023




# ਪ੍ਰੀਤ ਫੁਲਵਾੜੀ

## ਰੱਬ ਨੂੰ

ਚੰਨ ਦੀ ਚਾਨਣੀ ਵਿੱਚ ਤੂੰ ਏਂ
ਹਰ ਪੱਤੇ ਟਾਹਣੀ ਵਿੱਚ ਤੂੰ ਏਂ।
ਮੌਸਮ ਵਿਚ, ਰੁੱਤਾਂ ਵਿੱਚ ਤੂੰ ਏਂ
ਧੀਆਂ ਵਿੱਚ, ਪੁੱਤਾਂ ਵਿੱਚ ਤੂੰ ਏਂ।
ਹਰ ਇੱਕ ਸਾਹ ਵਿੱਚ ਤੂੰ ਏਂ
ਹਰ ਇੱਕ ਰਾਹ ਵਿੱਚ ਤੂੰ ਏਂ।
ਕੋਇਲ ਦੀ ਕੂ-ਕੂ ਵਿੱਚ ਤੂੰ ਏਂ
ਚਿੜੀਆਂ ਦੀ ਚੂ-ਚੂ ਵਿੱਚ ਤੂੰ ਏਂ।
ਮਿਰਜ਼ੇ ਦੇ ਤੀਰਾਂ ਵਿੱਚ ਤੂੰ ਏਂ
ਰਾਂਝੇ ਤੇ ਹੀਰਾਂ ਵਿੱਚ ਤੂੰ ਏਂ।
ਕੁਦਰਤ ਦੇ ਕਣ-ਕਣ ਵਿੱਚ ਤੂੰ ਏਂ
ਝਾਂਜਰ ਦੀ ਛਣ-ਛਣ ਵਿੱਚ ਤੂੰ ਏਂ।
ਰੋਂਦਿਆਂ ਹੱਸਦਿਆਂ ਵਿੱਚ ਤੂੰ ਏਂ
ਅੰਨ੍ਹਿਆਂ ਤੇ ਤੱਕਦਿਆਂ ਵਿੱਚ ਤੂੰ ਏਂ।
ਡੁੱਬਦੇ ਨੂੰ ਪਾਰ ਲੰਘਾਉਂਦਾ ਤੂੰ ਏਂ
ਭੁੱਲਿਆਂ ਨੂੰ ਰਾਹ ਪਾਉਂਦਾ ਤੂੰ ਏਂ।
ਹਰ ਇੱਕ ਹਸਤੀ ਵਿੱਚ ਤੂੰ ਏਂ
ਮੌਜ ਵਿੱਚ, ਮਸਤੀ ਵਿੱਚ ਤੂੰ ਏਂ।
ਘਟਾ ਘਨਘੋਰਾਂ ਵਿੱਚ ਤੂੰ ਏਂ
ਨੱਚਦਿਆਂ ਮੋਰਾਂ ਵਿੱਚ ਤੂੰ ਏਂ।
ਜੰਗਲਾਂ ਬੇਲਿਆਂ ਵਿੱਚ ਤੂੰ ਏਂ
ਮੇਲੀ ਤੇ ਮੇਲਿਆਂ ਵਿੱਚ ਤੂੰ ਏਂ।
ਕਿਸਮਤ ਵਿੱਚ ਕਰਮਾਂ ਵਿੱਚ ਤੂੰ ਏਂ
ਮਾਂ ਦਿਆਂ ਚਰਨਾਂ ਵਿੱਚ ਤੂੰ ਏਂ।

**ਅਮਰਬੀਰ ਸਿੰਘ ਚੀਮਾ**
**ਸਰਹਿੰਦ ਸ਼ਹਿਰ, ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ**
**ਮੋਬਾਈਲ ਨੰ: 9888940211**

## ਇਸ਼ਕ ਸੰਸਾਰ

ਟੁੱਟਿਆ ਦਿਲ, ਆਵਾਜ਼ ਆਈ।
ਤੂੰ ਜਾ ਗਾਈ, ਤੂੰ ਜਾ ਗਾਈ।
ਦੱਸ ਦੇ ਓ ਦਿਲ ਕਿਹੜਾ,ਜਿਹੜਾ ਟੁੱਟਿਆ ਨਹੀਂ।
ਕਿਸੇ ਦੇ ਦਿਲ ਨੂੰ, ਕਿਸੇ ਨੇ ਲੁੱਟਿਆ ਨਹੀਂ।
ਕੋਈ ਹਾਰ ਜਾਂਦਾ, ਕੋਈ ਜਿੱਤ ਜਾਂਦਾ।
ਕਿਸੇ ਨੂੰ ਮਿਲ ਜਾਂਦਾ,ਰੁੱਸ ਕਿਸੇ ਦਾ ਮਿੱਤ ਜਾਂਦਾ।
ਨਾ ਦਿਲ ਦੇਖੇ ਕੋਈ,ਪਿਆਰ ਵਪਾਰ ਅੰਦਰ।
ਮਰਦੇ ਸਾਰੇ ਸੰਗਰੂਰਵੀ, ਇਸ਼ਕ ਸੰਸਾਰ ਅੰਦਰ।
ਖੁਸ਼ੀ ਦਾ ਸੋਮਾ ਅੰਦਰੋਂ ਫੁੱਟਦਾ,
ਰੱਖ ਕਾਬੂ ਜਜ਼ਬਾਤਾਂ ਤੇ।
ਹਰ ਹੀਲੇ ਜੀਣਾ ਪੈਂਦਾ ਸੰਗਰੂਰਵੀ,
ਦੋ ਹੱਥ ਕਰਨੇ ਪੈਂਦੇ ਨਾਲ ਹਾਲਾਤਾਂ ਦੇ।
ਨਾ ਕਰੋ ਪ੍ਰਵਾਹ ਕਿਸੇ ਦੀ,
ਆਪਣੇ ਆਪ ਵਿਚ ਮਸਤ ਰਹੋ।
ਘੱਟ ਲਿਖੋ,ਪੜ੍ਹੋ ਜ਼ਿਆਦਾ,
ਸੰਖੇਪ ਸ਼ਬਦਾਂ ਵਿੱਚ ਗੱਲ ਕਹੋ।

**ਸਰਬਜੀਤ ਸੰਗਰੂਰਵੀ**
**ਪੁਰਾਣੀ ਅਨਾਜ ਮੰਡੀ ਸੰਗਰੂਰ।**
9463162463

## ਪਲੀਤ ਗੰਗਾ

ਕਹਿਰ ਖੁਦਾ ਦਾ ਆਹ ਕੀ ਹੋਇਆ,
ਗੰਗਾ ਪਈ ਪੁਕਾਰੇ ॥
ਅੱਧਛੜੀਆ ਆਹ ਲੋਥਾ ਲੈ ਕੇ,
ਮੈਂ ਰੋਵਾ ਖੜੀ ਕਿਨਾਰੇ ॥
ਰਾਮਰਾਜ ਦਾ ਹਾਕਮ ਰੌਲਾ ਪਾਵੇ,
ਚੜਕੇ ਰੋਜ ਚੁਬਾਰੇ ॥
ਜਿਉਦੇ ਜੀਅ ਨਾ ਮਿਲਿਆ ਪਾਣੀ ,
ਕੀ ਚੱਟਣੇ ਗਿਰੀ ਚੁਹਾਰੇ ॥
ਪਰਜਾ ਮੋਈ ਤੋਂ ਹੱਸੇ ਸਹਿਨਸ਼ਾਹ ,
ਆ ਗਏ ਲੋਥਾ ਦੇ ਵਣਜਾਰੇ ॥
ਕਹਿੰਦੇ ਸੀ ਗੰਗਾ ਮਈਆ ਬਲਾਉਦੀ,
ਰਲਗੇ ਠੱਗ ਚੋਰ ਇਹ ਸਾਰੇ ॥
ਐਨੀ ਪਲੀਤ ਨਾਂ ਹੋਈ ਕਿਸੇ ਯੁੱਗ ,
ਜਿੰਨਾ ਤੂੰ ਕਰਤਾ ਸਰਕਾਰੇ ॥
ਕਲਮ ਰੋਈ ਜਜਬਾਤ ਵੀ ਰੋ ਪਏ ,
ਦੱਸੋ ਕੀ ਸੁਰਜੀਤ ਉਚਾਰੇ ॥

**ਸੁਰਜੀਤ ਫੁਲੇੜਾ 9815533945**

## ਸ਼ਾਇਰੀ

ਚੜੀ ਜਵਾਨੀ ਸੱਟ ਖਾਈ
ਆਲਮ ਪੜਿਆਂ ਪਰ ਮੱਤ ਨਾ ਆਈ
ਸੌਂਕ ਅਮੀਰਾਂ ਦੇ ਉਮਰਾਂ ਨਾਲ ਢਲ ਜਾਂਦੇ
ਕਿ ਬੱਚੇ ਗਰੀਬਾਂ ਦੇ ਗਲੀਆਂ ਵਿੱਚ ਹੀ ਪਲ ਜਾਂਦੇ....
ਚੜਦੀ ਸਵੇਰ ਵਾਹ ਪੈਂਦਾ
ਨਿੱਤ ਨਵੇਂ ਕਿਰਦਾਰਾਂ ਨਾਲ
ਇੰਝ ਲੱਗਦਾ ਜਿਵੇਂ ਹਾਦਸਿਆਂ ਨੇ
ਦੋਸਤੀ ਕਰ ਲਈ ਅਖਬਾਰਾਂ ਨਾਲ.....
ਓਪਰੀ ਦੁਨੀਆਂ ਦੇ ਢੰਗ ਓਪਰੇ
ਕਿਸੇ ਲਈ ਉੱਠਦੀ ਚੀਸ ਨਹੀਂ
ਭਾਵੇਂ ਕਹਿਣ ਨੂੰ ਸਾਰੇ ਆਪਣੇ ਨੇ
ਪਰ ਆਪਣਿਆਂ ਵਰਗੀ ਰੀਸ ਨਹੀਂ....
ਭੋਲੇ ਚਿਹਰੇ ਕਿਰਦਾਰਾਂ ਤੋਂ ਉੱਚੇ
ਰੂਹਾਂ ਦੇ ਪਵਿੱਤਰ ਨਜ਼ਰਾਂ ਤੋਂ ਸੁੱਚੇ
ਸਵੇਰ ਤੋਂ ਸ਼ਾਮ ਤਾਈਂ ਰਹਿੰਦੇ ਜੋ ਜੱਗਦੇ
ਖ਼ੂਬਸੂਰਤ ਦਿਲ ਜਿਨਾਂ ਦੇ ਸੋਹਣੇ ਉਹੀ ਲੱਗਦੇ....
ਰੰਗ ਰੂਪ ਰੱਬ ਨੇ ਦਿੱਤਾ ਬਥੇਰਾ
ਪਰ ਮਾੜੇ ਦੁਨੀਆਂ ਦੇ ਦਸਤੂਰ ਨੇ
ਪੈਰਾਂ ਦੀਆਂ ਘਸ ਗਈਆਂ ਤਲੀਆਂ
ਤਾਂ ਵੀ ਉਨਾਂ ਦੇ ਚਿਹਰੇ ਤੇ ਨੂਰ ਨੇ
ਪਹਾੜਾਂ ਜਿੱਡਾ ਦਿਲ ਭਾਵੇਂ
ਪਰ ਜੂਨ ਬੁਰੀ ਗਰੀਬਾਂ ਦੀ
ਕੋਈ ਖਾਕੇ ਸਿੱਟੇ ਕੋਈ ਸਿੱਟਿਆਂ ਖਾਂਦਾ
ਬਸ ਖੇਡ ਸਾਰੀ ਨਸੀਬਾਂ ਦੀ ।

**ਅਮਨ ਗਿੱਲ**
**ਪਿੰਡ ਰਾਣਵਾਂ ( ਮਾਲੇਰਕੋਟਲਾ )**
**ਮੋ. 828897212**

## ਪਾਣੀ ਦਾ ਤੂੰ ਹੈਂ ਬੁਲਬਲਾ

ਮਿੱਟੀ ਦਾ ਤੂੰ ਹੈਂ ਖਿਡੌਣਾ,
ਕੀ ਤੇਰੀ ਔਕਾਤ ਓ ਬੰਦਿਆ।
ਤਨ ਆਪਣੇ ਦਾ ਮਾਣ ਹੈਂ ਕਰਦਾ,
ਸਮਝੇਂ ਇਹਨੂੰ ਫ਼ੌਲਾਦ ਓ ਬੰਦਿਆ।
ਤੈਨੂੰ ਮੇਲਾ ਵੇਖਣ ਜਿਸ ਨੇ ਘੱਲਿਆ,
ਕਦੇ ਰਚਾਵੇਂ ਨਾਂ ਸੰਵਾਦ ਓ ਬੰਦਿਆ।
ਤੇਰੇ ਅੰਦਰੋਂ ਜੋ ਧੁਨਕਾਰਾਂ ਦਿੰਦਾ,
ਸੁਣੇਂ ਨਾ ਅਨਹਦ ਨਾਦ ਓ ਬੰਦਿਆ।
ਇਥੇ ਪਾਣੀ ਦਾ ਤੂੰ ਹੈਂ ਬੁਲਬਲਾ,
ਕੀ ਤੇਰੀ ਮੁਨਿਆਦ ਓ ਬੰਦਿਆ।
ਦੁਨੀਆਦਾਰੀ ਦੇ ਛੱਡ ਝੰਮੇਲੇ,
ਕਰ ਸਤਿਗੁਰ ਨੂੰ ਯਾਦ ਓ ਬੰਦਿਆ।
ਓਸੇ ਨੇ ਹੀ ਨੇੜਿਉਂ ਸੁਨਣੀ,
ਕੀਤੀ ਤੇਰੀ ਫਰਿਆਦ ਓ ਬੰਦਿਆ।
ਜਿਸ ਭਾੜੇ ਦਿੱਤੀ ਹੈ ਜ਼ਿੰਦਗਾਨੀ,
ਕਰ ਓਹਦਾ ਧੰਨਵਾਦ ਓ ਬੰਦਿਆ।
ਦੱਦਾਹੂਰੀਆ ਜੇ ਹਾਲੇ ਨਾ ਸਮਝਿਆ,
ਫਿਰ ਜ਼ਿੰਦਗੀ ਬਰਬਾਦ ਓ ਬੰਦਿਆ।

**ਜਸਵੀਰ ਸ਼ਰਮਾਂ ਦੱਦਾਹੂਰ**
**ਸ੍ਰੀ ਮੁਕਤਸਰ ਸਾਹਿਬ**
**95691-49556**

## ਸਭ ਕੁਝ ਹੈ ਮਿਲਿਆ

ਸਭ ਕੁਝ ਹੈ ਮਿਲਿਆ ਸਾਨੂੰ ਦਿਲ ਦੀ ਕਿਤਾਬ ਵਿੱਚੋਂ ,
ਕੀ ਖ਼ੌਰੇ ਲੋਕ ਭਾਲਣ ਭੈੜੀ ਸ਼ਰਾਬ ਵਿੱਚੋਂ ?
ਟਹਿਣੀ ਦੇ ਨਾਲ ਹੀ ਖੁਸ਼ਬੋ ਆਵੇ ਇਸ ਦੇ ਵਿੱਚੋਂ ,
ਟਹਿਣੀ ਬਿਨਾਂ ਨਾ ਆਵੇ ਖੁਸ਼ਬੋ ਗੁਲਾਬ ਵਿੱਚੋਂ ।
ਇਸ ਨੂੰ ਇਹ ਪੜ੍ਹਦੇ ਨਾ ਕੱਲੇ ਬੈਠ ਕੇ , ਲਾ ਕੇ ਦਿਲ ,
ਹੁੰਦੇ ਨੇ ਫੇਲ੍ਹ ਬੱਚੇ ਤਾਂ ਹੀ ਹਿਸਾਬ ਵਿੱਚੋਂ ।
ਜਦ ਉਸ ਤੋਂ ਪੁੱਛਿਆ ,“ ਉਹ ਕਿੱਦਾਂ ਅਮੀਰ ਬਣਿਆ ?”
ਹੰਕਾਰ ਦੀ ਬੋ ਆਈ ਉਸ ਦੇ ਜਵਾਬ ਵਿੱਚੋਂ ।
ਸੁੱਕੇ ਤਲਾਬ ਨੂੰ ਤੱਕ ਕੇ ਕਹਿਣ ਇਹ ਪਰਿੰਦੇ ,
“ ਸਾਨੂੰ ਮਿਲੇਗਾ ਪਾਣੀ ਕਿਹੜੇ ਤਲਾਬ ਵਿੱਚੋਂ ?”
ਸ਼ੈਤਾਨ ਨੇਤਾ ਨੂੰ ਵੇਖੋ ਯਾਰੋ , ਕਿਸ ਤਰ੍ਹਾਂ ਉਹ ,
ਉਹ ਆਪ ਜਨਤਾ ਵੇਖੀ ਜਾਵੇ ਨਕਾਬ ਵਿੱਚੋਂ ।
ਦਿਲ ਵਿੱਚੋਂ ਕੱਢ ਕੇ ਨਫਰਤ , ਸਭ ਨੂੰ ਸਮਾਨ ਸਮਝੋ ,
ਤਾਂ ਹੀ ਅਸੀਂ ਖ਼ੁਦਾ ਵੇਖਾਂਗੇ ‘ਜਨਾਬ’ ਵਿੱਚੋਂ ।

ਮਹਿੰਦਰ ਸਿੰਘ ਮਾਨ
ਨਵਾਂ ਸ਼ਹਿਰ (9915803554)

## ਕੁਦਰਤ ਦੇ ਰੰਗ

ਕੁਦਰਤ ਤੋਂ ਜਾਈਏ ਬਲਿਹਾਰ,
ਕਾਦਰ ਇਸ ਦਾ ਸਿਰਜਣਹਾਰ।
ਸੋਹਣਾ ਜਿਸ ਸੰਸਾਰ ਬਣਾਇਆ,
ਤਰਾਂ ਤਰਾਂ ਦੇ ਨਾਲ ਸਜਾਇਆ।
ਕਿਧਰੇ ਪਹਾੜ ਤੇ ਜੰਗਲ ਬੇਲੇ,
ਕਈ ਢੰਗਾਂ ਨਾਲ ਕੁਦਰਤ ਖੇਲੇ।
ਝਰਨੇ ਡਿੱਗਣ ਸ਼ੋਰ ਮਚਾਵਣ,
ਬਣ ਦਰਿਆ ਜੋ ਵਗਦੇ ਆਵਣ।
ਕਿਧਰੇ ਫੁੱਲ ਤੇ ਤਾਰੇ ਟਹਿਕਣ,
ਨਾਲ ਹਵਾਵਾਂ ਹੱਸਣ ਮਹਿਕਣ।
ਕਾਦਰ ਕੁਦਰਤ ਵਿੱਚ ਹੈ ਵੱਸਦਾ,
ਰੋਂਦਾ ਜਾਂ ਕੋਈ ਹੋਵੇ ਹੱਸਦਾ।
ਚੰਦ ਸੂਰਜ ਅਕਾਸ਼ ਚ@ ਤਾਰੇ,
ਕੁਦਰਤ ਦੇ ਗੁਣ ਗਾਉਂਦੇ ਸਾਰੇ।
ਉਸ ਦੇ ਰੰਗ ਚ ਦਿਸਦੇ ਰੰਗੇ,
ਤਾਹੀਂ ਸਭ ਨੂੰ ਲੱਗਦੇ ਚੰਗੇ।
ਮਨੁੱਖ ਸਦਾ ਵਿਰੋਧ ਹੈ ਕਰਦਾ,
ਉਸ ਦਾ ਫਿਰ ਹਰਜਾਨਾ ਭਰਦਾ।
ਇਹਨਾਂ ਨਾਲ ਜੇ ਕਰੀਏ ਪਿਆਰ,
ਪੱਤੋ, ਪਵੇ ਨਾ ਕੁਦਰਤ ਦੀ ਮਾਰ।

**ਹਰਪ੍ਰੀਤ ਪੱਤੋ ਪਿੰਡ ਪੱਤੋ ਹੀਰਾ ਸਿੰਘ ਮੋਗਾ**
**ਫੋਨ ਨੰਬਰ 94658-21417**

## ਵੱਖਰੀ ਪਛਾਣ

ਵੱਖਰੀ ਪਛਾਣ ਸਾਡੀ,
ਵਿੱਚ ਜੱਗ ਦੇ।
ਪਿਆਰ ਨਾਲ ਬੰਨ੍ਹੀ ਹੋਵੇ,
ਸੋਹਣੀ ਪੱਗ ਜੇ।
ਲੱਖਾਂ ਵਿਚੋਂ ਹੁੰਦੀ ਓਹਦੀ,
ਵੱਖਰੀ ਹੀ ਤੋਰ ਜੀ।
ਹਰ ਕੋਈ ਤੱਕੇ ਫਿਰ,
ਨਾਲ ਗ਼ੌਰ ਜੀ।
ਦੱਸਾਂ ਨੂੰਹਾਂ ਦੀ ਹੈ ਜੋ,
ਕਿਰਤ ਕਮਾਉਂਦਾ।
ਲੁੱਟ ਜਿਹੜਾ ਕਿਸੇ ਨੂੰ,
ਨਾ ਹੈ ਕਦੇ ਖਾਂਦਾ।
ਉਹੀ ਸੱਚਾ ਸਿੱਖ ਹੈ,
ਜੱਗ ਤੇ ਕਹਾਉਂਦਾ।
ਬੇਸ਼ੱਕ ਹਨ ਇੱਥੇ ਕਈ,
ਕਈ ਸਾਧ,ਕਈ ਚੋਰ ਜੀ।
ਲੱਖਾਂ ਵਿਚੋਂ ਹੁੰਦੀ ਓਹਦੀ,
ਵੱਖਰੀ ਹੀ ਤੋਰ ਜੀ।
ਹਰ ਕੋਈ ਤੱਕੇ ਫਿਰ,
ਨਾਲ ਗ਼ੌਰ ਜੀ।

**ਸਰਬਜੀਤ ਸੰਗਰੂਰਵੀ**
**ਪੁਰਾਣੀ ਅਨਾਜ ਮੰਡੀ, ਸੰਗਰੂਰ।**
9463162463

## ਕੋਈ ਬੰਦਾ ਗਰੀਬ ਨਾ ਹੋਵੇ

ਕੁਰਸੀ ਦੇ ਭੁਖਿਆਂ ਨੂੰ ਹੈ ,ਸਿਰਫ਼ ਤੇ ਸਿਰਫ਼ ਕੁਰਸੀ ਹੀ ਪਿਆਰੀ ।
ਕੀ ਇਹਨਾਂ ਨੇ ਹੈ ਲੈਣਾ ? ਭਾਵੇਂ ਮਰਦੀ ਤੇ ਮਰਜੇ ਦੁਨੀਆਂ ਸਾਰੀ ।
ਹੋਰ ਜੇ ਕੋਈ ਕਾਲ ਪੈ ਗਿਆ, ਚੁੱਕ ਟੱਬਰ ਨੂੰ ਬਾਹਰ ਲੈ ਗਿਆ ।
ਜੋ ਔਖੇ ਵੇਲੇ ਨਾਲ ਨਾ ਖੜਦੇ ,ਕਿਉਂ ਮੁੜਕੇ ਉਹ ਵਿੱਚ ਦੇਸ਼ ਦੇ ਵੜਦੇ ।
ਭੋਲਿਓ ਲੋਕੋਂ ਵਪਾਰੀ ਤੇ ਵਪਾਰੀ ਹੁੰਦੇ ,ਕੰਮ ਕੱਢਣ ਤੇ ਉਡਾਰੀ ਹੁੰਦੇ ।
ਆਪਣਾ ਤਨ ਤੇ ਹਰ ਕੋਈ ਧੋਵੇ ,ਪਰ ਇਨਸਾਨ ਤੇ ਇਨਸਾਨ ਨੂੰ ਰੋਵੇ ।
ਜਾਂ ਤੇ ਰੱਬਾ ਸਭ ਬਰਾਬਰ ਕਰਦੇ ,ਜਾਂ ਕੋਈ ਬੰਦਾ ਗਰੀਬ ਨਾ ਹੋਵੇ ।
ਛੱਡ ਜਖਵਾਲੀ ਸਭ ਚੱਲਦਾ ਰਹਿਣਾ ,ਬਣਦੈ ਬੜਾ ਸਿਆਣਾ ਤੈਨੂੰ ਲੋਕਾਂ ਕਹਿਣਾ ।

**ਗੁਰਪ੍ਰੀਤ ਸਿੰਘ ਜਖਵਾਲੀ**
**ਮੋਬਾਇਲ 98550 36444**

## ਨਸ਼ਿਆਂ ਦੀ ਮਾਰ

ਨਵੇਂ ਨਵੇਂ ਕਲਾਕਾਰ ਆਏ ਆ ਕੇ ਤੁਰ ਗਏ ,
ਨਸ਼ਿਆਂ ‘ਚ ਪੈ ਕੇ ਬਿਸਕੁਟਾਂ ਵਾਂਗੂ ਭੁਰ ਗਏ ,
ਬੈਠੇ ਰੋਂਦੇ ਨੇ , ਹਾਏ ਉਇ ਬੈਠੇ ਰੋਂਦੇ ਨੇ ,
ਬੈਠੇ ਰੋਂਦੇ ਨੇ ਮੱਥੇ ‘ਤੇ ਹੱਥ ਧਰ ਕੇ ।
ਜਿੰਨ੍ਹਾਂ ਨੂੰ ਹੱਥੀਂ ਛਾਵਾਂ ਹੁੰਦੀਆਂ ਸੀ ,
ਹੁਣ ਲੰਘ ਜਾਂਦੇ , ਬਈ ਹੁਣ ਲੰਘ ਜਾਂਦੇ ,
ਹੁਣ ਲੰਘ ਜਾਂਦੇ ਲੋਕੀਂ ਪਿੱਠ ਕਰ ਕੇ ।
ਜਿਹਨਾਂ ਦੀ ਕਦੇ ਤੂਤੀ ਬੋਲਦੀ ਸੀ ।

ਕਰਦੇ ਸੀ ਜਿਹੜੇ ਭਲਵਾਨੀ ਕਦੇ ਗੱਡ ਕੇ ।
ਨਸ਼ਿਆਂ ਨੇ ਰੱਖ ਦਿੱਤੀ ਜਿੰਦ ਜਾਨ ਕੱਢ ਕੇ ।
ਮੁੱਠੀ ਹੱਡੀਆਂ ਦੀ , ਹਾਏ ਉਇ ਮੁੱਠੀ ਹੱਡੀਆਂ ਦੀ ,
ਮੁੱਠੀ ਹੱਡੀਆਂ ਦੀ ਰੱਖ ਦਿੱਤੇ ਕਰ ਕੇ ।
ਜਿੰਨਾਂ ਨੂੰ ਹੱਥੀਂ ਛਾਵਾਂ ਹੁੰਦੀਆਂ ਸੀ ,
ਹੁਣ ਲੰਘ ਜਾਂਦੇ ਲੋਕੀ ਪਿੱਠ ਕਰ ਕੇ ।
ਜਿਹਨਾਂ ਦੀ ਕਦੇ ਤੂਤੀ ਬੋਲਦੀ ਸੀ ।

ਜਿਹਨਾਂ ਦੀ ਸਿਆਸਤ ‘ਚ ਹੁੰਦੀ ਸੀ ਚੜ੍ਹਾਈ ।
ਨਸ਼ਿਆਂ ਨੇ ਆਨ ਸ਼ਾਨ ਮਿੱਟੀ’ ਚ ਮਿਲਾਈ ।
ਚੇਲੇ ਚਾਟੜੇ , ਸਾਰੇ ਹੀ ਚੇਲੇ ਚਾਟੜੇ ,
ਚੇਲੇ ਬਾਲਕੇ ਵੀ ਹੌਲ਼ੀ ਹੌਲ਼ੀ ਸਰਕੇ ।
ਜਿੰਨਾਂ ਨੂੰ ਹੱਥੀਂ ਛਾਵਾਂ ਹੁੰਦੀਆਂ ਸੀ ,
ਹੁਣ ਲੰਘ ਜਾਂਦੇ ਲੋਕੀਂ ਪਿੱਠ ਕੇ ।
ਜਿਹਨਾਂ ਦੀ ਕਦੇ ਤੂਤੀ ਬੋਲਦੀ ਸੀ ।

ਪਿੰਡਾਂ ਵਿੱਚ ਜੀਹਤੋਂ ਲੋਕ ਲੈਂਦੇ ਸੀ ਸਲਾਹਾਂ ।
ਨਸ਼ਿਆਂ ਨੇ ਖੋਹੀਆਂ ਜੋ ਸੱਜੀਆਂ ਸੀ ਬਾਹਾਂ ।
ਬਾਜੀ ਅਣਖਾਂ ਦੀ , ਲੋਕੋ ਬਾਜੀ ਅਣਖਾਂ ਦੀ ,
ਬਾਜੀ ਅਣਖਾਂ ਦੀ ਬੈਠ ‘ਗੇ ਉਹ ਹਰਕੇ ।
ਜਿੰਨਾਂ ਨੂੰ ਹੱਥੀਂ ਛਾਵਾਂ ਹੁੰਦੀਆਂ ਸੀ ,
ਅੱਜ ਲੰਘ ਜਾਂਦੇ ਲੋਕੀ ਪਿੱਠ ਕਰ ਕੇ ।
ਜਿਹਨਾਂ ਦੀ ਕਦੇ ਤੂਤੀ ਬੋਲਦੀ ਸੀ ।

ਜਿਹਨਾਂ ਦੀ ਇਲਾਕੇ ਵਿੱਚ ਇੱਜਤ ਹੁੰਦੀ ਸੀ ।
ਟੀਸੀ ਦੇ ਬੇਰ ਨਾ ਮੁਹੱਬਤ ਹੁੰਦੀ ਸੀ ।
ਉਹ ਅੱਜ ਫਿਰਦੇ , ਯਾਰੋ ਉਹ ਅੱਜ ਫਿਰਦੇ ,
ਉਹ ਅੱਜ ਫਿਰਦੇ ਜਮੀਨ ਵਿੱਚ ਗਰਕੇ ।
ਜਿੰਨਾਂ ਨੂੰ ਹੱਥੀਂ ਛਾਵਾਂ ਹੁੰਦੀਆਂ ਸੀ ,
ਅੱਜ ਲੰਘਦੇ ਪਿਆਰੇ ਪਿੱਠ ਕਰ ਕੇ ।
ਜਿਹਨਾਂ ਦੀ ਕਦੇ ਚਰਚਾ ਹੁੰਦੀ ਸੀ ।

ਜੀਹਤੋਂ ਪਰਿਵਾਰ ਜਾਨ ਵਾਰਦਾ ਸੀ ਕਦੇ ।
ਓਹਤੋਂ ਬਿਨਾਂ ਪਲ ਵੀ ਨਾ ਸਾਰਦਾ ਸੀ ਕਦੇ ।
ਗੱਲ ਸੁਣਦਾ ਨਾ , ਉਹਦੀ ਗੱਲ ਸੁਣਦਾ ਨਾ ,
ਗੱਲ ਸੁਣਦਾ ਨਾਂ ਅੱਜ ਕੋਈ ਖੜ੍ਹਕੇ ।
ਜਿੰਨਾਂ ਨੂੰ ਹੱਥੀਂ ਛਾਵਾਂ ਹੁੰਦੀਆਂ ਸੀ ,
ਲੰਘ ਜਾਂਦੇ ਨੇ ਬੱਚੇ ਵੀ ਪਿੱਠ ਕਰ ਕੇ ।
ਜਿਹਨਾਂ ਨੂੰ ਬਾਪੂ ਬਾਪੂ ਆਖਦੇ ਸੀ ।

ਨਸ਼ਿਆਂ ਦੀ ਮਾਰ ਜਿਹੜੇ ਟੱਬਰਾਂ ‘ਤੇ ਪੈ ਗਈ ।
ਪਿੰਡ ਰੰਚਣਾਂ ‘ਚੋਂ ਚੁੱਕ ਸਿਵਿਆਂ ‘ਚ ਲੈ ਗਈ ।
ਘਰੇਂ ਔਰਤਾਂ , ਲੋਕੋ ਉਇ ਘਰ ‘ਚ ਔਰਤਾਂ ,
ਘਰ ‘ਚ ਔਰਤਾਂ ਰਹਿ ‘ਗੀਆਂ ਮਰ ਕੇ ।
ਜਿੰਨਾਂ ਨੂੰ ਹੱਥੀਂ ਛਾਵਾਂ ਹੁੰਦੀਆਂ ਸੀ ,
ਲੰਘ ਜਾਂਦੇ ਯਮਦੂਤ ਪਿੱਠ ਕਰ ਕੇ ।
ਜਿਹਨਾਂ ਦਾ ਕਦੇ ਨਾਂ ਚਲਦਾ ਸੀ ।

**ਮੂਲ ਚੰਦ ਸ਼ਰਮਾ ਪ੍ਰਧਾਨ ,**
**ਪੰਜਾਬੀ ਸਾਹਿਤ ਸਭਾ ਧੂਰੀ ਜਿਲ੍ਹਾ ਸੰਗਰੂਰ ।**
**ਪੰਜਾਬ 148024**

## ਰੇਤਲੀ ਜਮੀਨ

ਮਿੱਠੇ ਪਾਣੀਆ ਵੇ ਘੁੱਟ,
ਕਿਉਂ ਨਮਕੀਨ ਲੱਗਦੀ
ਜਰਖੇਜ ਮਿੱਟੀ,
ਕਿਉਂ ਰੇਤਲੀ ਜਮੀਨ ਲੱਗਦੀ
ਸ਼ਹਿਰ ਫੁੱਲਾ ਦੇ,
ਕਿਉਂ ਜ਼ਿੰਦਗੀ ਸੰਗੀਨ ਲੱਗਦੀ
ਜਮੀਰ ਮਹਿੰਗੀਆ ਪੁਸ਼ਾਕਾ ਦੀ,
ਕਿਉਂ ਮਸਕੀਨ ਲੱਗਦੀ
ਮੇਰੇ ਕੋਲ ਬੈਠੇ ਹੁਸਨ ਤੇਰਾ,
ਮੇਰਾ ਮਨਭਾਉਂਦਾ ਨਹੀਂ
ਆ ਖਿਆਲਾਂ ਚ,
ਕਿਉਂ ਹਕੀਕਤੋ ਹਸੀਨ ਲੱਗਦੀ

**ਸਤਵਿੰਦਰ ਸਿੰਘ ਭੁੱਲਰ**

## ਪਲੀਤ ਗੰਗਾ

ਕਹਿਰ ਖੁਦਾ ਦਾ ਆਹ ਕੀ ਹੋਇਆ,
ਗੰਗਾ ਪਈ ਪੁਕਾਰੇ ॥
ਅੱਧਛੜੀਆ ਆਹ ਲੋਥਾ ਲੈ ਕੇ,
ਮੈਂ ਰੋਵਾ ਖੜੀ ਕਿਨਾਰੇ ॥
ਰਾਮਰਾਜ ਦਾ ਹਾਕਮ ਰੌਲਾ ਪਾਵੇ,
ਚੜਕੇ ਰੋਜ ਚੁਬਾਰੇ ॥
ਜਿਉਦੇ ਜੀਅ ਨਾ ਮਿਲਿਆ ਪਾਣੀ ,
ਕੀ ਚੱਟਣੇ ਗਿਰੀ ਚੁਹਾਰੇ ॥
ਪਰਜਾ ਮੋਈ ਤੋਂ ਹੱਸੇ ਸਹਿਨਸ਼ਾਹ ,
ਆ ਗਏ ਲੋਥਾ ਦੇ ਵਣਜਾਰੇ ॥
ਕਹਿੰਦੇ ਸੀ ਗੰਗਾ ਮਈਆ ਬਲਾਉਦੀ,
ਰਲਗੇ ਠੱਗ ਚੋਰ ਇਹ ਸਾਰੇ ॥
ਐਨੀ ਪਲੀਤ ਨਾਂ ਹੋਈ ਕਿਸੇ ਯੁੱਗ ,
ਜਿੰਨਾ ਤੂੰ ਕਰਤਾ ਸਰਕਾਰੇ ॥
ਕਲਮ ਰੋਈ ਜਜਬਾਤ ਵੀ ਰੋ ਪਏ ,
ਦੱਸੋ ਕੀ ਸੁਰਜੀਤ ਉਚਾਰੇ ॥
**ਸੁਰਜੀਤ ਫੁਲੇੜਾ**
**9815533945**

## ਇਹ ਦਿਨ ਵੀ ਰਹਿਣੇ ਯਾਦ

ਦਿਨ ਹਾਲੇ ਚੰਗੇ ਨਈਂ, ਤੂੰ ਜਿਗਰਾ ਤਕੜਾ ਕਰ,
ਠੇਡੇ ਤਾਂ ਵੱਜਣਗੇ ,ਅਜੇ ਦਿਨ ਮਾੜੇ ਨੇ।
ਭੁੱਲ ਜਾਣੇ ਇਹ ਦਿਨ ਪਰ , ਲੋਕ ਨਾ ਭੁੱਲਣਗੇ,
ਜਿੰਨਾਂ ਉੱਗਣੋਂ ਪਹਿਲਾਂ ਹੀ, ਖੁਆਬ ਉਜਾੜੇ ਨੇ।
ਲਗਦਾ ਏ ਦੁਨੀਆਂ ਨੂੰ, ਅਸੀਂ ਨਹੀਂ ਪੁੰਗਰਨਾ,
ਫੁੱਟ ਤਾਂ ਓਹ ਵੀ ਪੈਂਦੇ, ਜੋ ਲੋਆਂ ਸਾੜੇ ਨੇ।
ਮਾੜੇ ਭਾਗਾਂ ਦੇ ਨਾਲ ,ਹਾਲੇ ਲੜਦੇ ਹਾਂ,
ਪਾਏ ਜਿੰਦਗੀ ਨੇ ਕੁਝ , ਅਜਬ ਪਵਾੜੇ ਨੇ।
ਸਮਝ ਲੈਣ ,ਜੋ ਦੁਸਮਣ ਬਣ ਬਣ ਖੜਦੇ ਨੇ,
ਅਸੀਂ ਚੰਮ ਦੇ ਕਈ ਲਿਫਾਫੇ,ਸੱਜਣਾਂ ਪਾੜੇ ਨੇ।
ਅੱਖਾਂ ਵਿੱਚ ਪਾ ਅੱਖਾਂ, ਇਕ ਦਿਨ ਦੱਸਾਂਗੇ,
ਵਰਤਕੇ ਜਿੰਨ੍ਹਾਂ, ਪੈਰਾਂ ਹੇਠ ਲਤਾੜੇ ਨੇ।
‘ਰਾਜਨ’ ਜੇਹੜੇ ਨੀਂਦ ਕਿਸੇ ਦੀ ,ਖੋਂਹਦੇ ਨੇ,
ਖੁਦ ਵੀ ਨਾ ਸੌਂ ਸਕਦੇ,ਮਾਰ ਘੁਰਾੜੇ ਨੇ।

**ਰਾਜਨਦੀਪ ਕੌਰ ਮਾਨ**
6239326166

## ਇਹ ਦਿਨ ਵੀ ਰਹਿਣੇ ਯਾਦ

ਦਿਨ ਹਾਲੇ ਚੰਗੇ ਨਈਂ, ਤੂੰ ਜਿਗਰਾ ਤਕੜਾ ਕਰ,
ਠੇਡੇ ਤਾਂ ਵੱਜਣਗੇ ,ਅਜੇ ਦਿਨ ਮਾੜੇ ਨੇ।
ਭੁੱਲ ਜਾਣੇ ਇਹ ਦਿਨ ਪਰ , ਲੋਕ ਨਾ ਭੁੱਲਣਗੇ,
ਜਿੰਨਾਂ ਉੱਗਣੋਂ ਪਹਿਲਾਂ ਹੀ, ਖੁਆਬ ਉਜਾੜੇ ਨੇ।
ਲਗਦਾ ਏ ਦੁਨੀਆਂ ਨੂੰ, ਅਸੀਂ ਨਹੀਂ ਪੁੰਗਰਨਾ,
ਫੁੱਟ ਤਾਂ ਓਹ ਵੀ ਪੈਂਦੇ, ਜੋ ਲੋਆਂ ਸਾੜੇ ਨੇ।
ਮਾੜੇ ਭਾਗਾਂ ਦੇ ਨਾਲ ,ਹਾਲੇ ਲੜਦੇ ਹਾਂ,
ਪਾਏ ਜਿੰਦਗੀ ਨੇ ਕੁਝ , ਅਜਬ ਪਵਾੜੇ ਨੇ।
ਸਮਝ ਲੈਣ ,ਜੋ ਦੁਸਮਣ ਬਣ ਬਣ ਖੜਦੇ ਨੇ,
ਅਸੀਂ ਚੰਮ ਦੇ ਕਈ ਲਿਫਾਫੇ,ਸੱਜਣਾਂ ਪਾੜੇ ਨੇ।
ਅੱਖਾਂ ਵਿੱਚ ਪਾ ਅੱਖਾਂ, ਇਕ ਦਿਨ ਦੱਸਾਂਗੇ,
ਵਰਤਕੇ ਜਿੰਨ੍ਹਾਂ, ਪੈਰਾਂ ਹੇਠ ਲਤਾੜੇ ਨੇ।
‘ਰਾਜਨ’ ਜੇਹੜੇ ਨੀਂਦ ਕਿਸੇ ਦੀ ,ਖੋਂਹਦੇ ਨੇ,
ਖੁਦ ਵੀ ਨਾ ਸੌਂ ਸਕਦੇ,ਮਾਰ ਘੁਰਾੜੇ ਨੇ।
**ਰਾਜਨਦੀਪ ਕੌਰ ਮਾਨ**
6239326166

# Preetnama

Khara Sach

ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREET NEWS.COM

Cheif Editor
Pritpal Kaur
+1 201-312-4180

Vol 4, Issue 228

Website: www.preetnama.com Email preetnamausa@gmail.com

01 DEC TO 07 DEC, 2023